ਸ਼ਨੀਵਾਰ, 26 ਅਗਸਤ, 2023
10 ਭਾਦੋਂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 85

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

DAILY NAWAN ZAMANA • SATURDAY, 26 AUGUST, 2023 ਜਲੰਧਰ
nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਮਨੀਪੁਰ ਹਿੰਸਾ : ਮਾਮਲਿਆਂ ਦਾ ਟ੍ਰਾਇਲ ਗੁਹਾਟੀ ਹਾਈਕੋਰਟ 'ਚ ਹੋਵੇਗਾ : ਸੁਪਰੀਮ ਕੋਰਟ



**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਮਣੀਪੁਰ ਹਿੰਸਾ ਨਾਲ ਜੁੜੇ ਮਾਮਲਿਆਂ ਨੂੰ ਗੁਆਂਢੀ ਸੂਬਾ ਅਸਾਮ 'ਚ ਟਰਾਂਸਫਰ ਕਰਨ ਦਾ ਆਦੇਸ਼ ਦਿੱਤਾ। ਇਸ ਲਈ ਕੋਰਟ ਨੇ ਗੁਹਾਟੀ ਹਾਈਕੋਰਟ ਦੀ ਚੀਫ਼ ਜਸਟਿਸ ਨੂੰ ਨਿਰਦੇਸ਼ ਜਾਰੀ ਕੀਤੇ ਹਨ। ਬੈਂਚ ਨੇ ਕਿਹਾ, ਮਣੀਪੁਰ ਹਿੰਸਾ ਨਾਲ ਜੁੜੇ ਜਿਹੜੇ ਮਾਮਲਿਆਂ ਦੀ ਜਾਂਚ ਸੀ ਬੀ ਆਈ ਕਰ ਰਹੀ ਹੈ, ਉਨ੍ਹਾ ਦੇ ਟਰਾਇਲ ਲਈ ਇੱਕ ਜਾਂ ਇੱਕ ਤੋਂ ਵੱਧ ਸਪੈਸ਼ਲ ਜੱਜਾਂ ਨੂੰ ਨਿਯੁਕਤ ਕਰੇ। ਕੋਰਟ ਨੇ ਇਹ ਵੀ ਕਿਹਾ ਕਿ ਸੁਰੱਖਿਆ ਨੂੰ ਦੇਖਦੇ ਹੋਏ ਮੁਲਜ਼ਮਾਂ ਦੀ ਪੇਸ਼ੀ, ਰਿਮਾਂਡ ਆਨਲਾਇਨ ਹੋਵੇਗੀ। ਇਸ ਤੋਂ ਇਲਾਵਾ 164 ਦੇ ਤਹਿਤ ਗਵਾਹਾਂ ਅਤੇ ਪੀੜਤਾਂ ਦੇ ਬਿਆਨ ਵੀ ਲੋਕਲ ਮੈਜਿਸਟ੍ਰੇਟ ਦੇ ਸਾਹਮਣੇ ਮਣੀਪੁਰ 'ਚ ਦਰਜ ਹੋਣਗੇ। ਨਾਲ ਹੀ ਮੁਲਜ਼ਮਾਂ ਦੀ ਨਿਆਂਇਕ ਹਿਰਾਸਤ ਵੀ ਮਣੀਪੁਰ 'ਚ ਦਿੱਤੀ ਜਾਵੇਗੀ। ਕੋਰਟ ਨੇ ਮਣੀਪੁਰ ਸਰਕਾਰ ਨੂੰ ਨਿਰਦੇਸ਼ ਦਿੱਤਾ ਕਿ ਸੀ ਬੀ ਆਈ ਮਾਮਲੇ ਦੀ ਸੁਣਵਾਈ ਨੂੰ ਸੁਵਿਧਾਜਨਕ ਬਣਾਉਣ ਲਈ ਇੰਟਰਨੈੱਟ ਸਰਵਿਸ ਸ਼ੁਰੂ ਕਰੇ। ਜੇਕਰ ਪੀੜਤ, ਗਵਾਹ ਅਤੇ ਮੁਲਜ਼ਮ ਕੋਰਟ 'ਚ ਆਨਲਾਈਨ ਮੌਜੂਦ ਨਹੀਂ ਹੋਣਾ ਚਾਹੁੰਦੇ ਤਾਂ ਉਨ੍ਹਾ ਨੂੰ ਕੋਰਟ 'ਚ ਫਿਜੀਕਲ ਮੌਜੂਦ ਹੋਣ ਦੀ ਇਜਾਜ਼ਤ ਹੈ। ਸੀ ਜੇ ਆਈ ਚੰਦਰਚੂੜ, ਜਸਟਿਸ ਜੇ ਬੀ ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਦੀ ਬੈਂਚ ਨੇ ਵਕੀਲ ਜਨਰਲ ਤੁਸ਼ਾਰ ਮਹਿਤਾ ਦੇ ਸੁਝਾਵਾਂ ਨੂੰ ਮੰਨਦੇ ਹੋਏ ਇਹ ਆਦੇਸ਼ ਜਾਰੀ ਕੀਤੇ। ਹਿੰਸਾ ਦੇ 20 ਮਾਮਲਿਆਂ ਦੀ ਜਾਂਚ ਸੀ ਬੀ ਆਈ ਦੇ 53 ਅਫਸਰ ਕਰ ਰਹੇ ਹਨ। ਇਨ੍ਹਾਂ 'ਚੋਂ 29 ਔਰਤਾਂ ਸ਼ਾਮਲ ਹਨ। ਇਨ੍ਹਾਂ ਅਫਸਰਾਂ ਨੂੰ ਦੇਸ਼ ਭਰ ਦੇ ਸੀ ਬੀ ਆਈ ਦਫ਼ਤਰ 'ਚ ਇਕੱਠਾ ਕੀਤਾ ਗਿਆ ਹੈ। ਪੀੜਤਾਂ ਦੇ ਵਕੀਲ ਗੋਂਸਾਲਵੇਸ, ਚੰਦਰ ਉਦੈ ਸਿੰਘ, ਇੰਦਰਾ ਜੈਸਿੰਘ ਅਤੇ ਵਰੰਦਾ ਗ੍ਰੋਵਰ ਨੇ ਮਾਮਲੇ ਨੂੰ ਅਸਾਮ ਟਰਾਂਸਫਰ ਕਰਨ ਦੇ ਪ੍ਰਸਤਾਵ 'ਤੇ ਇਤਰਾਜ਼ ਪ੍ਰਗਟਾਇਆ। ਗੋਂਸਾਲਵੇਸ ਨੇ ਕਿਹਾ ਕਿ ਮੁਕੱਦਮੇ ਉਨ੍ਹਾ ਜਗ੍ਹਾ 'ਤੇ ਹੋਣੇ ਚਾਹੀਦੇ, ਜਿੱਥੇ ਅਪਰਾਧ ਹੋਏ ਸਨ। ਪੀੜਤਾਵਾਂ ਨੂੰ ਅਸਾਮ ਜਾਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਸੂਬੇ 'ਚ ਕੁੱਕੀ ਅਤੇ ਮੈਤੇਈ ਭਾਈਚਾਰੇ ਵਿਚਾਲੇ 3 ਮਈ ਤੋਂ ਜਾਰੀ ਹਿੰਸਾ 'ਚ 160 ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ।

## ਪੰਜਾਬ 'ਵਰਸਿਟੀ, ਚੰਡੀਗੜ੍ਹ 'ਚ ਹੋਸਟਲਾਂ ਦੇ ਨਿਰਮਾਣ ਲਈ 48.91 ਕਰੋੜ ਰੁਪਏ ਜਾਰੀ

**ਚੰਡੀਗੜ੍ਹ (ਗੁਰਜੀਤ ਬਿੱਲਾ)**



ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 'ਚ ਵਿਦਿਆਰਥੀਆਂ ਦੀ ਵੱਡੀ ਮੰਗ ਨੂੰ ਪੂਰਾ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁੱਕਰਵਾਰ ਯੂਨੀਵਰਸਿਟੀ ਵਿੱਚ ਲੜਕਿਆਂ ਅਤੇ ਲੜਕੀਆਂ ਦੇ ਹੋਸਟਲਾਂ ਦੇ ਨਿਰਮਾਣ ਲਈ 48.91 ਕਰੋੜ ਰੁਪਏ ਜਾਰੀ ਕਰ ਦਿੱਤੇ ਹਨ, ਜਿਸ ਨਾਲ ਵਿਦਿਆਰਥੀਆਂ ਨੂੰ ਕੈਂਪਸ 'ਚ ਰਹਿਣ-ਸਹਿਣ ਦੀ ਵੱਡੀ ਸਹੂਲਤ ਹਾਸਲ ਹੋਵੇਗੀ। ਇਸ ਬਾਰੇ ਵਿਸਥਾਰ 'ਚ ਦੱਸਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਲੜਕਿਆਂ ਦੇ ਹੋਸਟਲ ਲਈ 25.91 ਕਰੋੜ ਰੁਪਏ, ਜਦਕਿ ਲੜਕੀਆਂ ਦੇ ਹੋਸਟਲ ਲਈ 23 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਹੋਸਟਲਾਂ ਦਾ ਨਿਰਮਾਣ ਹੋਣ ਨਾਲ ਵਿਦਿਆਰਥੀਆਂ ਨੂੰ ਬਹੁਤ ਵੱਡੀ ਸਹੂਲਤ ਮਿਲੇਗੀ ਕਿਉਂ ਜੋ ਯੂਨੀਵਰਸਿਟੀ 'ਚ ਪੜ੍ਹਦੇ ਵਿਦਿਆਰਥੀਆਂ ਨੂੰ ਹੋਸਟਲ ਦੀ ਕਮੀ ਕਾਰਨ ਆਪਣੇ ਲਈ ਪੇਇੰਗ ਗੈਸਟ ਜਾਂ ਰਹਿਣ ਲਈ ਕੋਈ ਹੋਰ ਥਾਂ ਲੱਭਣ ਦੀ ਚਿੰਤਾ ਸਤਾਉਂਦੀ ਰਹਿੰਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਮੱਦੇਨਜ਼ਰ ਰੱਖਦਿਆਂ ਇਨ੍ਹਾਂ ਹੋਸਟਲਾਂ ਦੀ ਉਸਾਰੀ ਆਧੁਨਿਕ ਲੀਹਾਂ 'ਤੇ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਹੋਸਟਲਾਂ ਦੇ ਬਣਨ ਨਾਲ ਵਿਦਿਆਰਥੀ ਆਪਣੀ ਪੜ੍ਹਾਈ ਉਤੇ ਹੋਰ ਵਧੇਰੇ ਧਿਆਨ ਦੇ ਸਕਣਗੇ ਅਤੇ ਉਨ੍ਹਾਂ ਨੂੰ ਕੈਂਪਸ 'ਚ ਹੀ ਰਿਹਾਇਸ਼ ਦੀ ਸਹੂਲਤ ਮਿਲਣ ਨਾਲ ਕਿਤੇ ਹੋਰ ਖੱਜਲ-ਖੁਆਰ ਨਹੀਂ ਹੋਣਾ ਪਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਇਸ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਹਿੱਤਾਂ ਦੀ ਰਾਖੀ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ।

ਮੁੱਖ ਮੰਤਰੀ ਨੇ ਉਮੀਦ ਜ਼ਾਹਰ ਕਰਦਿਆਂ ਕਿਹਾ, 'ਇਨ੍ਹਾਂ ਹੋਸਟਲਾਂ ਦਾ ਨਿਰਮਾਣ ਮੁਕੰਮਲ ਹੋਣ ਮਗਰੋਂ ਇਹ ਹੋਸਟਲ ਵਿਦਿਆਰਥੀਆਂ ਨੂੰ ਆਪਣੇ ਅਕਾਦਮਿਕ ਸਾਲਾਂ ਦੌਰਾਨ ਘਰ ਵਰਗੀ ਠਹਿਰ ਦੇਣਗੇ। ਵਿਦਿਆਰਥੀਆਂ ਦੀ ਆਪਣੇ ਹੋਸਟਲ ਵਾਲੇ ਕਮਰਿਆਂ ਨਾਲ ਖ਼ਾਸ ਭਾਵੁਕ ਸਾਂਝ ਹੁੰਦੀ ਹੈ। ਇਹ ਹੋਸਟਲ ਸਿਰਫ਼ ਚਾਰ ਕੰਧਾਂ ਵਾਲੇ ਕਮਰੇ ਹੀ ਨਹੀਂ ਹੋਣਗੇ, ਸਗੋਂ ਇਹ ਸਿੱਖਿਆ ਪ੍ਰਾਪਤ ਕਰਨ ਲਈ ਅਨੁਕੂਲ ਮਾਹੌਲ ਵੀ ਮੁਹੱਈਆ ਕਰਨਗੇ।'

ਮੁੱਖ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਨੇ ਲੰਘੀ 25 ਜੁਲਾਈ ਨੂੰ ਖ਼ੁਦ ਪੰਜਾਬ ਯੂਨੀਵਰਸਿਟੀ ਕੈਂਪਸ ਦਾ ਦੌਰਾ ਕਰਕੇ ਯੂਨੀਵਰਸਿਟੀ ਦੇ ਪ੍ਰਬੰਧਕਾਂ ਅਤੇ ਵਿਦਿਆਰਥੀਆਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਪੁੱਛਿਆ ਸੀ ਜਿਸ ਦੌਰਾਨ ਲੜਕੇ ਤੇ ਲੜਕੀਆਂ ਲਈ ਹੋਸਟਲ ਬਣਾਉਣ ਦੀ ਅਪੀਲ ਕੀਤੀ ਗਈ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਉਸ ਮੌਕੇ ਹੀ ਹੋਸਟਲ ਦੇ ਨਿਰਮਾਣ ਦੀ ਪ੍ਰਵਾਨਗੀ ਦਿੰਦੇ ਹੋਏ ਇਸ ਦਾ ਕੰਮ ਛੇਤੀ ਸ਼ੁਰੂ ਕਰਨ ਦਾ ਵਾਅਦਾ ਕੀਤਾ ਸੀ, ਜਿਸ ਲਈ ਅੱਜ ਰਾਸ਼ੀ ਜਾਰੀ ਕਰ ਦਿੱਤੀ ਗਈ ਹੈ। ਪੰਜਾਬ ਯੂਨੀਵਰਸਿਟੀ ਨੂੰ ਸੂਬੇ ਦੀ ਸ਼ਾਨਾਮੱਤੀ ਵਿਰਾਸਤ ਦਾ ਹਿੱਸਾ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਮਾਣਮੱਤੀ ਸੰਸਥਾ ਨੇ ਅਹਿਮ ਹਸਤੀਆਂ ਪੈਦਾ ਕੀਤੀਆਂ ਹਨ, ਜਿਨ੍ਹਾਂ ਨੇ ਵੱਖ-ਵੱਖ ਖ਼ੇਤਰਾਂ 'ਚ ਆਪਣੀ ਅਮਿੱਟ ਛਾਪ ਛੱਡੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਯੂਨੀਵਰਸਿਟੀ ਦੇ ਸਮੁੱਚੇ ਵਿਕਾਸ ਲਈ ਪੰਜਾਬ ਸਰਕਾਰ ਵਚਨਬੱਧ ਹੈ ਕਿਉਂਕਿ ਸੂਬੇ ਦੇ 175 ਕਾਲਜ ਇਸ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਸਿੱਖਿਆ ਖ਼ੇਤਰ ਨੂੰ ਵਿਸ਼ੇਸ਼ ਤਵੱਜੋ ਦੇ ਰਹੀ ਹੈ, ਚਾਹੇ ਉਹ ਸਕੂਲ ਤੇ ਕਾਲਜ ਪੱਧਰ ਦੀ ਸਿੱਖਿਆ ਹੋਵੇ ਜਾਂ ਯੂਨੀਵਰਸਿਟੀ ਪੱਧਰ ਦੀ ਸਿੱਖਿਆ ਹੋਵੇ।

## ਨਾਨੇ ਨੇ 8 ਸਾਲ ਦੇ ਦੋਹਤੇ ਨੂੰ ਨਹਿਰ 'ਚ ਧੱਕਾ ਦੇ ਕੇ ਮਾਰਿਆ



**ਅੰਮ੍ਰਿਤਸਰ** : ਅੰਮ੍ਰਿਤਸਰ ਦੇ ਪਿੰਡ ਬੱਲ ਸਚੰਦਰ ਦੇ ਵਸਨੀਕ 8 ਸਾਲ ਦੇ ਬੱਚੇ ਗੁਰਅੰਸਪ੍ਰੀਤ ਸਿੰਘ ਪੁੱਤਰ ਸੁਖਦੇਵ ਸਿੰਘ ਨੂੰ ਉਸ ਦੇ ਹੀ ਸਕੇ ਨਾਨੇ ਅਮਰਜੀਤ ਸਿੰਘ ਮੀਰਾਂਕੋਟ ਵੱਲੋਂ ਜਗਦੇਵ ਕਲਾਂ ਦੇ ਨੇੜੇ ਨਹਿਰ 'ਚ ਧੱਕਾ ਦੇ ਕੇ ਮਾਰ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਮ੍ਰਿਤਕ ਬੱਚੇ ਗੁਰਅੰਸਪ੍ਰੀਤ ਸਿੰਘ ਦੇ ਮਾਤਾ-ਪਿਤਾ ਦਾ ਘਰੇਲੂ ਝਗੜਾ ਚੱਲ ਰਿਹਾ ਸੀ, ਜਿਸ ਕਾਰਨ ਬੱਚੇ ਦੀ ਮਾਂ ਕੁਝ ਮਹੀਨਿਆਂ ਤੋਂ ਬੱਚੇ ਨੂੰ ਨਾਲ ਲੈ ਕੇ ਆਪਣੇ ਪੇਕੇ ਘਰ ਮੀਰਾਂਕੋਟ ਰਹਿ ਰਹੀ ਸੀ। ਅਦਾਲਤ ਵੱਲੋਂ ਸਮਝੌਤਾ ਕਰਵਾਉਣ ਉਪਰੰਤ ਇਨ੍ਹਾਂ ਦੋਵਾਂ ਜੀਆਂ 'ਚ ਸਹਿਮਤੀ ਹੋ ਗਈ ਸੀ, ਜੋ ਅਮਰਜੀਤ ਸਿੰਘ (ਬੱਚੇ ਦੇ ਨਾਨੇ) ਨੂੰ ਕਬੂਲ ਨਹੀਂ ਸੀ। ਇਸ ਰੰਜਿਸ਼ ਤਹਿਤ ਨਾਨੇ ਨੇ ਆਪਣੇ ਦੋਹਤੇ ਗੁਰਅੰਸਪ੍ਰੀਤ ਸਿੰਘ ਨੂੰ ਮੋਟਰਸਾਈਕਲ 'ਤੇ ਬਿਠਾ ਕੇ ਜਗਦੇਵ ਕਲਾਂ ਨਹਿਰ 'ਚ ਧੱਕਾ ਦੇ ਕੇ ਮੌਤ ਦੇ ਘਾਟ ਉਤਾਰ ਦਿੱਤਾ। ਅਮਰਜੀਤ ਸਿੰਘ ਨੇ ਬੱਚੇ ਨੂੰ ਨਹਿਰ 'ਚ ਧੱਕਾ ਦੇਣ ਤੋਂ ਬਾਅਦ ਖ਼ੁਦ ਹੀ ਪੁਲਸ ਨੂੰ ਇਹ ਕਹਿ ਦਿੱਤਾ ਕਿ ਉਹ ਨਹਿਰ ਨੇੜੇ ਬਾਥਰੂਮ ਕਰਨ ਲਈ ਸਾਈਡ 'ਤੇ ਸੀ ਤਾਂ ਬੱਚਾ ਗਾਇਬ ਹੋ ਗਿਆ। ਸ਼ੱਕ ਪੈਣ 'ਤੇ ਸਖ਼ਤੀ ਨਾਲ ਪੜਤਾਲ ਕਰਨ 'ਤੇ ਬੱਚੇ ਦੇ ਨਾਨੇ ਅਮਰਜੀਤ ਸਿੰਘ ਮੀਰਾਂਕੋਟ ਵੱਲੋਂ ਆਪਣਾ ਜੁਰਮ ਕਬੂਲ ਕਰ ਲਿਆ ਗਿਆ। ਇਸ ਸੰਬੰਧੀ ਪੁਲਸ ਵੱਲੋਂ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਕੇ ਜਾਂਚ ਕੀਤੀ ਜਾ ਰਹੀ ਹੈ।

## ਭਾਜਪਾ ਦਾ ਜਲਦ ਹੀ ਦੇਸ਼ 'ਚ ਸਫਾਇਆ ਹੋ ਜਾਵੇਗਾ : ਰਾਹੁਲ

**ਸ੍ਰੀਨਗਰ** : ਲੱਦਾਖ ਦੇ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾ ਦੀ ਆਵਾਜ਼ ਦਬਾਈ ਜਾ ਰਹੀ ਹੈ, ਰੁਜ਼ਗਾਰ ਦੇ ਜੋ ਵਾਅਦੇ ਕੀਤੇ ਗਏ ਸਨ, ਉਹ ਝੂਠੇ ਸਾਬਿਤ ਹੋਏ ਹਨ। ਲੱਦਾਖ ਚਾਹੇ ਕੇਂਦਰ ਸ਼ਾਸ਼ਤ ਪ੍ਰਦੇਸ਼ ਬਣ ਗਿਆ ਹੈ, ਪਰ ਅੱਜ ਵੀ ਇੱਥੇ ਬਹੁਤ ਸਾਰੀਆਂ ਕਮੀਆਂ ਹਨ। ਅੱਜ ਸਥਿਤੀ ਇਹ ਹੈ ਕਿ ਲੱਦਾਖ ਬੇਰੁਜ਼ਗਾਰੀ ਦਾ ਕੇਂਦਰ ਬਣ ਗਿਆ ਹੈ। ਇੱਥੇ ਫੋਨ ਦੀ ਕਨੈਕਟੀਵਿਟੀ ਵੀ ਚੰਗੀ ਨਹੀਂ ਹੈ। ਕਾਂਗਰਸ ਸਾਂਸਦ ਰਾਹੁਲ ਗਾਂਧੀ ਨੇ ਉਕਤ ਗੱਲਾਂ ਸ਼ੁੱਕਰਵਾਰ ਲੱਦਾਖ ਦੌਰੇ ਦੌਰਾਨ ਕਾਰਗਿਲ 'ਚ ਇੱਕ ਜਨਤਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਹੀਆਂ। ਰਾਹੁਲ ਗਾਂਧੀ ਨੇ ਕਿਹਾ ਕਿ ਲੱਦਾਖ ਦੌਰੇ ਦੌਰਾਨ ਇੱਥੇ ਰਹਿਣ ਵਾਲੇ ਲੋਕਾਂ ਨੇ ਉਨ੍ਹਾ ਨਾਲ ਗੱਲਬਾਤ ਕੀਤੀ ਹੈ। ਰਾਹੁਲ ਨੇ ਕਿਹਾ ਕਿ ਲੱਦਾਖ ਦੇ ਲੋਕ ਹਮੇਸ਼ਾ ਦੇਸ਼ ਲਈ ਕੁਰਬਾਨੀ ਦੇਣ ਲਈ ਤਿਆਰ ਰਹੇ ਹਨ ਅਤੇ ਇਸ ਗੱਲ ਦੀ ਕਦਰ ਕਾਂਗਰਸ ਪਾਰਟੀ ਕਰਦੀ ਹੈ। ਰਾਹੁਲ ਨੇ ਕਿਹਾ ਕਿ ਮੈਂ ਲੱਦਾਖ ਦੌਰੇ ਦੌਰਾਨ ਦੇਖਿਆ ਕਿ ਚੀਨ ਨੇ ਭਾਰਤ ਦੀ ਜ਼ਮੀਨ 'ਤੇ ਕਬਜ਼ਾ ਕੀਤਾ, ਪਰ ਪ੍ਰਧਾਨ ਮੰਤਰੀ ਮੋਦੀ ਇਹ ਕਹਿੰਦੇ ਹਨ ਕਿ ਚੀਨ ਨੇ ਭਾਰਤ ਦੀ ਇੱਕ ਇੰਚ ਵੀ ਜ਼ਮੀਨ ਨਹੀਂ ਲਈ। ਉਨ੍ਹਾ ਕਿਹਾ ਕਿ ਭਾਜਪਾ ਦਾ ਡਾਊਨਫਾਲ ਸ਼ੁਰੂ ਹੋ ਚੁੱਕਾ ਹੈ, ਛੇਤੀ ਹੀ ਭਾਜਪਾ ਦਾ ਦੇਸ਼ 'ਚ ਸਫਾਇਆ ਹੋ ਜਾਵੇਗਾ। ਉਨ੍ਹਾ ਕਿਹਾ, ਮੈਂ ਲੱਦਾਖ ਦੇ ਕੋਨੇ-ਕੋਨੇ 'ਚ ਗਿਆ। ਗਰੀਬਾਂ, ਮਾਤਾਵਾਂ, ਭੈਣਾਂ ਅਤੇ ਨੌਜਵਾਨਾਂ ਨਾਲ ਗੱਲਬਾਤ ਕੀਤੀ। ਤੁਹਾਡੇ ਦਿਲ ਦੀ ਗੱਲ ਸਮਝਣ ਦੀ ਕੋਸ਼ਿਸ਼ ਕੀਤੀ। ਦੂਜੇ ਨੇਤਾ 'ਮਨ ਕੀ ਬਾਤ' ਕਰਦੇ ਹਨ। ਮੈਂ ਸੋਚਿਆ ਕਿ ਤੁਹਾਡੇ 'ਮਨ ਕੀ ਬਾਤ' ਸੁਣਾ।

## ਸਮਾਰਟ ਸਿਟੀ ਮਿਸ਼ਨ ਤਹਿਤ ਸ਼ਹਿਰੀ ਇਲਾਕਿਆਂ 'ਚ ਵਿਕਾਸ ਪ੍ਰਾਜੈਕਟ ਸ਼ੁਰੂ ਹੋਣਗੇ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਸੂਬੇ ਦੇ ਬੁਨਿਆਦੀ ਢਾਂਚੇ 'ਚ ਨਿਵੇਸ਼ ਨੂੰ ਤੇਜ਼ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਮਾਰਟ ਸਿਟੀ ਮਿਸ਼ਨ ਤਹਿਤ ਪੰਜਾਬ ਦੇ ਸ਼ਹਿਰਾਂ ਤੇ ਕਸਬਿਆਂ 'ਚ ਵੱਡੇ ਪ੍ਰਾਜੈਕਟ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਤਾਂ ਕਿ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਇਆ ਜਾ ਸਕੇ। ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਸੂਬੇ ਦੇ ਲੋਕਾਂ ਨੂੰ ਵਿਸ਼ਵ ਪੱਧਰ ਦਾ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਮਾਰਟ ਸਿਟੀ ਮਿਸ਼ਨ ਦੇ ਉਦੇਸ਼ ਆਹਲਾ ਦਰਜੇ ਦਾ ਬੁਨਿਆਦੀ ਢਾਂਚਾ ਪ੍ਰਦਾਨ ਕਰਨਾ ਅਤੇ ਸ਼ਹਿਰੀਆਂ ਨੂੰ ਚੰਗੇ ਜੀਵਨ ਲਈ ਸਹੂਲਤਾਂ ਪ੍ਰਦਾਨ ਕਰਨਾ ਹੈ। ਵੱਖ-ਵੱਖ ਪ੍ਰਾਜੈਕਟਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਦੁਨੀਆ 'ਚ ਆ ਰਹੇ ਬਦਲਾਅ ਦੇ ਮੱਦੇਨਜ਼ਰ ਪ੍ਰਾਜੈਕਟਾਂ ਨੂੰ ਅਮਲ 'ਚ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਸੂਬੇ ਦੇ ਹਰੇਕ ਨਾਗਰਿਕ ਨੂੰ ਪੀਣ ਵਾਲਾ ਸਾਫ ਪਾਣੀ, ਸੀਵਰੇਜ ਤੇ ਸਫਾਈ ਦੀਆਂ ਬੁਨਿਆਦੀ ਸਹੂਲਤਾਂ ਯਕੀਨੀ ਬਣਾਉਣਾ ਹੈ। ਮੁੱਖ ਮੰਤਰੀ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਇਹ ਪ੍ਰਾਜੈਕਟ ਤੈਅ ਸਮੇਂ 'ਚ ਮੁਕੰਮਲ ਕਰਨ ਲਈ ਆਖਿਆ। ਮੀਟਿੰਗ 'ਚ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ, ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਰਵੀ ਭਗਤ, ਸਥਾਨਕ ਸਰਕਾਰਾਂ ਵਿਭਾਗ ਦੇ ਸਕੱਤਰ ਅਜੋਏ ਸ਼ਰਮਾ ਤੇ ਹੋਰ ਅਧਿਕਾਰੀ ਹਾਜ਼ਰ ਸਨ।

## ਪਿੰਡਾਂ ਲਈ ਮਿੰਨੀ ਬੱਸ ਸੇਵਾ ਦੁਬਾਰਾ ਹੋਵੇਗੀ ਸ਼ੁਰੂ

**ਚੰਡੀਗੜ੍ਹ** : ਪੰਜਾਬ ਦੇ ਪੇਂਡੂ ਖੇਤਰ ਲਈ ਮਿੰਨੀ ਬੱਸ ਸੇਵਾ ਮੁੜ ਸ਼ੁਰੂ ਕਰਨ ਦੇ ਉਦੇਸ਼ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਨੂੰ ਸ਼ੁੱਕਰਵਾਰ ਇਸ ਸੰਬੰਧੀ ਸਕੀਮ ਦਾ ਖਾਕਾ ਤਿਆਰ ਕਰਨ ਅਤੇ ਸਰਵੇਖਣ ਕਰਨ ਦਾ ਨਿਰਦੇਸ਼ ਦਿੱਤਾ। ਇੱਥੇ ਮੁੱਖ ਮੰਤਰੀ ਦਫਤਰ ਵਿਖੇ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪੇਂਡੂ ਖੇਤਰ 'ਚ ਮਿੰਨੀ ਬੱਸ ਸੇਵਾ ਮੁੜ ਸ਼ੁਰੂ ਕਰਨ ਦੀ ਯੋਜਨਾ ਬਣਾਈ ਹੈ ਤਾਂ ਕਿ ਜਿੱਥੇ ਲੋਕਾਂ ਨੂੰ ਆਵਾਜਾਈ ਲਈ ਸਹੂਲਤ ਮਿਲੇ, ਉੱਥੇ ਪੜ੍ਹੇ-ਲਿਖੇ ਨੌਜਵਾਨ ਬੱਸ ਪਰਮਿਟ ਲੈ ਕੇ ਆਪਣਾ ਰੋਜ਼ਗਾਰ ਚਲਾ ਸਕਣ। ਮਿੰਨੀ ਬੱਸ ਸੇਵਾ ਨੂੰ ਆਮ ਲੋਕਾਂ ਲਈ ਵਰਦਾਨ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਸਕੀਮ ਜਿੱਥੇ ਆਵਾਜਾਈ ਸਹੂਲਤਾਂ ਨੂੰ ਸੁਚਾਰੂ ਕਰਨ 'ਚ ਸਹਾਈ ਸਾਬਤ ਹੋਵੇਗੀ, ਉਥੇ ਇਸ ਨਾਲ ਪੜ੍ਹੇ-ਲਿਖੇ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਦਾ ਮੌਕਾ ਮਿਲੇਗਾ ਅਤੇ ਉਹ ਪਰਮਿਟ ਲੈ ਕੇ ਬੱਸ ਸੇਵਾ ਦੀ ਸ਼ੁਰੂਆਤ ਕਰ ਸਕਣਗੇ।

### ਜੀ-20 ਲਈ ਭਾਰਤ ਨਹੀਂ ਆਉਣਗੇ ਪੁਤਿਨ

**ਮਾਸਕੋ** : ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਗਲੇ ਮਹੀਨੇ ਭਾਰਤ 'ਚ ਹੋਣ ਵਾਲੇ ਜੀ-20 ਸਿਖਰ ਸੰਮੇਲਨ 'ਚ ਵਿਅਕਤੀ ਤੌਰ 'ਤੇ ਹਿੱਸਾ ਨਹੀਂ ਲੈਣਗੇ। ਰੂਸੀ ਰਾਸ਼ਟਰਪਤੀ ਦਫ਼ਤਰ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਇਸ ਨੇ ਕਿਹਾ ਕਿ ਪੁਤਿਨ ਦੀ ਸਤੰਬਰ 'ਚ ਭਾਰਤ ਜਾਣ ਦੀ ਕੋਈ ਯੋਜਨਾ ਨਹੀਂ ਹੈ। ਰੂਸੀ ਰਾਸ਼ਟਰਪਤੀ ਦੇ ਬੁਲਾਰੇ ਨੇ ਦੱਸਿਆ ਕਿ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਸਤੰਬਰ 'ਚ ਹੋਣ ਵਾਲੇ ਜੀ20 ਸਿਖਰ ਸੰਮੇਲਨ ਲਈ ਭਾਰਤ ਜਾਣ ਦੀ ਕੋਈ ਯੋਜਨਾ ਨਹੀਂ ਹੈ। ਹੁਣ ਮੁੱਖ ਜ਼ੋਰ ਵਿਸ਼ੇਸ਼ ਫੌਜੀ ਅਭਿਆਨ (ਯੂਕਰੇਨ ਯੁੱਧ) 'ਤੇ ਹੈ।

### ਗੁੰਡਿਆਂ ਤੋਂ ਕੁਸ਼ਤੀ ਛੁਡਾਉਣੀ ਹੋਵੇਗੀ : ਬਜਰੰਗ ਪੂਨੀਆ

**ਪਾਣੀਪਤ** : ਜਾਰਡਨ 'ਚ ਅੰਡਰ 20 ਵਿਸ਼ਵ ਕੁਸ਼ਤੀ ਚੈਂਪੀਅਨਸ਼ਿਪ 'ਚ ਇਤਿਹਾਸ ਰਚ ਕੇ ਭਾਰਤੀ ਟੀਮ ਨੰਬਰ ਇੱਕ ਬਣ ਗਈ। ਪਿਛਲੇ 10 ਸਾਲਾਂ 'ਚ ਇਸ ਤਰ੍ਹਾਂ ਪਹਿਲੀ ਵਾਰ ਹੋਇਆ। ਇਸ ਨੂੰ ਲੈ ਕੇ ਦੇਸ਼ 'ਚ ਖੁਸ਼ੀ ਦਾ ਮਾਹੌਲ ਹੈ। ਭਲਵਾਨਾਂ ਦੀ ਇਸ ਜਿੱਤ 'ਤੇ ਬਜਰੰਗ ਪੂਨੀਆ ਨੇ ਪੋਸਟ ਕੀਤਾ ਕਿ ਭਾਰਤੀ ਕੁਸ਼ਤੀ ਨੂੰ ਮਾਫ਼ੀਆ ਦੇ ਕਬਜ਼ੇ 'ਚੋਂ ਛੁਡਵਾਉਣਾ ਹੀ ਪਵੇਗਾ। ਪਿਛਲੇ ਦਸ ਸਾਲਾਂ 'ਚ ਪਹਿਲੀ ਅੰਡਰ 20 ਮਹਿਲਾ ਭਲਵਾਨਾਂ ਦੀ ਟੀਮ ਮਾਫ਼ੀਆ ਦੇ ਦਬਾਅ ਤੋਂ ਬਿਨਾਂ ਖੇਡਣ ਗਈ ਅਤੇ ਉਸ 'ਚ ਨੰਬਰ ਇੱਕ ਬਣ ਕੇ ਵਾਪਸ ਆਈ। ਪੜ੍ਹੇ ਲਿਖੇ ਸਮਾਜ 'ਚ ਗੁੰਡੇ ਮਾਫੀਆ ਦੀ ਕੋਈ ਜਗ੍ਹਾ ਨਹੀਂ ਹੈ।

### ਨੀਰਜ ਚੋਪੜਾ ਨੇ ਪੈਰਿਸ ਓਲੰਪਿਕ ਲਈ ਕੀਤਾ ਕੁਆਲੀਫਾਈ




**ਬੁਡਾਪੈਸਟ** : ਨੀਰਜ ਚੋਪੜਾ ਨੇ ਇੱਥੇ ਵਿਸ਼ਵ ਚੈਂਪੀਅਨਸ਼ਿਪ ਭਾਲਾ ਸੁੱਟਣ ਦੇ ਮੁਕਾਬਲੇ 'ਚ ਸ਼ੁੱਕਰਵਾਰ ਨੂੰ ਪਹਿਲੀ ਹੀ ਕੋਸ਼ਿਸ਼ 'ਚ 88.77 ਮੀਟਰ ਦਾ ਥਰੋਅ ਸੁੱਟ ਕੇ ਫਾਇਨਲ 'ਚ ਜਗ੍ਹਾ ਬਣਾ ਲਈ ਅਤੇ ਇਸ ਦੇ ਨਾਲ ਹੀ ਪੈਰਿਸ ਓਲੰਪਿਕ 2024 ਲਈ ਵੀ ਕੁਆਲੀਫਾਈਡ ਕਰ ਲਿਆ। ਟੋਕੀਓ ਓਲੰਪਿਕ ਚੈਂਪੀਅਨ ਚੋਪੜਾ ਨੇ ਕੈਰੀਆ ਦਾ ਚੌਥਾ ਸਭ ਤੋਂ ਚੰਗਾ ਥਰੋਅ ਸੁੱਟਿਆ।

## ਹਰਿਆਣਾ ਵਿਧਾਨ ਸਭਾ 'ਚ ਨੂੰਹ ਨੇ ਸਹੁਰੇ ਤੋਂ ਸੋਲਰ ਟਿਊਬਵੈੱਲ ਕੁਨੈਕਸ਼ਨ ਲਾਉਣ ਦੀ ਕੀਤੀ ਮੰਗ

**ਚੰਡੀਗੜ੍ਹ** : ਹਰਿਆਣਾ ਵਿਧਾਨਸਭਾ ਦੇ ਮਾਨਸੂਨ ਸੈਸ਼ਨ ਦੇ ਪਹਿਲੇ ਦਿਨ ਚੰਦਰਯਾਨ-3 ਦੀ ਸਲਫ਼ਤਾ ਨੂੰ ਲੈ ਕੇ ਭਾਜਪਾ ਅਤੇ ਕਾਂਗਰਸ ਦੇ ਵਿਧਾਇਕਾਂ ਵਿਚਾਲੇ ਤੂੰ ਤੂੰ ਮੈਂ ਮੈਂ ਹੋਈ। ਉਥੇ ਹੀ ਦੂਜੇ ਪਾਸੇ ਇੱਕ ਇਸ ਤਰ੍ਹਾਂ ਦਾ ਮੌਕਾ ਵੀ ਆਇਆ, ਜਦ ਵਿਧਾਨਸਭਾ 'ਚ ਬੈਠੇ ਮੰਤਰੀ ਅਤੇ ਵਿਧਾਇਕ ਆਪਣਾ ਹਾਸਾ ਨਹੀਂ ਰੋਕ ਸਕੇ। ਇਹ ਪੂਰਾ ਮਾਮਲਾ ਵਿਧਾਇਕ ਨੈਨਾ ਚੌਟਾਲਾ ਨਾਲ ਜੁੜਿਆ ਹੈ, ਜੋ ਬਾਡੜਾ ਵਿਧਾਨਸਭਾ ਤੋਂ ਵਿਧਾਇਕ ਹਨ। ਨੈਨਾ ਨੇ ਵਿਧਾਨਸਭਾ 'ਚ ਸੋਲਰ ਟਿਊਬਵੈੱਲ ਕੁਨੈਕਸ਼ਨ ਦੀ ਮੰਗ ਨੂੰ ਲੈ ਕੇ ਬਿਜਲੀ ਮੰਤਰੀ ਰਣਜੀਤ ਚੌਟਾਲਾ ਨੂੰ ਕਿਹਾ, 'ਮੈਂ ਤਾਂ ਤੁਹਾਡੀ ਨੂੰਹ ਹਾਂ, ਇਹ ਤਾਂ ਤੁਹਾਨੂੰ ਕਰਨਾ ਪਵੇਗਾ।' ਨੈਨਾ ਚੌਟਾਲਾ ਦੀ ਇਹ ਗੱਲ ਸੁਣ ਕੇ ਵਿਧਾਨਸਭਾ ਸਪੀਕਰ ਗਿਆਨ ਚੰਦ ਗੁਪਤਾ ਅਤੇ ਸਦਨ 'ਚ ਮੌਜੂਦ ਮੰਤਰੀ ਵਿਧਾਇਕ ਹੱਸਣ ਲੱਗੇ।

ਨੈਨਾ ਚੌਟਾਲਾ ਦੀ ਗੱਲ ਸੁਣ ਕੇ ਊਰਜਾ ਮੰਤਰੀ ਰਣਜੀਤ ਚੌਟਾਲਾ ਨੇ ਆਪਣੀ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਜੇਕਰ ਸੈਂਟੀਮੈਂਟ ਅਤੇ ਫੀਲਿੰਗਸ ਦੀ ਗੱਲ ਹੁੰਦੀ ਤਾਂ ਅਸੀਂ ਘਰ 'ਚ ਹੀ ਕਰ ਲੈਂਦੇ। ਇਹ ਸਦਨ ਹੈ, ਸਾਨੂੰ ਆਪਣੀਆਂ ਕੁਝ ਮਰਿਆਦਾਵਾਂ ਦੇ ਨਾਲ ਕਹਿਣਾ ਪਵੇਗਾ, ਜੇਕਰ ਅਸੀਂ ਸੋਲਰ ਟਿਊਬਵੈੱਲ ਕੁਨੈਕਸ਼ਨ ਦੀਆਂ ਅਰਜ਼ੀਆਂ ਲਈ ਵੈਬਸਾਈਟ ਖੋਲ੍ਹਦੇ ਹਾਂ ਤਾਂ ਉਨ੍ਹਾ ਕੁਨੈਕਸ਼ਨ ਤੋਂ ਜ਼ਿਆਦਾ ਅਰਜ਼ੀਆਂ ਆਉਂਦੀਆਂ ਹਨ, ਜੋ ਬਿਜਲੀ ਦੇ ਕੁਨੈਕਸ਼ਨ ਹਨ ਤਾਂ ਸੋਚਿਆ ਜਾ ਸਕਦਾ ਹੈ। ਰਣਜੀਤ ਚੌਟਾਲਾ ਨੇ ਵਿਭਾਗ ਕੋਲ ਆਈਆਂ ਅਰਜ਼ੀਆਂ ਦੀ ਜਾਣਕਾਰੀ ਦਿੱਤੀ। ਉਨ੍ਹਾ ਕਿਹਾ, ਸਾਲ 'ਚ ਉਨ੍ਹਾ ਕੋਲ 61 ਹਜ਼ਾਰ 158 ਅਰਜ਼ੀਆਂ ਆਈਆਂ। ਉਸ 'ਚੋਂ ਸੋਲਰ ਟਿਊਬਵੈੱਲ ਕੁਨੈਕਸ਼ਨ ਲਈ 33,180 ਅਰਜ਼ੀਆਂ ਅਤੇ 27000 ਬਿਜਲੀ ਟਿਊਬਵੈੱਲ ਕੁਨੈਕਸ਼ਨ ਦੀ ਮੰਗ ਨੂੰ ਲੈ ਆਏ। ਰਣਜੀਤ ਚੌਟਾਲਾ ਨੇ ਕਿਹਾ ਕਿ ਹਾਲੇ ਪਿਛਲੀਆਂ ਡਿਮਾਂਡਾਂ ਪੂਰੀਆਂ ਕਰਨ ਨੂੰ ਹੀ ਇੱਕ ਸਾਲ ਲੱਗੇਗਾ। ਨੈਨਾ ਚੌਟਾਲਾ ਨੇ ਕਿਹਾ ਕਿ 2018 ਤੱਕ ਜਿੰਨੀਆਂ ਵੀ ਅਰਜ਼ੀਆਂ ਆਈਆਂ ਹਨ, ਤੁਸੀਂ ਉਨ੍ਹਾ ਨੂੰ ਪੂਰਾ ਕਰ ਦਿਓ। ਇਸ ਤੋਂ ਬਾਅਦ ਰਣਜੀਤ ਚੌਟਾਲਾ ਨੇ ਕਿਹਾ ਕਿ ਤੁਸੀਂ ਪੇਪਰ ਭਿਜਵਾ ਦਿਓ, ਸਾਡੇ ਪੈਰਾਮੀਟਰ ਦੇ ਹਿਸਾਬ ਨਾਲ ਸਭ ਕੁਝ ਸਹੀ ਹੋਇਆ ਤਾਂ ਵਿਚਾਰ ਕਰਾਂਗੇ।

## ਬ੍ਰੇ ਵਿਆਟ ਨੂੰ ਦਿਲ ਦੇ ਦੌਰੇ ਪੈਣ ਨਾਲ ਮੌਤ

**ਵਾਸ਼ਿੰਗਟਨ** : ਵਰਲਡ ਰੈਸਲਿੰਗ ਐਂਟਰਟੇਨਮੈਂਟ ਦੇ ਤਿੰਨ ਵਾਰ ਚੈਂਪੀਅਨ ਅਤੇ ਸਟਾਰ ਰੈਸਲਰ ਬ੍ਰੇ ਵਿਆਟ (36) ਦੀ ਅਚਾਨਕ ਸ਼ੁੱਕਰਵਾਰ ਮੌਤ ਹੋ ਗਈ। ਸਥਾਨਕ ਮੀਡੀਆ ਅਨੁਸਾਰ ਉਥੇ ਦੇ ਸਮੇਂ ਅਨੁਸਾਰ ਵੀਰਵਾਰ ਸ਼ਾਮ ਅਤੇ ਭਾਰਤੀ ਸਮੇਂ ਅਨੁਸਾਰ ਅੱਧੀ ਰਾਤ ਨੂੰ ਉਸ ਨੂੰ ਦਿਲ ਦਾ ਦੌਰਾ ਪਿਆ।

ਇਸ ਤੋਂ ਬਾਅਦ ਉਸ ਦੀ ਮੌਤ ਹੋ ਗਈ। ਡਬਲਿਊ ਡਬਲਿਊ ਵੱਲੋਂ ਸ਼ੁੱਕਰਵਾਰ ਸਵੇਰੇ 5 ਵਜੇ ਇਹ ਜਾਣਕਾਰੀ ਦਿੱਤੀ ਗਈ। ਇਸ ਤੋਂ ਬਾਅਦ ਕੰਪਨੀ ਦੀ ਚੀਫ ਨੇ ਇਸ ਖ਼ਬਰ ਦੀ ਪੁਸ਼ਟੀ ਕਰਦੇ ਹੋਏ ਉਸ ਦੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਬ੍ਰੇ ਵਿਆਟ 36 ਸਾਲ ਦਾ ਸੀ। ਡਬਲਿਊ ਡਬਲਿਊ ਈ ਭਲਵਾਨ ਦਾ ਅਸਲੀ ਨਾਂਅ ਵਿੰਡਹੈਮ ਰੋਟੂੰਡਾ ਸੀ। ਵਿਅਟ ਇਸ ਸਾਲ ਜਨਵਰੀ ਤੋਂ ਇਨ-ਰਿੰਗ ਐਕਸ਼ਨ ਤੋਂ ਗਾਇਬ ਸੀ।

## ਕੋਰਟ ਨੂੰ ਸਿਸੋਦੀਆ ਨੇ ਕਿਹਾ, ਮੈਂ ਕਿੰਨੀਆਂ ਰੋਟੀਆਂ ਖਾਂਦਾ ਈ ਡੀ ਸਭ ਜਾਣਦੀ



**ਨਵੀਂ ਦਿੱਲੀ** : ਦਿੱਲੀ ਦੀ ਇੱਕ ਅਦਾਲਤ ਨੇ ਸ਼ੁੱਕਰਵਾਰ ਨੂੰ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਨਵਾਂ ਬੈਂਕ ਅਕਾਊਂਟ ਖੋਲ੍ਹਣ ਦੀ ਇਜਾਜ਼ਤ ਦਿੱਤੀ, ਕਿਉਂਕਿ ਉਨ੍ਹਾ ਦੇ ਪੁਰਾਣੇ ਅਕਾਊਂਟ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਅਟੈਚ ਕਰ ਦਿੱਤਾ ਹੈ। ਸ਼ਰਾਬ ਘੋਟਾਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਇਸ ਕਾਰਵਾਈ ਦੀ ਵਜ੍ਹਾ ਕਾਰਨ ਜੇਲ੍ਹ 'ਚ ਬੰਦ ਸਿਸੋਦੀਆ ਆਪਣੀ ਤਨਖਾਹ ਵੀ ਪਰਵਾਰ ਲਈ ਖਰਚ ਨਹੀਂ ਸਨ ਕਰ ਪਾ ਰਹੇ। ਸਿਸੋਦੀਆ ਦੀ ਵਿਧਾਇਕ ਦੇ ਰੂਪ 'ਚ ਮਿਲਣ ਵਾਲੀ ਤਨਖਾਹ ਵੀ ਇਸ ਅਕਾਊਂਟ 'ਚ ਆਉਂਦੀ ਹੈ। ਕੋਰਟ 'ਚ ਪੇਸ਼ ਹੋਏ ਸਿਸੋਦੀਆ ਨੇ ਕੋਰਟ ਤੋਂ ਨਵਾਂ ਅਕਾਊਂਟ ਖੁੱਲ੍ਹਵਾਉਣ ਦੀ ਇਜਾਜ਼ਤ ਮੰਗੀ ਸੀ।

ਕੋਰਟ ਨੇ ਇਹ ਵੀ ਕਿਹਾ ਕਿ ਨਵੇਂ ਅਕਾਊਂਟ ਦਾ ਬਿਊਰਾ ਈ ਡੀ ਨੂੰ ਵੀ ਉਪਲਬਧ ਕਰਾਇਆ ਜਾਵੇ। ਇਸ 'ਤੇ ਸਿਸੋਦੀਆ ਨੇ ਕਿਹਾ, 'ਉਹ ਸਭ ਕੁਝ ਜਾਣਦੇ ਹਨ, ਇਹ ਵੀ ਕਿ ਮੈਂ ਕਿੰਨੀਆਂ ਰੋਟੀਆਂ ਖਾਂਦਾ ਹਾਂ।' ਕੋਰਟ ਨੇ ਕੇਂਦਰੀ ਜਾਂਚ ਏਜੰਸੀ ਨੂੰ ਕਿਹਾ ਕਿ ਉਹ ਇਸ ਕੇਸ 'ਚ ਮੁਲਜ਼ਮਾਂ ਨੂੰ ਚਾਰਜਸ਼ੀਟ ਦੀ ਕਾਪੀ ਅਤੇ ਸੰਬੰਧਤ ਦਸਤਾਵੇਜ਼ ਉਪਲਬਧ ਕਰਾਉਣ। ਈ ਡੀ ਨੇ ਮੁਲਜ਼ਮ ਅਮਨਦੀਪ ਢੱਲ ਨੂੰ ਉਸ ਦੀ ਮੰਗ ਮੁਤਾਬਕ ਪੁੱਛਗਿੱਛ ਦੌਰਾਨ ਸੀ ਸੀ ਟੀ ਵੀ ਫੁਟੇਜ ਵੀ ਉਪਲਬਧ ਕਰਾਈ। ਕੋਰਟ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 22 ਸਤੰਬਰ ਪਾਈ ਹੈ।

## ਕੇਰਲ ਦੇ ਵਾਇਨਾਡ 'ਚ ਸੜਕ ਹਾਦਸੇ 'ਚ 8 ਲੋਕਾਂ ਦੀ ਮੌਤ

**ਵਾਇਨਾਡ** : ਕੇਰਲ ਦੇ ਵਾਇਨਾਡ ਜ਼ਿਲ੍ਹੇ 'ਚ ਸ਼ੁੱਕਰਵਾਰ ਇਕ ਵਾਹਨ ਦੇ ਖੱਡ 'ਚ ਡਿੱਗਣ ਕਾਰਨ 9 ਲੋਕਾਂ ਦੀ ਮੌਤ ਹੋ ਗਈ। ਪੁਲਸ ਮੁਤਾਬਕ ਦੁਪਹਿਰ ਨੂੰ ਕਰੀਬ 3:30 ਵਜੇ ਵਲਾਡ-ਮਨੰਥਾਵੜੀ ਰੋਡ 'ਤੇ ਹਾਦਸਾ ਵਾਪਰਿਆ। ਵਾਹਨ 'ਚ ਕਰੀਬ 12 ਲੋਕ ਸਵਾਰ ਸਨ। ਪੁਲਸ ਨੇ ਦੱਸਿਆ ਕਿ ਮਰਨ ਵਾਲਿਆਂ 'ਚ ਜਿਆਦਾ ਔਰਤਾਂ ਹਨ। ਸਥਾਨਕ ਨਿਵਾਸੀ ਨੇ ਮੀਡੀਆ ਨੂੰ ਦੱਸਿਆ ਕਿ ਜੀਪ ਇੱਕ ਨਿੱਜੀ ਚਾਹ ਦੇ ਬਾਗ 'ਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਲੈ ਕੇ ਮੱਕੀਮਲਾ ਪਰਤ ਰਹੀ ਸੀ। ਹਾਦਸੇ 'ਚ ਜਖਮੀ ਲੋਕਾਂ ਨੂੰ ਮਨੰਥਾਵੜੀ ਦੇ ਇਕ ਹਸਪਤਾਲ 'ਚ ਪਹੁੰਚਾਇਆ ਗਿਆ, ਪਰ ਉਨ੍ਹਾਂ 'ਚੋਂ 9 ਦੀ ਮੌਤ ਹੋ ਗਈ।

## ਹੈਦਰਾਬਾਦ 'ਚ ਨੈਸ਼ਨਲ ਦਲਿਤ ਕਨਵੈਨਸ਼ਨ ਅੱਜ ਤੋਂ

**ਹੈਦਰਾਬਾਦ (ਗਿਆਨ ਸੈਦਪੁਰੀ)**



ਸਿਕੰਦਰਾਬਾਦ ਰੇਲਵੇ ਸਟੇਸ਼ਨ 'ਤੇ ਕਾਮਰੇਡ ਬਾਲਾ ਮਲੇਸ਼ ਨਾਲ ਪੰਜਾਬ ਦੇ ਡੈਲੀਗੇਟ।

ਦਲਿਤ ਅਤੇ ਹੋਰ ਹਾਸ਼ੀਆ ਗਤ ਲੋਕਾਂ ਦੀ ਬੰਦਖਲਾਸੀ ਲਈ ਸੰਘਰਸ਼ ਕਰ ਰਹੀਆਂ ਅਨੇਕਾਂ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਹੈਦਰਾਬਾਦ 'ਚ 26 ਅਤੇ 27 ਅਗਸਤ ਨੂੰ ਨੈਸ਼ਨਲ ਦਲਿਤ ਕਨਵੈਨਸ਼ਨ ਕੀਤੀ ਜਾ ਰਹੀ ਹੈ। ਇਹ ਕਨਵੈਨਸ਼ਨ ਬੇਗਮਪੇਟ ਟੂਰਿਸਟ ਪਲਾਜਾ ਨੇੜੇ ਸੀ ਐੱਮ ਕੈਂਪ ਆਫਿਸ ਬੇਗਮਪੇਟ 'ਚ ਹੋਵੇਗੀ। ਇਸ 'ਚ ਮਜ਼ਦੂਰ ਅਤੇ ਦਲਿਤ ਸਮਾਜ ਨੂੰ ਵੱਖ-ਵੱਖ ਖੇਤਰਾਂ 'ਚ ਦਰਪੇਸ਼ ਮੁਸ਼ਕਲਾਂ ਸੰਬੰਧੀ ਸੰਜੀਦਾ ਸੰਵਾਦ ਰਚਾਇਆ ਜਾਵੇਗਾ।

ਕਨਵੈਨਸ਼ਨ ਵਿੱਚ ਸੀ ਪੀ ਆਈ, ਸੀ ਪੀ ਐਮ, ਸੀ ਪੀ ਆਈ (ਐਮ ਐਲ) ਫਾਰਵਰਡ ਬਲਾਕ ਅਤੇ ਹੋਰ ਖੱਬੇ ਪੱਖੀ ਪਾਰਟੀਆ ਨਾਲ ਸਬੰਧਤ ਖੇਤ ਮਜ਼ਦੂਰ ਜਥੇਬੰਦੀਆ ਦੇ ਨੁਮਾਇੰਦੇ ਸ਼ਾਮਲ ਹੋਣਗੇ। ਇਸ ਕਨਵੈਨਸ਼ਨ 'ਚ ਪੰਜਾਬ ਤੋਂ 10 ਡੈਲੀਗੇਟ ਸ਼ਾਮਲ ਹੋਣਗੇ। ਇਹਨਾ 'ਚ ਭਾਰਤੀਆ ਖੇਤ ਮਜ਼ਦੂਰ ਯੂਨੀਅਨ ਦੇ ਜਰਨਲ ਸਕੱਤਰ ਗੁਲਜਾਰ ਸਿੰਘ ਗੋਰੀਆ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਦੇਵੀ ਕੁਮਾਰੀ ਸਰਾਹਲੀ ਕਲਾਂ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਪੰਜਾਬ ਇਕਾਈ ਦੇ ਜਨਰਲ ਸਕੱਤਰ ਗੁਰਮੇਸ਼ ਸਿੰਘ, ਗਰਮੇਲ ਸਿੰਘ ਮੈਡਲੇ, ਅਸ਼ੋਕ ਕੁਮਾਰ ਮੱਟੂ, ਗਿਆਨ ਸਿੰਘ ਸੈਦਪਰੀ ਆਦਿ ਸ਼ਾਮਲ ਹਨ।

## 2030 ਤੱਕ ਗ੍ਰੀਸ ਨਾਲ ਵਪਾਰ ਦੁੱਗਣਾ ਕਰਾਂਗੇ : ਮੋਦੀ

**ਨਵੀਂ ਦਿੱਲੀ** : ਦੱਖਣੀ ਅਫ਼ਰੀਕਾ ਦੇ ਜੋਹਨਸਬਰਗ 'ਚ ਬ੍ਰਿਕਸ ਸੰਮੇਲਨ 'ਚ ਹਿੱਸਾ ਲੈਣ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਇੱਕ ਦਿਨਾ ਦੌਰੇ 'ਤੇ ਗ੍ਰੀਸ ਪਹੁੰਚੇ। ਪ੍ਰਧਾਨ ਮੰਤਰੀ ਮੋਦੀ ਨੇ ਗ੍ਰੀਸ ਦੀ ਰਾਜਧਾਨੀ ਏਥਨਜ਼ 'ਚ ਆਪਣੀ ਯੂਨਾਨੀ ਹਮਰੁਤਬਾ ਕਿਰੀਆਕੋਸ ਮਿਤਸੋਟਾਕਿਸ ਨਾਲ ਗੱਲਬਾਤ ਕੀਤੀ। ਇੱਥੇ ਗ੍ਰੀਕ ਰਾਸ਼ਟਰਪਤੀ ਕਤੇਰੀਨਾ ਐਨ ਸਕੇਲਾਰੋਪੋਲੂ ਵੱਲੋਂ ਉਨ੍ਹਾ ਨੂੰ ਗ੍ਰੈਂਡ ਕਰਾਸ ਆਫ਼ ਦਿ ਆਰਡਰ ਆਫ਼ ਆਨਰ ਨਾਲ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਉਨ੍ਹਾ ਏਥਨਜ਼ ਨੂੰ ਕਿਹਾ ਕਿ ਗ੍ਰੀਸ ਅਤੇ ਭਾਰਤ ਦੁਨੀਆ ਦੀਆਂ ਦੋ ਪੁਰਾਤਨ ਸੱਭਿਆਤਾਵਾਂ, ਦੋ ਪੁਰਾਤਨ ਲੋਕਤੰਤਰਕ ਵਿਚਾਰਧਾਰਾਵਾਂ ਅਤੇ ਦੋ ਪੁਰਾਤਨ ਵਪਾਰ ਅਤੇ ਸੰਸਕ੍ਰਿਤੀ ਸੰਬੰਧਾਂ ਵਿਚਾਲੇ ਇੱਕ ਸੁਭਾਵਿਕ ਮੇਲ ਹੈ। ਸਾਡੇ ਰਿਸ਼ਤੇ ਦੀ ਬੁਨਿਆਦ ਪ੍ਰਾਚੀਨ ਅਤੇ ਮਜ਼ਬੂਤ ਹੈ। ਮੋਦੀ ਨੇ ਕਿਹਾ ਕਿ 40 ਸਾਲ ਦੇ ਲੰਬੇ ਸਮੇਂ ਤੋਂ ਬਾਅਦ ਕੋਈ ਭਾਰਤੀ ਪ੍ਰਧਾਨ ਮੰਤਰੀ ਗ੍ਰੀਸ ਆਇਆ ਹੈ। ਫਿਰ ਵੀ ਨਾ ਤਾਂ ਕੋਈ ਸਾਡੇ ਸੰਬੰਧਾਂ 'ਚ ਗਹਿਰਾਈ ਘਟੀ ਹੈ, ਨਾ ਹੀ ਰਿਸ਼ਤੇ ਦੀ ਗਰਮਜ਼ੋਸ਼ੀ 'ਚ ਕਮੀ ਹੈ। ਇਸ ਲਈ ਰੱਖਿਆ ਅਤੇ ਸੁਰੱਖਿਆ, ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਲਿਖਿਆ ਖਤ ਗਵਰਨਰ ਨੇ ਨਵਾਂ ਕਹਿੰਦੇ,
ਧਮਕੀਆਂ ਮਾਰਦੇ ਲਿਖੇ ਕਈ ਬੋਲ ਬੇਲੀ।
ਸਿੱਧਾ ਈ ਕਿਹਾ ਉਸ ਨੇ ਮੁੱਖ ਮੰਤਰੀ ਨੂੰ,
ਅਥਾਰਟੀ ਬਹੁਤ ਭਾਰੀ ਸਾਡੇ ਕੋਲ ਬੇਲੀ।
ਭੇਜਿਆ ਜਾਂਦਾ ਹੈ ਜਦੋਂ ਵੀ ਕੋਈ ਪੱਤਰ,
ਛੱਡਦੇ ਤੁਸੀਂ ਬਿਆਨਾਂ ਵਿੱਚ ਰੋਲ ਬੇਲੀ।
ਮੇਰੀ ਤਾਕਤ ਹੈ ਕਿੰਨਾ ਕੁਝ ਕਰਨ ਵਾਲੀ,
ਵੇਖ ਲਉ ਜ਼ਰਾ ਸੰਵਿਧਾਨ ਨੂੰ ਫੋਲ ਬੇਲੀ।
ਮੋੜਵਾਂ ਅੱਗੋਂ ਪਈ ਪਾਰਟੀ ਆਪ ਕਹਿੰਦੀ,
ਦਿੱਤਾ ਸੰਵਿਧਾਨ ਹੀ ਅਸਾਂ ਨੂੰ ਰਾਜ ਬੇਲੀ।
ਲੋਕਤੰਤਰ ਵਿੱਚ ਲੋਕਾਂ ਤੋਂ ਲਿਆ ਫਤਵਾ,
ਫਤਵਾ ਮਿਲਣ ਦੀ ਰੱਖੋ ਕੁਝ ਲਾਜ ਬੇਲੀ।

-ਤੀਸ ਮਾਰ ਖਾਂ

## ਉਹ ਹੀ ਸਮਾਜ ਖੁਸ਼ਹਾਲ ਹੋ ਸਕਦਾ ਜਿਸ 'ਚ ਹਰੇਕ ਮਨੁੱਖ ਨੂੰ ਰੁਜ਼ਗਾਰ ਮਿਲੇ : ਮਾੜੀਮੇਘਾ, ਮਹੇਸਰੀ



**ਕੋਟ ਫਤੂਹੀ** : ਕਾਮਰੇਡ ਬੀਬੀ ਸੰਤੋਸ਼ ਚਾਵਲਾ ਤੇ ਉਨ੍ਹਾਂ ਦੇ ਪਤੀ ਪੂਰਨ ਚੰਦ ਚਾਵਲਾ ਦੀ ਸਾਲਾਨਾ ਬਰਸੀ 'ਤੇ ਸ਼ਰਧਾਂਜਲੀ ਅਰਪਿਤ ਕਰਨ ਲਈ ਜੁੜੇ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਵੱਡਿਆਂ ਦਾ ਤਜਰਬਾ ਸਾਨੂੰ ਭਵਿੱਖ 'ਚ ਅੱਗੇ ਵਧਣ ਲਈ ਰਾਹ ਦਸੇਰਾ ਹੁੰਦਾ ਹੈ। ਇਸ ਲਈ ਵਡੇਰਿਆਂ, ਭਾਵ ਮਾਪਿਆਂ ਦੀ ਸਮਾਜ ਤੇ ਪਰਵਾਰ ਨੂੰ ਖੁਸ਼ਹਾਲ ਬਣਾਉਣ ਦੀ ਘਾਲਣਾ ਨੂੰ ਜਿਹੜਾ ਮਨੁੱਖ ਭੁੱਲ ਜਾਂਦਾ ਹੈ, ਉਹ ਕਦੀ ਵੀ ਲੰਬਾ ਸਮਾਂ ਸੁੱਖ ਭਰਿਆ ਜੀਵਨ ਨਹੀਂ ਗੁਜ਼ਾਰ ਸਕਦਾ। ਕਮਿਊਨਿਸਟ ਪਰਵਾਰ ਤੇ ਆਮ ਮਨੁੱਖ ਤੋਂ ਕਿਤੇ ਅੱਗੇ ਹੁੰਦਾ ਹੈ। ਉਹ ਆਪਣੇ ਇਕੱਲੇ ਪਰਵਾਰ ਦੀ ਖੁਸ਼ੀ ਨਹੀਂ ਭਾਲਦਾ, ਉਹ ਆਂਢ ਗੁਆਂਢ ਨੂੰ ਵੀ ਖੁਸ਼ ਵੇਖਣਾ ਚਾਹੁੰਦਾ ਹੈ। ਕਾਮਰੇਡਾਂ ਦੀ ਇਹ ਸੋਚ ਵੀ ਬਿਲਕੁਲ ਸਹੀ ਹੈ ਕਿ ਜੇ ਆਂਢ ਗੁਆਂਢ ਸੁਖੀ ਨਹੀਂ, ਉਹ ਰੋਟੀ ਰੋਜ਼ੀ ਨੂੰ ਤਰਸਦੇ ਹਨ ਤੇ ਫਿਰ ਖਾਂਦੇ ਪੀਂਦੇ ਗੁਆਂਢੀ ਨਾਲ ਕਲੇਸ਼ ਰਹਿਣਾ ਹੀ ਰਹਿਣਾ ਹੈ ਤੇ ਇਸ ਕਲੇਸ਼ ਦਾ ਅਸਰ ਸੁਖੀ ਪਰਵਾਰ 'ਤੇ ਵੀ ਜ਼ਰੂਰੀ ਪਵੇਗਾ। ਜੇ ਉਹ ਆਂਢ ਗੁਆਂਢ ਚੋਰੀ, ਠੱਗੀ, ਬੇਈਮਾਨੀ ਨਾਲ ਘਰ ਚਲਾਉਂਦਾ ਹੈ ਤੇ ਫਿਰ ਰੋਟੀ ਖਾਂਦੇ ਪਰਵਾਰ ਵਿੱਚ ਵੀ ਉਹ ਜ਼ਰੂਰ ਚੋਰੀ ਕਰੇਗਾ ਕਿਉਂਕਿ ਆਂਢ ਗੁਆਂਢ ਤੋਂ ਲੁਕਾਉਣਾ ਭਾਵ ਰਾਖੀ ਕਰਨੀ ਔਖੀ ਹੁੰਦੀ ਹੈ। ਮਾੜੀਮੇਘਾ ਨੇ ਕਿਹਾ ਕਿ ਇਹ ਪਰਵਾਰ ਸਮਾਜ ਦੀ ਖੁਸ਼ਹਾਲੀ ਵਾਸਤੇ ਜੂਝਦਾ ਰਿਹਾ ਤੇ ਹੁਣ ਰਾਜੇਸ਼ ਨੇ ਦੇਸ਼ ਸੇਵਾ ਦਾ ਕੰਮ ਸਾਂਭਿਆ ਹੈ। ਬੀਬੀ ਔਰਤਾਂ ਨੂੰ ਸੁਚੇਤ ਕਰਨ ਦਾ ਕੰਮ ਕਰਦੀ ਤੇ ਉਨ੍ਹਾਂ ਨੂੰ ਬੁਰਾਈਆਂ ਵਿਰੁੱਧ ਜਾਗਰੂਕ ਤੇ ਜਥੇਬੰਦ ਕਰਦੀ ਸੀ। ਔਰਤਾਂ ਨੂੰ ਗਿਆਨ ਭਾਵ ਸਮਝਾਉਣਾ ਬੜਾ ਵੱਡਾ ਕੰਮ ਹੈ ਤੇ ਜਿਹੜਾ ਬੀਬੀ ਨੇ ਕੀਤਾ। ਸਾਡੇ ਬਾਪ ਸਮਾਨ ਕਾਮਰੇਡ ਪੂਰਨ ਚੰਦ ਨੇ ਵੇਲਣੇ ਤੋਂ ਰੌ ਕੱਢ ਕੇ ਗਲਾਸ ਗਲਾਸ ਵੇਚ ਕੇ ਪਰਵਾਰ ਨੂੰ ਇਥੋਂ ਤੱਕ ਲਿਆਂਦਾ ਹੈ। ਅਜਿਹਾ ਕੰਮ ਹਾਰੀ ਸਾਰੀ ਨਹੀਂ ਕਰ ਸਕਦਾ, ਸਿਰਫ ਹਠੀ ਮਨੁੱਖ ਹੀ ਕਰ ਸਕਦਾ ਹੈ। ਕੁਦਰਤ ਵੀ ਇਹੋ ਜਿਹੇ ਕਿਰਤੀ ਇਨਸਾਨ ਦਾ ਸਾਥ ਦਿੰਦੀ ਹੈ। ਸਰਬ ਭਾਰਤ ਨੌਜਵਾਨ ਸਭਾ ਦੇ ਕੌਮੀ ਪ੍ਰਧਾਨ ਸੁਖਜਿੰਦਰ ਮਹੇਸਰੀ ਨੇ ਕਿਹਾ ਕਿ ਸਮਾਜ ਨੂੰ ਖੁਸ਼ਹਾਲ ਤਾਂ ਹੀ ਬਣਾਇਆ ਜਾ ਸਕਦਾ ਹੈ ਜੇ ਜੁਆਨੀ ਨੂੰ 18 ਸਾਲ ਦੀ ਉਮਰ ਤੋਂ ਬਾਅਦ ਪੱਕਾ ਬਾਕੀ ਸਫ਼ਾ 2 'ਤੇ

## ਹਿਮਾਚਲ 'ਚ ਮੀਂਹ : ਬੱਦੀ-ਪਿੰਜੌਰ ਨੂੰ ਜੋੜਨ ਵਾਲਾ ਪੁਲ ਡਿੱਗਿਆ



**ਸ਼ਿਮਲਾ** : ਹਿਮਾਚਲ ਪ੍ਰਦੇਸ਼ ਦੇ ਮੰਡੀ ਜ਼ਿਲ੍ਹੇ 'ਚ ਬੱਦਲ ਫਟਣ ਕਾਰਨ ਫਸੇ 50 ਤੋਂ ਵੱਧ ਲੋਕਾਂ ਨੂੰ ਐੱਨ ਡੀ ਆਰ ਐੱਫ ਟੀਮ ਨੇ ਬਚਾਅ ਲਿਆ। ਸੇਹਨੂੰ ਗੌਨੀ ਪਿੰਡ 'ਚ ਵੀਰਵਾਰ ਨੂੰ ਬੱਦਲ ਫਟਣ ਕਾਰਨ ਕਈ ਥਾਵਾਂ 'ਤੇ ਢਿੱਗਾਂ ਡਿੱਗਣ ਕਾਰਨ ਸੜਕਾਂ ਜਾਮ ਹੋ ਗਈਆਂ ਸਨ। ਐੱਨ ਡੀ ਆਰ ਐੱਫ ਦੀ ਟੀਮ ਨੇ ਫਸੇ ਲੋਕਾਂ ਨੂੰ ਬਚਾਉਣ ਲਈ 15 ਕਿਲੋਮੀਟਰ ਪੈਦਲ ਚੱਲ ਕੇ 15 ਬੱਚਿਆਂ ਸਮੇਤ ਸਾਰੇ ਲੋਕਾਂ ਨੂੰ ਸੁਰੱਖਿਅਤ ਥਾਂ 'ਤੇ ਪਹੁੰਚਾਇਆ। ਮੀਂਹ ਨਾਲ ਸੰਬੰਧਤ ਇੱਕ ਹੋਰ ਘਟਨਾ 'ਚ ਬਲਾਦ ਨਦੀ ਵਿੱਚ ਪਾਣੀ ਦੇ ਤੇਜ਼ ਵਹਾਅ ਕਾਰਨ ਸਨਅਤੀ ਬੱਦੀ ਖੇਤਰ ਅਤੇ ਪਿੰਜੌਰ ਨੂੰ ਜੋੜਨ ਵਾਲਾ ਬੱਦੀ ਵਿਖੇ ਮਰਾਂਵਾਲਾ ਪੁਲ ਸ਼ੁੱਕਰਵਾਰ ਡਿੱਗ ਗਿਆ। ਇਸ ਹਾਦਸੇ 'ਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ।

ਇਸ ਦੌਰਾਨ ਬਰੋਟੀਵਾਲਾ 'ਚ ਦੇਰ ਰਾਤ ਨਾਲ ਪਾਰ ਕਰ ਰਹੀ ਕਾਰ ਤੇਜ਼ ਵਹਾਅ 'ਚ ਬਹਿ ਗਈ। ਕਾਰ 'ਚ ਪਤੀ, ਪਤਨੀ ਅਤੇ ਉਨ੍ਹਾ ਦਾ ਬੱਚਾ ਸੀ। ਵਿਅਕਤੀ ਨੇ ਪਹਿਲਾਂ ਬੱਚੇ ਨੂੰ ਸੁੱਟਿਆ ਅਤੇ ਬਾਅਦ ਖੁਦ ਬਾਹਰ ਨਿਕਲ ਗਿਆ। ਇਸ ਦੌਰਾਨ ਮਹਿਲਾ ਪਾਣੀ ਦੇ ਤੇਜ਼ ਵਹਾਅ 'ਚ ਬਹਿ ਗਈ। ਸ਼ੁੱਕਰਵਾਰ ਸਵੇਰੇ ਕੁਝ ਦੂਰੀ 'ਤੇ ਕਾਰ ਤਾਂ ਮਿਲ ਗਈ, ਪਰ ਮਹਿਲਾ ਦਾ ਕੋਈ ਸੁਰਾਗ ਨਹੀਂ ਲੱਗਾ।

## ਖੇਤੀਬਾੜੀ ਵਿਭਾਗ ਵੱਲੋਂ ਹੜ੍ਹ ਪ੍ਰਭਾਵਤ ਇਲਾਕਿਆਂ 'ਚ ਪਸ਼ੂਆਂ ਲਈ ਤੂੜੀ ਵੰਡੀ




**ਮੱਖੂ (ਰਛਪਾਲ ਸਿੰਘ ਸੰਧੂ)**-ਸਤਲੁਜ ਦਰਿਆ ਵਿੱਚ ਜ਼ਿਆਦਾ ਪਾਣੀ ਆਉਣ ਨਾਲ ਜਿੱਥੇ ਕਿਸਾਨਾਂ ਦੀਆਂ ਫ਼ਸਲਾਂ ਬੁਰੀ ਤਰ੍ਹਾਂ ਪ੍ਰਭਾਵਤ ਹੋਈਆਂ ਹਨ, ਉਥੇ ਚਾਰੇ ਦੀਆਂ ਫ਼ਸਲਾਂ ਤੇ ਤੂੜੀ ਹੜ੍ਹ ਵਿੱਚ ਵਹਿ ਜਾਣ ਕਾਰਨ ਬੇਜ਼ੁਬਾਨੇ ਪਸ਼ੂਆਂ ਨੂੰ ਭੁੱਖ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਦੀ ਭਰਪਾਈ ਲਈ ਜ਼ਿਲ੍ਹਾ ਪ੍ਰਸ਼ਾਸਨ ਫ਼ਿਰੋਜ਼ਪੁਰ ਵਲੋਂ ਮਾਣਯੋਗ ਡਿਪਟੀ ਕਮਿਸ਼ਨਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀ ਮਦਦ ਨਾਲ ਡਾ. ਰਜਿੰਦਰ ਕੁਮਾਰ ਮੁੱਖ ਖੇਤੀਬਾੜੀ ਅਫ਼ਸਰ ਫ਼ਿਰੋਜ਼ਪੁਰ ਦੀ ਰਹਿਨੁਮਾਈ ਤੇ ਡਾ. ਗੁਰਵੰਤ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ ਫ਼ਿਰੋਜ਼ਪੁਰ ਦੀਆਂ ਕੋਸ਼ਿਸ਼ਾਂ ਸਦਕਾ ਬਲਾਕ ਮਖੂ ਦੇ ਹੜ੍ਹ ਪ੍ਰਭਾਵਤ ਇਲਾਕੇ ਵਿਚ ਪਸ਼ੂਆਂ ਲਈ ਸੁੱਕੇ ਚਾਰੇ ਵਾਸਤੇ ਤੂੜੀ ਦਾ ਟਰੱਕ ਭੇਜਿਆ ਗਿਆ ਹੈ। ਇਸ ਤੂੜੀ ਦੇ ਟਰੱਕ ਨੂੰ ਹਲਕੇ ਦੇ ਵਿਧਾਇਕ ਨਰੇਸ਼ ਕਟਾਰੀਆ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਕਟਾਰੀਆ ਵੱਲੋਂ ਬਲਾਕ ਮਖੂ ਦੀ ਖੇਤੀਬਾੜੀ ਵਿਭਾਗ ਦੀ ਟੀਮ ਡਾ. ਬਲਵਿੰਦਰ ਸਿੰਘ ਬਲਾਕ ਖੇਤੀਬਾੜੀ ਅਫ਼ਸਰ, ਡਾ. ਬਚਿੱਤਰ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ, ਭੂਪਿੰਦਰ ਸਿੰਘ ਤੇ ਜਤਿੰਦਰ ਸਿੰਘ ਖੇਤੀਬਾੜੀ ਉਪ ਨਿਰੀਖਕ, ਸਿਮਰਪਾਲ ਸਿੰਘ ਬਲਾਕ ਟੈਕਨਾਲੋਜੀ ਮੈਨੇਜਰ ਤੇ ਵਰੁਣ ਸਰਮਾ ਕਿਸਾਨ ਸੁਪਰਵਾਈਜ਼ਰ ਦੇ ਸਹਿਯੋਗ ਨਾਲ ਹੜ੍ਹ ਪੀੜਤ ਕਿਸਾਨਾਂ ਵਿੱਚ ਤੂੜੀ ਦੀ ਵੰਡ ਕੀਤੀ ਗਈ ਤਾਂ ਜੁ ਇਸ ਮੁਸ਼ਕਲ ਦੀ ਘੜੀ ਵਿੱਚ ਕਿਸਾਨ ਵੀਰ ਆਪਣੇ ਵਡਮੁੱਲੇ ਸਰਮਾਏ ਪਸ਼ੂ ਧਨ ਨੂੰ ਬਚਾ ਸਕਨ।

## ਸਿਹਤ ਵਿਭਾਗ ਨੇ ਬੱਚੀ ਦਾ ਸ.ਫਲ ਆਪ੍ਰੇਸ਼ਨ ਕਰਾਇਆ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਸਿਹਤ ਵਿਭਾਗ ਅਧੀਨ ਆਰ.ਬੀ.ਐਸ.ਕੇ. ਪ੍ਰੋਗਰਾਮ ਤਹਿਤ ਆਂਗਨਵਾੜੀ ਵਿੱਚ ਰਜਿਸਟਰਡ ਛੇ ਮਹੀਨੇ ਦੀ ਬੱਚੀ ਜਪਨੂਰ ਕੌਰ ਦੇ ਫਟੇ ਬੁੱਲ੍ਹ ਤੇ ਤਾਲੂ ਦਾ ਅਪ੍ਰੇਸ਼ਨ ਪੀ.ਜੀ.ਆਈ. ਚੰਡੀਗੜ੍ਹ ਤੋਂ ਮੁਫਤ ਕਰਾਇਆ ਗਿਆ। ਆਰ.ਬੀ.ਐਸ.ਕੇ ਟੀਮ ਦੇ ਮੈਂਬਰਾਂ ਡਾ. ਗੁਰਪ੍ਰੀਤ ਸਿੰਘ, ਡਾ. ਰਜ਼ਨੀਸ਼ ਤੇ ਨੇਹਾ ਸਿੰਗਲਾ ਨੇ ਦੱਸਿਆ ਕਿ ਫਟੇ ਬੁੱਲ੍ਹ ਅਤੇ ਤਾਲੂ ਕਾਰਨ ਬੱਚੀ ਫੀਡ ਲੈਣ ਵਿੱਚ ਦਿੱਕਤ ਮਹਿਸੂਸ ਕਰਦੀ ਸੀ ਅਤੇ ਜਮਾਂਦਰੂ ਬਿਮਾਰੀ ਕਾਰਨ ਕੰਨਾਂ ਦੀ ਇਨਫੈਕਸ਼ਨ, ਦੰਦਾਂ ਅਤੇ ਸੁਨਣ ਸ਼ਕਤੀ ਵਿੱਚ ਕਮੀ ਦੇ ਨਾਲ-ਨਾਲ ਭਵਿੱਖ ਵਿੱਚ ਸ਼ੁੱਧਤਾ ਨਾਲ ਬੋਲਣ ਦੀ ਸਮੱਸਿਆ ਆਉਂਦੀ ਹੈ। ਬੱਚੀ ਦੇ ਪਿਤਾ ਕੁਲਦੀਪ ਸਿੰਘ ਵਸਨੀਕ ਈਲਵਾਲ ਨੇ ਤਸੱਲੀ ਪ੍ਰਗਟਾਉਂਦੇ ਹੋਏ ਦੱਸਿਆ ਕਿ ਆਰ.ਬੀ.ਐਸ.ਕੇ. ਅਧੀਨ ਦੋਵੇਂ ਅਪ੍ਰੇਸ਼ਨਾਂ ਤੋਂ ਬਾਅਦ ਬੱਚੀ ਬਿਲਕੁਲ ਠੀਕ ਹੈ। ਆਰ.ਬੀ.ਐਸ.ਕੇ. ਤਹਿਤ ਲਗਭਗ 40 ਬਿਮਾਰੀਆਂ ਦਾ ਇਲਾਜ ਆਂਗਨਵਾੜੀ ਤੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਦਾ ਇਲਾਜ ਬਿਲਕੁਲ ਮੁਫ਼ਤ ਕਰਾਇਆ ਜਾਂਦਾ ਹੈ, ਜਿਸ ਤਹਿਤ ਦਿਲ ਦੇ ਛੇਕ, ਚਮੜੀ, ਦੰਦਾਂ ਤੇ ਕੰਨਾਂ ਦੇ ਰੋਗ ਆਦਿ ਸ਼ਾਮਲ ਹਨ।

## ਸਕੂਲ ਦੀ ਛੱਤ ਡਿੱਗਣ ਨਾਲ ਅਧਿਆਪਕਾ ਦੀ ਮੌਤ ਲਈ ਸਰਕਾਰ ਜ਼ਿੰਮੇਵਾਰ : ਡੀ ਟੀ ਐੱਫ਼



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਲੁਧਿਆਣਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੱਦੋਵਾਲ ਦੀ ਛੱਤ ਡਿੱਗਣ ਨਾਲ ਹੋਈ ਅਧਿਆਪਕਾ ਦੀ ਮੌਤ ਉੱਪਰ ਡੈਮੋਕ੍ਰੈਟਿਕ ਟੀਚਰਜ ਫਰੰਟ ਪੰਜਾਬ ਦੀ ਇਕਾਈ ਨੇ ਦੁੱਖ ਪ੍ਰਗਟਾਇਆ ਹੈ। ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਹਰੀਕੇ ਤੇ ਸਕੱਤਰ ਜੀਵਨ ਸਿੰਘ ਨੇ ਮੰਦਭਾਗੀ ਘਟਨਾ ਪਿੱਛੇ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਤੇ ਸਿੱਖਿਆ ਵਿਭਾਗ ਦੇ ਨਾਕਸ ਪ੍ਰਬੰਧਾਂ ਨੂੰ ਕਸੂਰਵਾਰ ਦੱਸਿਆ ਹੈ। ਉਨ੍ਹਾਂ ਆਖਿਆ ਕਿ ਇਸ ਘਟਨਾ ਲਈ ਪਿਛਲੀਆਂ ਸਰਕਾਰਾਂ ਵਾਂਗ ਮੌਜੂਦਾ ਸਰਕਾਰ ਵੱਲੋਂ ਵੀ ਨਾਕਾਮ ਪ੍ਰਬੰਧਾਂ ਨੂੰ ਛੁਪਾਉਣ ਲਈ ਖਸਤਾ ਹਾਲਤ ਇਮਾਰਤਾਂ ਤੇ ਰੰਗ ਰੋਗਨ ਕਰਵਾ ਕੇ ਸਮਾਰਟ ਸਕੂਲ/ਸਕੂਲ ਆਫ਼ ਐਮੀਨੈਂਸ ਦੇ ਬੋਰਡ ਟੰਗਣ ਦੀ ਨੀਤੀ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ। ਜਥੇਬੰਦੀ ਦੇ ਆਗੂਆਂ ਗੁਰਪ੍ਰੀਤ ਸਿੰਘ ਲੰਬੀ, ਅਮਿਤ ਬੱਬਰ, ਵਰਿੰਦਰ ਬਹਿਲ, ਸੁਰਿੰਦਰ ਸੇਤੀਆ ਤੇ ਪਰਮਿੰਦਰ ਖੋਖਰ ਨੇ ਆਖਿਆ ਕਿ ਇਸ਼ਤਿਹਾਰਾਂ 'ਤੇ ਕਰੋੜਾਂ ਰੁਪਏ ਖਰਚ ਕਰਨ ਵਾਲੀ 'ਆਪ' ਸਰਕਾਰ ਦੇ ਸਕੂਲਾਂ ਦੀਆਂ ਖਸਤਾ ਹਾਲ ਇਮਾਰਤਾਂ ਅਧਿਆਪਕਾਂ ਦੀ ਜਾਨ ਲੈ ਰਹੀਆਂ ਹਨ। ਉਨ੍ਹਾਂ ਹੋਣਹਾਰ ਅਧਿਆਪਕਾ ਰਵਿੰਦਰ ਕੌਰ ਦੀ ਮੌਤ ਲਈ ਪੰਜਾਬ ਸਰਕਾਰ ਨੂੰ ਜ਼ਿੰਮੇਵਾਰ ਦੱਸਦਿਆਂ ਆਖਿਆ ਕਿ ਇਸ਼ਤਿਹਾਰਬਾਜ਼ੀ ਦੀ ਥਾਂ ਨੀਤੀਆਂ ਬਦਲਣ ਦੀ ਲੋੜ ਹੈ। ਅਧਿਆਪਕ ਆਗੂਆਂ ਨੇ ਅਜਿਹੀਆਂ ਦੁਰਘਟਨਾਵਾਂ ਰੋਕਣ ਲਈ ਸਕੂਲਾਂ ਪ੍ਰਬੰਧ ਨੂੰ ਸੁਧਾਰਨ ਦੀ ਲੋੜ 'ਤੇ ਜ਼ੋਰ ਦਿੱਤਾ।

## ਕੂੜਾ ਡੰਪ ਨੂੰ ਚੁਕਾਉਣ ਲਈ ਧਰਨਾ 13ਵੇਂ ਦਿਨ ਵੀ ਜਾਰੀ




**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਕੂੜੇ ਦਾ ਡੰਪ ਹਟਾਓ ਸੰਘਰਸ਼ ਕਮੇਟੀ ਵੱਲੋਂ ਨਗਰ ਕੌਂਸਲ ਤੇ ਪ੍ਰਸ਼ਾਸਨ ਦੇ ਖਿਲਾਫ਼ ਆਪਣਾ ਰੋਸ ਪ੍ਰਗਟ ਕਰਦੇ ਹੋਏ ਸ਼ਾਂਤਮਈ ਲਾਇਆ ਧਰਨਾ 13ਵੇਂ ਦਿਨ ਵੀ ਜਾਰੀ ਰਿਹਾ। ਮਾਦੋਦਾਸ ਸਿੰਘ ਖਾਲਸਾ ਤੇ ਇਕਬਾਲ ਸਿੰਘ ਨੰਬਰਦਾਰ ਸਮੇਤ ਧਰਨਾਕਾਰੀਆਂ ਨੇ ਦੱਸਿਆ ਕਿ ਨਗਰ ਕੌਂਸਲ ਵੱਲੋਂ ਬੀਤੇ ਕਈ ਸਾਲਾਂ ਤੋਂ ਪਿਓਰੀ ਫਾਕਟ ਨੇੜੇ ਕਰੀਬ 4 ਏਕੜ ਜ਼ਮੀਨ ਵਿੱਚ ਸ਼ਹਿਰ ਦਾ ਕੂੜਾ ਕਰਕਟ ਇਕੱਠਾ ਕਰਕੇ ਡੰਪ ਬਣਾਇਆ ਹੋਇਆ ਹੈ, ਜਦ ਤੱਕ ਇਹ ਕੂੜੇ ਦਾ ਡੰਪ ਚੁੱਕਿਆ ਨਹੀਂ ਜਾਂਦਾ, ਇਹ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਦੱਸਿਆ ਕਿ ਨਗਰ ਕੌਂਸਲ ਵੱਲੋਂ ਡੰਪ ਕੀਤੇ ਜਾ ਰਹੇ ਕੂੜੇ ਕਾਰਨ ਆਸ-ਪਾਸ ਦੇ ਲੋਕਾਂ ਨੂੰ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੰਘਰਸ਼ ਕਮੇਟੀ ਵੱਲੋਂ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ, ਐੱਸ.ਡੀ.ਐੱਮ. ਗਿੱਦੜਬਾਹਾ ਤੇ ਨਗਰ ਕੌਂਸਲ ਦੇ ਕਾਰਜਸਾਧਕ ਅਫ਼ਸਰ ਨੂੰ ਮੰਗ ਪੱਤਰ ਦਿੱਤਾ ਗਿਆ ਸੀ, ਪਰ ਪ੍ਰਸ਼ਾਸਨ ਵੱਲੋਂ ਇਸ ਸਮੱਸਿਆ ਦੇ ਹੱਲ ਲਈ ਕੋਈ ਪੁਖਤਾ ਕਦਮ ਨਾ ਚੁੱਕੇ ਜਾਣ ਕਾਰਨ ਲੋਕਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਜਲਦੀ ਸਮੱਸਿਆ ਦਾ ਹੱਲ ਨਾ ਕੀਤਾ ਤਾਂ ਉਹ ਕਿਸਾਨ ਜਥੇਬੰਦੀਆਂ ਅਤੇ ਹੋਰ ਸੰਸਥਾਵਾਂ ਨੂੰ ਆਪਣੇ ਸੰਘਰਸ਼ ਵਿੱਚ ਸਹਿਯੋਗ ਦੇਣ ਲਈ ਸੱਦਾ ਦੇਣਗੇ। ਲੋਕ ਦੀ ਪੁਰਜ਼ੋਰ ਮੰਗ ਹੈ ਕਿ ਡੰਪ ਵਾਲੀ ਜਗ੍ਹਾ ਤੇ ਮਲਟੀਪਰਪਜ਼ ਖੇਡ ਸਟੇਡੀਅਮ ਬਣਾਇਆ ਜਾਵੇ।

## ਕੋ-ਆਪ੍ਰੇਟਿਵ ਐਗਰੀਕਲਚਰ ਸੁਸਾਇਟੀ ਲੱਡਾ ਦੀ ਪ੍ਰੰਬਧਕ ਕਮੇਟੀ ਦੀ ਚੋਣ



**ਧੂਰੀ (ਸੁਖਦੇਵ ਧੂਰੀ)**-ਧੂਰੀ ਹਲਕੇ ਦੇ ਪਿੰਡ ਲੱਡਾ ਦੀ ਕੋ-ਆਪ੍ਰੇਟਿਵ ਐਗਰੀਕਲਚਰ ਸੁਸਾਇਟੀ ਦੀ ਪ੍ਰੰਬਧਕ ਕਮੇਟੀ ਦੀ ਹੋਈ ਚੋਣ ਵਿੱਚ ਬਲਵਿੰਦਰ ਸਿੰਘ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ। ਇਹ ਚੋਣ ਖੇਤੀਬਾੜੀ ਸਹਿਕਾਰੀ ਸਭਾ ਲੱਡਾ ਵਿਖੇ ਸੈਕਟਰੀ ਗੁਰਿੰਦਰ ਸਿੰਘ ਬਬਲੂ ਬੇਨੜਾ ਦੀ ਦੇਖ-ਰੇਖ ਹੇਠ ਹੋਈ। ਇਸ ਮੌਕੇ ਪਿੰਡ ਲੱਡਾ ਦੇ ਉੱਦਮੀ ਨੌਜਵਾਨ ਸਰਪੰਚ ਮਿੱਠੂ ਲੱਡਾ ਨੇ ਉਕਤ ਕਮੇਟੀ ਦੀ ਸਰਬਸੰਮਤੀ ਨਾਲ ਹੋਈ ਚੋਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਸ ਸਭਾ ਦੇ ਕਮੇਟੀ ਮੈਂਬਰਾਂ ਦੀ ਲਗਪਗ 44 ਸਾਲ ਬਾਅਦ ਸਰਬਸੰਮਤੀ ਨਾਲ ਚੋਣ ਹੋਈ ਹੈ ਅਤੇ ਇਸ ਸਭਾ ਦਾ ਪਿੰਡ ਲੱਡਾ ਤੇ ਪਿੰਡ ਪੇਧਨੀ ਕਲਾਂ ਦੇ ਲੋਕ ਲਾਭ ਉਠਾਉਂਦੇ ਹਨ। ਉਨ੍ਹਾ ਕਿਹਾ ਕਿ ਸਾਨੂੰ ਆਸ ਹੈ ਕਿ ਦੀ ਕੋ-ਆਪ੍ਰੇਟਿਵ ਐਗਰੀਕਲਚਰ ਸੁਸਾਇਟੀ ਲੱਡਾ ਦੀ ਨਵੀਂ ਚੁਣੀ ਪ੍ਰੰਬਧਕੀ ਕਮੇਟੀ ਇਸ ਸਭਾ ਨੂੰ ਹੋਰ ਬੁਲੰਦੀਆਂ 'ਤੇ ਲੇ ਕੇ ਜਾਵੇਗੀ। ਇਸ ਮੌਕੇ ਦੀ ਕੋ-ਆਪ੍ਰੇਟਿਵ ਐਗਰੀਕਲਚਰ ਸੁਸਾਇਟੀ ਲੱਡਾ ਦੀ ਪ੍ਰੰਬਧਕ ਕਮੇਟੀ ਦੀ ਸਰਬਸੰਮਤੀ ਨਾਲ ਹੋਈ ਚੋਣ ਵਿੱਚ ਪ੍ਰਧਾਨ ਬਲਵਿੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਨਾਜ਼ਰ ਸਿੰਘ, ਮੀਤ ਪ੍ਰਧਾਨ ਦਰਸ਼ਨ ਸਿੰਘ ਤੇ ਕੇਵਲ ਸਿੰਘ, ਜਸਵਿੰਦਰ ਕੌਰ ਤੇ ਮਨਜੀਤ ਕੌਰ ਆਦਿ ਕਮੇਟੀ ਮੈਂਬਰ ਚੁਣੇ ਗਏ। ਇਸ ਮੌਕੇ ਪ੍ਰੰਬਧਕ ਕਮੇਟੀ ਦੇ ਨਵ-ਨਿਯੁਕਤ ਪ੍ਰਧਾਨ ਬਲਵਿੰਦਰ ਸਿੰਘ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਆਪਣੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਵਾਂਗਾ। ਇਸ ਮੌਕੇ ਰਾਜਵੀਰ ਸਿੰਘ ਪੇਧਨੀ ਕਲਾਂ, ਹਰਜਿੰਦਰ ਸਿੰਘ ਸਾਬਕਾ ਪ੍ਰਧਾਨ ਦੀ ਕੋ-ਆਪ੍ਰੇਟਿਵ ਐਗਰੀਕਲਚਰ ਸੁਸਾਇਟੀ ਲੱਡਾ ਤੇ ਪ੍ਰਗਟ ਸਿੰਘ ਸਾਬਕਾ ਪੰਚਾਇਤ ਮੈਂਬਰ ਲੱਡਾ ਤੇ ਵੱਡੀ ਗਿਣਤੀ 'ਚ ਪਿੰਡ ਲੱਡਾ ਤੇ ਪੇਧਨੀ ਕਲਾਂ ਦੇ ਲੋਕ ਹਾਜ਼ਰ ਸਨ।

## ਐਸ ਐਸ ਬੋਰਡ ਵੱਲੋਂ ਵੱਖ-ਵੱਖ ਅਸਾਮੀਆਂ ਲਈ ਅਰਜ਼ੀਆਂ ਦੀ ਮੰਗ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਜ਼ਿਲ੍ਹੇ ਦੇ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਸਬੰਧੀ ਹਰੇਕ ਤਰ੍ਹਾਂ ਦੀ ਸਹਾਇਤਾ ਦੇਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਪ੍ਰਕਾਸ਼ਤ ਕੀਤੀਆਂ ਜਾਣ ਵਾਲੀਆਂ ਅਸਾਮੀਆਂ ਸਬੰਧੀ ਸਮੁੱਚੀ ਜਾਣਕਾਰੀ ਵੀ ਨੌਜਵਾਨਾਂ ਤੱਕ ਪੁਚਾਈ ਜਾਂਦੀ ਹੈ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਸ਼੍ਰੀਮਤੀ ਕੰਵਲਪੁਨੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਅਧੀਨ ਸੇਵਾਵਾਂ ਚੋਣ ਬੋਰਡ ਵੱਲੋਂ ਗਰੁੱਪ-ਸੀ ਦੀਆਂ ਵੱਖ-ਵੱਖ ਅਸਾਮੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਲੈਬੋਰਟਰੀ ਅਟੈਂਡੈਂਟ ਦੀਆਂ 27 ਅਸਾਮੀਆਂ, ਲੈਬੋਰਟਰੀ ਸਹਾਇਕ ਦੀਆਂ 09, ਲਾਇਬ੍ਰੇਰੀ ਸਹਾਇਕ ਦੀ 01, ਸਹਾਇਕ ਲਾਇਬ੍ਰੇਰੀਅਨ ਦੀ 01, ਪਰੂਫ਼ ਰੀਡਰ ਦੀਆਂ 02, ਕਾਪੀ ਹੋਲਡਰ ਦੀ 01, ਲਾਇਬ੍ਰੇਰੀਅਨ ਦੀ 01, ਮੋਟਰ ਗੱਡੀ ਇੰਸਪੈਕਟਰ ਦੀਆਂ 23, ਉਪ ਰੇਂਜਰ ਦੀਆਂ 05 ਅਤੇ ਮੱਛੀ ਪਾਲਣ ਅਫ਼ਸਰ ਦੀਆਂ 25 ਅਸਾਮੀਆਂ ਨੂੰ ਸਿੱਧੀ ਭਰਤੀ ਰਾਹੀਂ ਭਰਨ ਲਈ ਅਧੀਨ ਸੇਵਾਵਾਂ ਚੋਣ ਬੋਰਡ ਦੀ ਵੈਬਸਾਈਟ 'ਤੇ 28 ਅਗਸਤ ਤੋਂ ਆਨਲਾਇਨ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਇਸ ਭਰਤੀ ਦਾ ਵਿਸਥਾਰ ਪੂਰਵਕ ਨੋਟਿਸ ਤੇ ਅਪਲਾਈ ਕਰਨ ਦੀ ਅੰਤਿਮ ਮਿਤੀ ਸਬੰਧੀ ਸੂਚਨਾਂ ਬੋਰਡ ਦੀ ਵੈਬਸਾਈਟ 'ਤੇ ਅਪਲੋਡ ਕੀਤੀ ਜਾਵੇਗੀ।

## ਪੰਜਾਬ ਕੈਬਨਿਟ ਮੀਟਿੰਗ 'ਚ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰੇ ਪੰਜਾਬ ਸਰਕਾਰ : ਗੁਰਜੰਟ ਕੋਕਰੀ


ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੇ ਸੂਬਾ ਆਗੂ ਬਿਆਨ ਜਾਰੀ ਕਰਦੇ ਹੋਏ।

**ਮੋਗਾ (ਅਮਰਜੀਤ ਬੱਬਰੀ)**

ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੇ ਸੂਬਾ ਕਨਵੀਨਰ ਗੁਰਜੰਟ ਸਿੰਘ ਕੋਕਰੀ, ਕੋ ਕਨਵੀਨਰ ਟਹਿਲ ਸਿੰਘ ਸਰਾਭਾ, ਰਣਦੀਪ ਸਿੰਘ ਫ਼ਤਹਿਗੜ੍ਹ ਸਾਹਿਬ, ਕੰਵਲਜੀਤ ਸਿੰਘ ਰੋਪੜ, ਦਰਸ਼ੀ ਕਾਂਤ ਰਾਜਪੁਰਾ, ਮਨਦੀਪ ਸਰਥਲੀ ਰੋਪੜ ਵੱਲੋਂ ਸਾਂਝਾ ਬਿਆਨ ਜਾਰੀ ਕਰਦੇ ਹੋਏ ਪੰਜਾਬ ਸਰਕਾਰ ਨੂੰ ਪੁਰਜ਼ੋਰ ਅਪੀਲ ਕੀਤੀ ਕਿ 28 ਅਗਸਤ ਦੀ ਪੰਜਾਬ ਕੈਬਨਿਟ ਮੀਟਿੰਗ ਵਿੱਚ 1972 ਦੇ ਪੈਨਸ਼ਨ ਨਿਯਮਾਂ ਅਨੁਸਾਰ ਪੁਰਾਣੀ ਪੈਨਸਨ ਸਕੀਮ ਅਮਲੀ ਰੂਪ ਵਿੱਚ ਲਾਗੂ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣ।

ਆਗੂਆਂ ਵੱਲੋਂ ਦੱਸਿਆ ਗਿਆ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਦੀਆਂ ਹੋਈਆਂ ਮੀਟਿੰਗਾਂ ਵਿੱਚ ਆਗੂਆਂ ਵੱਲੋਂ 1972 ਦੇ ਪੈਨਸਨ ਨਿਯਮਾਂ ਤੇ 01-01-2004 ਤੋਂ ਪਹਿਲਾਂ ਚੱਲਦੀ ਪੈਨਸ਼ਨ ਸਕੀਮ ਇੰਨ-ਬਿੰਨ ਲਾਗੂ ਕਰਨ ਦੀ ਗੱਲ ਤੱਥਾਂ ਤੇ ਦਸਤਾਵੇਜ਼ਾਂ ਸਮੇਤ ਰੱਖੀ ਹੈ। ਇਸ ਤੋਂ ਉਪਰੰਤ 22 ਅਗਸਤ ਨੂੰ ਪੰਜਾਬ ਉਰਜਾ ਵਿਕਾਸ ਏਜੰਸੀ, ਚੰਡੀਗੜ੍ਹ ਵਿਖੇ ਕੈਬਿਨੇਟ ਸਬ ਕਮੇਟੀ ਮੈਂਬਰ ਕੁਲਦੀਪ ਸਿੰਘ ਧਾਲੀਵਾਲ ਕੈਬਿਨੇਟ ਮੰਤਰੀ ਨਾਲ ਮੀਟਿੰਗ ਵਿੱਚ ਜਲਦੀ ਤੋਂ ਜਲਦੀ ਜਨਵਰੀ 2004 ਤੋਂ ਬਾਅਦ ਨਿਯੁਕਤ ਸਮੂਹ ਮੁਲਾਜਮਾਂ ਉੱਪਰ ਪੁਰਾਣੀ ਪੈਨਸ਼ਨ ਸਕੀਮ ਅਮਲੀ ਰੂਪ ਵਿੱਚ ਲਾਗੂ ਕਰਨ ਤੇ ਐਨ.ਪੀ.ਐਸ. ਦੀ ਕਟੌਤੀ ਬੰਦ ਕਰਕੇ ਜੀਪੀਐਫ਼ ਕਟੌਤੀ ਸੁਰੂ ਕਰਨ ਮੰਗ ਜ਼ੋਰ ਦਾ ਢੰਗ ਨਾਲ ਰੱਖੀ ਗਈ। ਮੀਟਿੰਗ ਵਿੱਚ ਆਗੂਆਂ ਵੱਲੋਂ ਤੱਥਾਂ ਤੇ ਦਸਤਾਵੇਜ਼ਾਂ 'ਤੇ ਅਧਾਰਤ ਗੱਲ ਕੀਤੀ ਗਈ। ਆਗੂਆਂ ਵੱਲੋਂ ਜ਼ੋਰ ਦੇ ਕੇ ਕਿਹਾ ਗਿਆ ਕਿ ਜਦੋਂ ਵੀ ਪੰਜਾਬ ਸਰਕਾਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰ ਦਿੰਦੀ ਹੈ ਤਾਂ ਪੰਜਾਬ ਦੇ ਮੁਲਾਜ਼ਮਾਂ ਦਾ ਜੀ ਪੀ ਐਫ ਲਗਪਗ 180 ਕਰੋੜ ਰੁਪਏ ਮਹੀਨਾ ਕਟੌਤੀ ਉਪਰੰਤ ਪੰਜਾਬ ਸਰਕਾਰ ਦੇ ਖ਼ਜ਼ਾਨੇ ਵਿੱਚ ਆਵੇਗਾ ਅਤੇ ਪੰਜਾਬ ਸਰਕਾਰ ਦਾ ਐਨ.ਪੀ.ਐਸ. ਕਟੌਤੀ ਦਾ 14% ਸ਼ੇਅਰ ਲਗਭਗ 190 ਕਰੋੜ ਪੰਜਾਬ ਸਰਕਾਰ ਦੇ ਖ਼ਜ਼ਾਨੇ ਵਿੱਚ ਹੀ ਰਹੇਗਾ, ਜਿਸ ਨਾਲ ਸਾਨੂੰ ਲਗਭਗ 4000 ਕਰੋੜ ਸਾਲਾਨਾ ਦਾ ਮਾਲੀਆ ਇਕੱਠਾ ਹੋਵੇਗਾ, ਜਿਸ ਨਾਲ ਪੰਜਾਬ ਸਰਕਾਰ ਦੇ ਆਰਥਿਕ ਬਜਟ ਨੂੰ ਵੱਡਾ ਬਲ ਮਿਲੇਗਾ। ਮੋਰਚੇ ਵੱਲੋਂ ਰੱਖੇ ਗਏ ਤੱਥਾਂ ਭਰਭੂਰ ਪੱਤਰਾਂ ਅਤੇ ਵੇਰਵਿਆਂ ਉਤੇ ਕੈਬਿਨੇਟ ਮੰਤਰੀ ਵੱਲੋਂ ਹਾਂ ਪੱਖੀ ਹੁੰਗਾਰਾ ਭਰਿਆ ਸੀ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁਲਾਜਮਾਂ ਲਈ ਪੁਰਾਣੀ ਪੈਨਸ਼ਨ ਸਕੀਮ 100% ਲਾਗੂ ਕਰਨੀ ਹੈ। ਆਗੂਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਜਨਵਰੀ 2004 ਤੋਂ ਬਾਅਦ ਨਿਯੁਕਤ ਮੁਲਾਜਮਾਂ ਦੀ ਜੀ.ਪੀ.ਐੱਫ. ਕਟੌਤੀ ਸ਼ੁਰੂ ਨਾ ਕੀਤੀ ਤਾਂ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਵੱਲੋਂ 1 ਸਤੰਬਰ ਤੋਂ 15 ਸਤੰਬਰ ਤੱਕ ਪੂਰੇ ਪੰਜਾਬ ਵਿਚ 'ਪੁਰਾਣੀ ਪੈਨਸ਼ਨ ਲਾਗੂ ਕਰੋ, ਐਨ.ਪੀ.ਐਸ. ਕਟੌਤੀ ਬੰਦ ਕਰੋ, ਜੀ.ਪੀ.ਐਫ਼. ਕਟੌਤੀ ਸੁਰੂ ਕਰੋ' ਮੁਹਿੰਮ ਸੁਰੂ ਕੀਤੀ ਜਾਵੇਗੀ, ਜਿਸ ਅਧੀਨ ਪੂਰੇ ਪੰਜਾਬ ਵਿੱਚ ਬਲਾਕਾਂ, ਤਹਿਸੀਲਾਂ, ਡੀਪੂਆਂ, ਦਫ਼ਤਰਾਂ ਵਿੱਚ ਐਕਸ਼ਨ ਕੀਤੇ ਜਾਣਗੇ।

## ਗਣਪਤੀ ਸੇਵਾ ਸੰਘ ਦੀ ਟੀਮ ਦਾ ਸਨਮਾਨ



**ਖੰਨਾ (ਸੁਖਵਿੰਦਰ ਸਿੰਘ ਭਾਦਲਾ ਪਰਮਿੰਦਰ ਸਿੰਘ ਮੋਨੂੰ)**-ਮਾਤਾ ਪਿਤਾਂਬਰਾ ਦਾ ਆਸ਼ੀਰਵਾਦ ਲੈਣ ਲਈ ਸ੍ਰੀ ਗਣਪਤੀ ਸੇਵਾ ਸੰਘ ਦੀ ਸਮੁੱਚੀ ਟੀਮ ਮਾਂ ਬਗਲਾਮੁਖੀ ਧਾਮ ਖੰਨਾ ਪਹੁੰਚੀ। ਜਿਸ ਵਿਚ ਉਥੋਂ ਦੀ ਕਮੇਟੀ ਅਤੇ ਗੁਰੂ ਜੀ ਜੈ ਸ਼ਾਸਤਰੀ ਨੇ ਸਮੁੱਚੀ ਟੀਮ ਨੂੰ ਵਧਾਈ ਦਿੱਤੀ ਅਤੇ ਸਮੂਹ ਖੰਨਾ ਨਿਵਾਸੀਆਂ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਧਰਮ ਦੇ ਕੰਮ ਵਿਚ ਪ੍ਰੇਰਨ। ਖੰਨਾ ਦੀ ਸਮੁੱਚੀ ਕਮੇਟੀ ਨੇ ਉਨ੍ਹਾਂ ਦਾ ਸਨਮਾਨ ਕੀਤਾ ਅਤੇ ਉਨ੍ਹਾਂ ਨੇ ਇਕ ਦੂਜੇ 'ਤੇ ਭਰੋਸਾ ਕੀਤਾ ਆਉਣ ਵਾਲੇ ਸਮੇਂ ਵਿਚ ਵੀ ਸਾਰੇ ਧਾਰਮਕ ਕਾਰਜ ਆਪਸ ਵਿਚ ਰਲ ਮਿਲ ਕੇ ਕਰਦੇ ਰਹਿਣਗੇ। ਸ੍ਰੀ ਗਣਪਤੀ ਸੇਵਾ ਸੰਘ ਦੇ ਪ੍ਰਧਾਨ ਮਹਿੰਦਰ ਅਰੋੜਾ, ਪ੍ਰਧਾਨ ਸੁਖਦੇਵ ਰਤਨ (ਆਸ਼ੂ), ਮੀਤ ਪ੍ਰਧਾਨ ਰਮਨ ਵਰਮਾ, ਜਨਰਲ ਸਕੱਤਰ ਕਰਨ ਵਰਮਾ, ਕੈਸ਼ੀਅਰ ਸੁਰਿੰਦਰ ਪੱਪੂ, ਗੁਰੂ ਜੀ ਜੈ. ਸ਼ਾਸਤਰੀ, ਮੈਂਬਰ ਰਿਕੂ ਵਰਮਾ, ਸੋਨੂੰ, ਸੰਨੀ, ਵਿਜੇ, ਭਾਰਤ ਭੂਸ਼ਨ (ਰਿੰਕੂ), ਤਰੁਣ ਸ਼ਰਮਾ, ਰੋਹਿਤ ਵਰਮਾ, ਦੀਪਾ, ਸੰਜੂ ਅਤੇ ਹੋਰ ਮੈਂਬਰ ਹਾਜ਼ਰ ਸਨ।

## ਮਾਤਾ ਗੁਜਰੀ ਕਾਲਜ ਦੇ ਵਿਦਿਆਰਥੀ ਨੇ ਸ਼ੇਰ-ਏ-ਪੰਜਾਬ ਕ੍ਰਿਕਟ ਟੂਰਨਾਮੈਂਟ 'ਚ ਨਾਮਣਾ ਖੱਟਿਆ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਬੀ.ਏ ਭਾਗ ਤੀਸਰਾ ਦੇ ਹੋਣਹਾਰ ਵਿਦਿਆਰਥੀ ਜਸਕਰਨਵੀਰ ਸਿੰਘ ਪੌਲ ਨੇ ਜੇ.ਕੇ. ਸੁਪਰ ਸਟਰਾਈਕਰਜ਼ ਟੀਮ ਵੱਲੋਂ ਪੀ.ਸੀ.ਏ. ਸਟੇਡੀਅਮ ਮੋਹਾਲੀ ਵਿਖੇ ਆਯੋਜਿਤ ਸ਼ੇਰ-ਏ-ਪੰਜਾਬ ਕ੍ਰਿਕਟ ਟੂਰਨਾਮੈਂਟ 'ਚ ਸ਼ਾਨਦਾਰ ਪ੍ਰਦਰਸ਼ਨ ਦੁਆਰਾ ਕੁੱਲ 419 ਰਨ ਬਣਾ ਕੇ ਬਹੁਤ ਨਾਮਣਾ ਖੱਟਿਆ। ਕਾਲਜ ਗਵਰਨਿੰਗ ਬਾਡੀ ਦੇ ਐਡੀਸ਼ਨਲ ਸਕੱਤਰ ਸਾਹਿਬ ਜਗਦੀਪ ਸਿੰਘ ਚੀਮਾ ਨੇ ਹੋਣਹਾਰ ਵਿਦਿਆਰਥੀ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਮਾਤਾ ਗੁਜਰੀ ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕ ਸਿਰਮੌਰ ਸਿੱਖਿਆ ਸੰਸਥਾ ਹੈ ਜਿਸ ਵੱਲੋਂ ਧਰਮ ਦੇ ਪ੍ਰਚਾਰ, ਸਿੱਖਿਆ ਅਤੇ ਖੇਡਾਂ ਦੇ ਖੇਤਰ 'ਚ ਨਿਰੰਤਰ ਵਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ ਜਿਸ ਦੀ ਬਦੌਲਤ ਕਾਲਜ ਵਿੱਚੋਂ ਪੜ੍ਹੇ ਅਨੇਕਾਂ ਖਿਡਾਰੀਆਂ ਨੇ ਕੌਮਾਂਤਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਖੇਡ ਮੁਕਾਬਲਿਆਂ ਵਿੱਚ ਮੱਲਾਂ ਮਾਰੀਆਂ ਹਨ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਕਾਲਜ ਦੇ ਖੇਡ ਵਿਭਾਗ ਨੂੰ ਵਧਾਈ ਦਿੰਦਿਆਂ ਅਤੇ ਹੋਣਹਾਰ ਖਿਡਾਰੀ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਡੀਨ ਸਪੋਰਟਸ ਡਾ. ਦਵਿੰਦਰ ਸਿੰਘ ਨੇ ਜੇਤੂ ਖਿਡਾਰੀ ਨੂੰ ਵਧਾਈ ਦਿੱਤੀ ਅਤੇ ਕਾਲਜ ਦੇ ਵਿਦਿਆਰਥੀਆਂ ਦੀਆਂ ਖੇਡ ਗਤੀਵਿਧੀਆਂ 'ਤੇ ਚਾਨਣਾ ਪਾਇਆ। ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਜੇਤੂ ਖਿਡਾਰੀ ਨੂੰ ਹੋਰ ਅੱਗੇ ਵਧਣ ਲਈ ਉਤਸ਼ਾਹਿਤ ਕੀਤਾ। ਕਾਲਜ ਦੀ ਕ੍ਰਿਕਟ ਟੀਮ ਦੇ ਇੰਚਾਰਜ ਪ੍ਰੋ. ਮੁਹੰਮਦ ਅਨਵਰ ਨੇ ਵੀ ਜੇਤੂ ਖਿਡਾਰੀ ਨੂੰ ਵਧਾਈ ਦਿੱਤੀ ਕਾਲਜ ਦੇ ਖੇਡ ਵਿਭਾਗ ਦੇ ਮੁਖੀ ਪ੍ਰੋ. ਹਰਜੀਤ ਕੌਰ ਨੇ ਕਾਲਜ ਵਿੱਚ ਖੇਡਾਂ ਨੂੰ ਹੋਰ ਪ੍ਰਫੁੱਲਿਤ ਕਰਨ ਲਈ ਭਵਿੱਖ ਦੀਆਂ ਯੋਜਨਾਵਾਂ 'ਤੇ ਚਾਨਣਾ ਪਾਇਆ। ਇਸ ਮੌਕੇ ਕੋਚ ਬਹਾਦਰ ਸਿੰਘ ਨੇ ਵੀ ਹੋਣਹਾਰ ਵਿਦਿਆਰਥੀ ਨੂੰ ਸੁਨਹਿਰੀ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

## ਚੱਕ ਸੁਹੇਲੇਵਾਲਾ ਦੇ ਜਗਮੀਤ ਸਿੰਘ ਨੇ ਚੰਦਰਯਾਨ 3 ਪ੍ਰੋਜੈਕਟ 'ਚ ਨਿਭਾਈ ਅਹਿਮ ਭੂਮਿਕਾ


ਪਿੰਡ ਚੱਕ ਸੁਹੇਲੇਵਾਲਾ ਦੇ ਇਕ ਕਿਸਾਨ ਪਰਵਾਰ ਨਾਲ ਸੰਬੰਧਤ ਜਗਮੀਤ ਸਿੰਘ।

**ਫਾਜ਼ਿਲਕਾ (ਨਿਸ਼ਾ ਸ਼ਰਮਾ)**

ਭਾਰਤ ਦਾ ਮਾਣ, ਚੰਦਰਯਾਨ 3 ਚੰਦ ਦੀ ਸਤਾ 'ਤੇ ਪਹੁੰਚ ਕੇ ਆਪਣੀ ਖੋਜ ਸ਼ੁਰੂ ਕਰ ਚੁੱਕਾ ਹੈ। ਪਰ ਨਾਲ ਹੀ ਇਸ ਚੰਦਰਯਾਨ ਨੂੰ ਇਸ ਮੁਕਾਮ 'ਤੇ ਲੈ ਕੇ ਜਾਣ ਵਾਲੇ ਇਸਰੋ ਨਾਲ ਜੁੜੇ ਸਿਤਾਰਿਆਂ ਦੇ ਨਾਂਅ ਵੀ ਸਾਹਮਣੇ ਆ ਰਹੇ ਹਨ। ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਡਾ: ਸੇਨੂ ਦੁੱਗਲ ਨੇ ਦੱਸਿਆ ਕਿ ਫਾਜ਼ਿਲਕਾ ਜ਼ਿਲ੍ਹੇ ਦੇ ਤਿੰਨ ਯੁਵਾ ਵਿਗਿਆਨੀਆਂ ਦੀ ਇਸ ਪ੍ਰੋਜੈਕਟ ਵਿਚ ਸ਼ਮੂਲੀਅਤ ਰਹੀ ਹੈ। ਉਨ੍ਹਾਂ ਨੇ ਇਨ੍ਹਾਂ ਵਿਗਿਆਨੀਆਂ ਨੂੰ ਵਧਾਈ ਦਿੰਦਿਆਂ ਕਿਹਾ ਹੈ ਕਿ ਇਨ੍ਹਾਂ ਦਾ ਇਹ ਕਾਰਜ ਸਾਡੀ ਅਗਲੀ ਪੀੜ੍ਹੀ ਨੂੰ ਵਿਗਿਆਨ ਵਿਚ ਰੁਚੀ ਪੈਦਾ ਕਰਨ ਵਿਚ ਸਹਾਈ ਸਿੱਧ ਹੋਵੇਗਾ। ਫਾਜ਼ਿਲਕਾ ਦੇ ਇਨ੍ਹਾਂ ਤਿੰਨ ਵਿਗਿਆਨੀਆਂ 'ਚ ਹੀ ਸ਼ਾਮਲ ਹੈ ਜ਼ਿਲ੍ਹੇ ਦੇ ਪਿੰਡ ਚੱਕ ਸੁਹੇਲੇਵਾਲਾ ਦੇ ਇਕ ਕਿਸਾਨ ਪਰਵਾਰ ਨਾਲ ਸੰਬੰਧਤ ਜਗਮੀਤ ਸਿੰਘ। ਜਗਮੀਤ ਸਿੰਘ ਦੇ ਮਾਤਾ ਪਿਤਾ ਸੁਖਮੰਦਰ ਕੌਰ ਤੇ ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਜਗਮੀਤ ਨੇ ਆਪਣੀ ਮੁਢਲੀ ਪੜ੍ਹਾਈ ਸ੍ਰੀ ਮੁਕਤਸਰ ਸਾਹਿਬ ਅਤੇ ਪਿੰਡ ਦੇ ਸਕੂਲ ਤੋਂ ਕੀਤੀ ਸੀ। ਜਦ ਕਿ ਆਈ ਆਈ ਟੀ ਰੋਪੜ ਤੋਂ ਆਪਣੀ ਉਚੇਰੀ ਵਿੱਦਿਆ ਪ੍ਰਾਪਤ ਕਰਕੇ ਉਹ ਇਸਰੋ ਨਾਲ ਜੁੜਿਆ ਅਤੇ ਦੇਸ਼ ਦੇ ਇਸ ਵਕਾਰੀ ਪ੍ਰੋਜੈਕਟ ਦਾ ਹਿੱਸਾ ਬਣਿਆ ਹੈ। ਉਹ ਆਖਦੇ ਹਨ ਕਿ ਇਹ ਨਾ ਕੇਵਲ ਉਨ੍ਹਾਂ ਲਈ ਸਗੋਂ ਉਨ੍ਹਾਂ ਦੇ ਪਿੰਡ, ਜਿਲ੍ਹੇ ਤੇ ਸੂਬੇ ਲਈ ਵੀ ਮਾਣ ਦੀ ਗੱਲ ਹੈ ਕਿ ਜਗਮੀਤ ਸਿੰਘ ਇਸ ਵੱਡੇ ਪ੍ਰੋਜੈਕਟ ਵਿਚ ਕੰਮ ਕਰਨ ਦਾ ਮਾਣ ਹਾਸਲ ਕਰ ਸਕਿਆ ਹੈ। ਜਗਮੀਤ ਸਿੰਘ ਦਾ ਵੱਡਾ ਭਰਾ ਵੀ ਵਿਗਿਆਨੀ ਹੀ ਹੈ ਜਿਸ ਨੇ ਆਪਣੀ ਆਈ ਆਈ ਟੀ ਬਨਾਰਸ ਤੋਂ ਕੀਤੀ ਸੀ ਅਤੇ ਇਕ ਮਲਟੀਨੈਸ਼ਨਲ ਕੰਪਨੀ ਵਿਚ ਕੰਮ ਕਰ ਰਿਹਾ ਹੈ। ਜਦ ਕਿ ਉਨ੍ਹਾਂ ਦੀ ਭੈਣ ਵੀ ਵਿਦੇਸ਼ ਵਿਚ ਨੌਕਰੀ ਕਰਦੀ ਹੈ। ਫਾਜ਼ਿਲਕਾ ਜ਼ਿਲ੍ਹੇ ਨੂੰ ਆਪਣੇ ਇਨ੍ਹਾਂ ਯੁਵਾ ਵਿਗਿਆਨੀਆਂ 'ਤੇ ਫਖਰ ਹੈ।

## ਪਿੰਡ ਅੱਚਲ 'ਚ ਲਗਾਇਆ ਜਨ ਸੁਵਿਧਾ ਕੈਂਪ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ 'ਸਰਕਾਰ ਆਪ ਦੇ ਦੁਆਰ' ਤਹਿਤ ਅੱਜ ਹਲਕਾ ਨਾਭਾ ਦੇ ਪਿੰਡ ਅੱਚਲ ਵਿਖੇ ਜਨ ਸੁਵਿਧਾ ਕੈਂਪ ਲਗਾਇਆ ਗਿਆ। ਜਿਸ ਵਿੱਚ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂਵਾਲਾ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਉਪ ਮੰਡਲ ਮੈਜਿਸਟਰੇਟ ਤਰਸੇਮ ਚੰਦ, ਤਹਿਸੀਲਦਾਰ ਅੰਕਿਤਾ ਅਗਰਵਾਲ ਤੋਂ ਇਲਾਵਾ ਵੱਖ-ਵੱਖ ਮਹਿਕਮਿਆਂ ਦੇ ਅਧਿਕਾਰੀ ਤੇ ਮੁਲਾਜ਼ਮ ਮੌਜੂਦ ਸਨ। ਚੇਅਰਮੈਨ ਜੱਸੀ ਸੋਹੀਆਂਵਾਲਾ ਨੇ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਦੇ ਲੋਕਾਂ ਨੂੰ ਸਰਕਾਰੀ ਸਹੂਲਤਾਂ ਦੇਣ ਲਈ ਵਚਨਬੱਧ ਹੈ। ਇਹ ਕੈਂਪ ਲੋਕਾਂ ਦੀ ਸੁਵਿਧਾ ਲਈ ਲਗਾਏ ਜਾ ਰਹੇ ਹਨ, ਤਾਂ ਜੋ ਲੋਕ ਇੱਕ ਛੱਤ ਥੱਲੇ ਆਪਣੇ ਕੰਮ ਕਰਵਾ ਸਕਣ ਅਤੇ ਖੱਜਲ ਖੁਆਰੀ ਤੋਂ ਬਚ ਸਕਣ। ਉਨ੍ਹਾ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਨੂੰ ਵੀ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਸਿੱਧੇ ਤੌਰ 'ਤੇ ਮੇਰੇ ਨਾਲ ਮੁਲਾਕਾਤ ਕਰ ਸਕਦੇ ਹਨ। ਮੈਂ 24 ਘੰਟੇ ਉਨ੍ਹਾਂ ਦੀ ਸੇਵਾ 'ਚ ਹਾਜ਼ਰ ਹਾਂ।

ਇਸ ਮੌਕੇ ਲਖਵੀਰ ਸਿੰਘ ਲੱਖੀ, ਗੁਰਜੰਟ ਸਿੰਘ ਤੇ ਜੁਝਾਰ ਸਿੰਘ ਦੀ ਅਗਵਾਈ ਹੇਠ ਪਿੰਡ ਵਾਸੀਆਂ ਵਲੋਂ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੂੰ ਪਿੰਡ ਵਾਸੀਆਂ ਦੀਆਂ ਮੰਗਾਂ ਸਬੰਧੀ ਮੰਗ ਪੱਤਰ ਵੀ ਦਿੱਤਾ ਗਿਆ। ਇਸ ਮੌਕੇ ਆਪ ਦੇ ਬਲਾਕ ਪ੍ਰਧਾਨ ਗੋਪੀ ਫੇਜਗੜ੍ਹ, ਵਪਾਰ ਵਿੰਗ ਦੇ ਬਲਾਕ ਪ੍ਰਧਾਨ ਰਮਨ ਜਿੰਦਲ ਭੋਲਾ, ਲਾਲੀ ਫਤਿਹਪੁਰ, ਹਰਮੀਤ ਸਿੰਘ ਬਾਜਵਾ, ਮਨਜੋਤ ਸਿੰਘ ਲੱਧਾਹੇੜੀ, ਹਰਜਿੰਦਰ ਸਿੰਘ ਖਾਲਸਾ, ਕਰਨਦੀਪ ਸਿੰਘ ਤੇਜੇ ਆਦਿ ਪਿੰਡ ਵਾਸੀ ਮੌਜੂਦ ਸਨ।

## ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਨੇ ਐੱਸ ਪੀ ਐੱਚ ਨੂੰ ਦਿੱਤਾ ਮੰਗ ਪੱਤਰ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਫ਼ਿਰੋਜ਼ਪੁਰ (ਪੱਛਮੀ) ਦੇ ਪ੍ਰਧਾਨ ਗੁਰਮੀਤ ਸਿੰਘ ਘੋੜੇ ਚੱਕ ਦੀ ਅਗਵਾਈ ਵਿੱਚ ਐੱਸਪੀਐੱਚ ਸੋਹਨ ਲਾਲ ਨੂੰ ਉਨ੍ਹਾਂ ਦੇ ਦਫਤਰ ਵਿਖੇ ਮਿਲਿਆ ਅਤੇ ਉਨ੍ਹਾਂ ਨੇ ਮੰਗ ਪੱਤਰ ਰਾਹੀਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਸ ਪ੍ਰਸ਼ਾਸਨ ਨੂੰ ਬੇਨਤੀ ਕੀਤੀ ਸਮਾਜ ਵਿਰੋਧੀ ਅਨਸਰਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ ਤਾਂ ਜੁ ਪੰਜਾਬ ਵਿਚ ਆਪਸੀ ਸਦਭਾਵਨਾ ਅਤੇ ਸ਼ਾਂਤੀ ਬਣੀ ਰਹੇ। ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਘੋੜੇ ਚੱਕ ਨੇ ਕਿਹਾ ਕਿ ਬੀਤੇ ਦਿਨ ਆਪਣੀ ਫਲੱਡ ਨਾਲ ਖਰਾਬ ਹੋਈਆਂ ਫ਼ਸਲਾਂ ਦਾ ਮੁਆਵਜ਼ਾ ਮੰਗਣ ਲਈ ਚੰਡੀਗੜ੍ਹ ਜਾ ਰਹੇ ਕਿਸਾਨਾਂ ਉਪਰ ਪੁਲਸ ਵੱਲੋਂ ਕੀਤੇ ਵਹਿਸ਼ੀਆਨਾ ਲਾਠੀਚਾਰਜ ਵਿਚ ਇਕ ਕਿਸਾਨ ਦੀ ਮੌਤ ਹੋ ਗਈ ਤੇ ਹੋਰ ਕਈ ਕਿਸਾਨਾਂ ਨੂੰ ਗੰਭੀਰ ਸੱਟਾਂ ਲੱਗੀਆਂ ਹਨ।

ਇਕਬਾਲ ਸਿੰਘ ਸੱਪਾਂਵਾਲੀ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ, ਜਿਸ ਪਾਰਟੀ ਵਿੱਚ ਬਣੇ ਹਨ ਉਹ ਵੀ ਪਾਰਟੀ ਸੰਘਰਸ਼ਾਂ ਵਿੱਚ ਨਿਕਲੀ ਹੋਈ ਹੈ। ਪਰ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਦੱਬਣ ਕੁਚਲਣ ਲਈ ਉਨ੍ਹਾਂ ਉਪਰ ਡਾਂਗਾਂ ਵਰ੍ਹਾਈਆਂ ਜਾ ਰਹੀਆਂ ਹਨ। ਉਨ੍ਹਾਂ ਨੇ ਸਰਕਾਰ ਵੱਲੋਂ ਕੀਤੀ ਘਿਨਾਉਣੀ ਕਾਰਵਾਈ ਦੀ ਪੁਰਜ਼ੋਰ ਨਿਖੇਧੀ ਕੀਤੀ ਅਤੇ ਮੰਗ ਕੀਤੀ, ਜਿਨ੍ਹਾਂ ਕਿਸਾਨਾਂ 'ਤੇ ਮੁੱਕਦਮੇ ਦਰਜ ਕੀਤੇ ਗਏ ਹਨ। ਉਨ੍ਹਾਂ ਦੇ ਮੁੱਕਦਮੇ ਰੱਦ ਕਰਕੇ ਕਿਸਾਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।

## ...ਸ.ਫ਼ਾ 1 ਦੇ ਬਾਕੀ

### ਉਹ ਹੀ ਸਮਾਜ ਖੁਸ਼ਹਾਲ...

ਭਾਵ ਸਰਕਾਰ ਵੱਲੋਂ ਸਰਕਾਰੀ ਰੁਜ਼ਗਾਰ ਦਿੱਤਾ ਜਾਵੇ। ਜੇ ਹਰੇਕ ਮਨੁੱਖ ਕੰਮ ਕਰਦਾ ਹੋਵੇਗਾ ਤੇ ਫਿਰ ਬੇਈਮਾਨੀ, ਠੱਗੀ, ਕੁਰੱਪਸ਼ਨ, ਚੋਰੀ, ਡਾਕਾ, ਧੱਕੇਸ਼ਾਹੀ ਆਪਣੇ ਆਪ ਖਤਮ ਹੋ ਜਾਵੇਗੀ। ਜਨਤਾ ਅਮਨ ਚੈਨ ਨਾਲ ਕੰਮ ਕਰੇਗੀ। ਸਮਾਜ ਤਰੱਕੀ ਦੀਆਂ ਮੰਜ਼ਲਾਂ 'ਤੇ ਪਹੁੰਚ ਜਾਵੇਗਾ। ਵਿਚਾਰ ਹੋਇਆ ਕਿ ਭਗਤ ਸਿੰਘ ਦੇ ਜਨਮ ਦਿਨ ਦੇ ਸਮਾਗਮ ਤੋਂ ਪਹਿਲਾਂ ਅੱਤਵਾਦ ਦੌਰਾਨ ਸ਼ਹੀਦ ਹੋਏ ਮਹਾਨ ਕਮਿਊਨਿਸਟ ਦਰਸ਼ਨ ਸਿੰਘ ਕਨੇਡੀਅਨ ਦੀ ਬਰਸੀ 'ਤੇ 25 ਸਤੰਬਰ ਨੂੰ ਉਨ੍ਹਾਂ ਦੇ ਪਿੰਡ ਵਿਚਾਰ ਚਰਚਾ ਹੋਵੇਗੀ। ਇਸ ਤੋਂ ਬਾਅਦ ਉਕਤ ਵਿਚਾਰਾਂ ਦੀ ਪੂਰਤੀ ਲਈ ਸਰਬ ਭਾਰਤ ਨੌਜਵਾਨ ਸਭਾ ਤੇ ਏ ਆਈ ਐਸ ਐਫ ਦੀਆਂ ਪੰਜਾਬ ਇਕਾਈਆਂ ਵੱਲੋਂ ਪਰਮਗੁਣੀ ਭਗਤ ਸਿੰਘ ਦੇ ਜਨਮ ਦਿਹਾੜੇ 'ਤੇ 28 ਸਤੰਬਰ ਨੂੰ ਦੇਸ਼ ਭਗਤ ਯਾਦਗਾਰ ਕੰਪਲੈਕਸ ਜਲੰਧਰ ਵਿਖੇ ਧੂਮ ਧੜੱਕੇ ਨਾਲ ਸੂਬਾਈ ਪੱਧਰ ਦਾ ਸਮਾਗਮ ਕੀਤਾ ਜਾ ਰਿਹਾ ਹੈ। ਇਸ ਸਮਾਗਮ ਦੀ ਕਾਮਯਾਬੀ ਲਈ ਹੁੰਮਹੁਮਾ ਕੇ ਪੁੱਜੋ। ਅੱਜ ਦੇ ਪ੍ਰੋਗਰਾਮ ਨੂੰ ਸੀ ਪੀ ਆਈ ਤਹਿਸੀਲ ਗੜ੍ਹਸ਼ੰਕਰ ਦੇ ਸਕੱਤਰ ਸਾਧੂ ਸਿੰਘ ਮਾਹਲਪੁਰ, ਰਾਜੇਸ਼ ਚਾਵਲਾ, ਭੀਮ ਸੈਨ, ਹਰਬੰਸ ਸਿੰਘ ਪਥਰਾਲਾ, ਨਰਿੰਦਰ ਸਿੰਘ, ਸ਼ਿਵਾ ਯਾਦਵ, ਕੁਲਦੀਪ ਸਿੰਘ ਮਹਿਲਪੁਰ, ਨਰਿੰਦਰ ਮੁੱਗੋਪੱਟੀ, ਰਜੀਵ ਕੁਮਾਰ ਚਾਵਲਾ ਨੇ ਵੀ ਸੰਬੋਧਨ ਕੀਤਾ।

### 2030 ਤੱਕ ਗ੍ਰੀਸ...

ਬੁਨਿਆਦੀ ਢਾਂਚੇ, ਖੇਤੀ, ਸਿੱਖਿਆ, ਨਵੀਂ ਅਤੇ ਉਭਰਦੀ ਉਦਯੋਗਿਕ ਅਤੇ ਕੌਸ਼ਲ ਵਿਕਾਸ ਦੇ ਖੇਤਰਾਂ 'ਚ ਆਪਣਾ ਸਹਿਯੋਗ ਵਧਾਉਣ ਅਤੇ ਆਪਣੀ ਰਣਨੀਤਿਕ ਸਾਂਝੇਦਾਰੀ ਨੂੰ ਮਜ਼ਬੂਤ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾ ਇੱਥੇ ਅੱਤਵਾਦ ਅਤੇ ਸਾਇਬਰ ਸੁਰੱਖਿਆ ਦੇ ਖੇਤਰ 'ਚ ਆਪਸੀ ਸਹਿਯੋਗ 'ਤੇ ਚਰਚਾ ਵੀ ਕੀਤੀ। ਉਨ੍ਹਾ ਕਿਹਾ ਕਿ ਅਸੀਂ ਗੱਲ 'ਤੇ ਸਹਿਮਤ ਹਾਂ ਕਿ ਸਾਡਾ ਦੁਵੱਲਾ ਵਪਾਰ ਤੇਜ਼ੀ ਨਾਲ ਵਧ ਰਿਹਾ ਅਤੇ ਆਉਣ ਵਾਲੇ ਸਮੇਂ 'ਚ ਵੀ ਇਸ 'ਚ ਵਾਧਾ ਹੋਣ ਦੀ ਸੰਭਾਵਨਾ ਹੈ, ਇਸ ਲਈ ਅਸੀਂ 2030 ਤੱਕ ਆਪਣੇ ਦੁਵੱਲੇ ਵਪਾਰ ਨੂੰ ਦੁੱਗਣਾ ਕਰਨ ਦਾ ਫੈਸਲਾ ਕੀਤਾ ਹੈ।

## ਵਿਕਾਸ ਮਿਸ਼ਨ ਦੋਖੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ : ਢੋਸੀਵਾਲ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗ਼ੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਪਿਛਲੇ ਕਈ ਸਾਲਾਂ ਤੋਂ ਸਮਾਜ ਸੇਵਾ ਦੇ ਕਾਰਜ ਕਰਦੀ ਆ ਰਹੀ ਹੈ। ਆਮ ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਾਉਣ ਲਈ ਸੰਸਥਾ ਵੱਲੋਂ ਸਾਸ਼ਨ ਪ੍ਰਸ਼ਾਸਨ ਨਾਲ ਤਾਲਮੇਲ ਕਰਕੇ ਉਨ੍ਹਾਂ ਨੂੰ ਹੱਲ ਕਰਾਉਣ ਲਈ ਸਾਰਥਿਕ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ।

ਮਿਸ਼ਨ ਨੂੰ ਆਮ ਲੋਕਾਂ ਵੱਲੋਂ ਭਰਪੂਰ ਸਹਿਯੋਗ ਦਿੱਤਾ ਜਾ ਰਿਹਾ ਹੈ। ਮਿਸ਼ਨ ਦੀ ਵਧੀਆ ਕਾਰਜਸ਼ੈਲੀ ਤੇ ਲੋਕ ਸਹਿਯੋਗ ਤੋਂ ਕੁੱਝ ਲੋਕ ਅੰਦਰੋਂ ਅੰਦਰੀ ਬੇਹੱਦ ਦੁਖੀ ਹਨ ਅਤੇ ਉਹ ਮਿਸ਼ਨ ਨੂੰ ਢਾਹ ਲਾਉਣ ਲਈ ਯਤਨਸ਼ੀਲ ਹੈ। ਪਿਛਲੇ ਕੁਝ ਸਮੇਂ ਤੋਂ ਮਿਸ਼ਨ ਤੇ ਸਮਾਜ ਵਿਰੋਧੀ ਅਨਸਰ ਆਪਣੇ ਸਮੇਤ ਕਈ ਹੋਰਨਾਂ ਨੰਬਰਾਂ ਤੋਂ ਮਿਸ਼ਨ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਸਮੇਤ ਮਿਸ਼ਨ ਦੇ ਮੈਂਬਰਾਂ ਨੂੰ ਸੋਸ਼ਲ ਮੀਡੀਆ ਉਪਰ ਬਦਨਾਮ ਕਰ ਰਹੇ ਹਨ। ਮਿਸ਼ਨ ਦੇ ਪਰਵਾਰਕ ਮੈਂਬਰਾਂ ਉਪਰ ਘਟੀਆ ਇਲਜ਼ਾਮ ਲਾ ਕੇ ਸੋਸ਼ਲ ਮੀਡੀਆ ਉਪਰ ਫੈਲਾਏ ਜਾ ਰਹੇ ਹਨ। ਧਾਰਮਿਕ ਥਾਵਾਂ ਬਾਰੇ ਵੀ ਘਟੀਆ ਸ਼ਬਦਾਵਲੀ ਵਰਤ ਕੇ ਸਮਾਜਿਕ ਅਤੇ ਧਾਰਮਿਕ ਮਾਹੌਲ ਨੂੰ ਖਰਾਬ ਕਰਕੇ ਟਕਰਾਅ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਐਨਾ ਹੀ ਨਹੀਂ ਉਕਤ ਨੰਬਰਾਂ ਤੋਂ ਮਿਸ਼ਨ ਮੈਂਬਰਾਂ ਦੀਆਂ ਫੋਟੋਆਂ ਪਾ ਕੇ ਉਨ੍ਹਾਂ ਦਾ ਨਾਂਅ ਤੇ ਜਾਤੀ ਆਦਿ ਬਾਰੇ ਲਿਖ ਕੇ ਵੀ ਸੋਸ਼ਲ ਮੀਡੀਆ ਰਾਹੀਂ ਬਦਨਾਮ ਕੀਤਾ ਜਾ ਰਿਹਾ ਹੈ। ਮਿਸ਼ਨ ਮੁਖੀ ਢੋਸੀਵਾਲ ਤੇ ਸਮੂਹ ਮੈਂਬਰਾਂ ਨੇ ਜ਼ਿਲ੍ਹੇ ਦੇ ਐੱਸ.ਐੱਸ.ਪੀ. ਨੂੰ ਅਪੀਲ ਕੀਤੀ ਹੈ ਕਿ ਮਿਸ਼ਨ ਵਿਰੁੱਧ ਸੋਸ਼ਲ ਮੀਡੀਆ ਉਪਰ ਭੰਡੀ ਪ੍ਰਚਾਰ ਕਰਨ ਵਾਲੇ ਉਕਤ ਮੋਬਾਇਲ ਨੰਬਰ ਧਾਰਕਾਂ ਅਤੇ ਇਸ ਕੂੜ ਪ੍ਰਚਾਰ ਵਿੱਚ ਸ਼ਾਮਿਲ ਸਾਰੇ ਵਿਅਕਤੀਆਂ ਦੀ ਪੜਤਾਲ ਕਰਕੇ ਉਨ੍ਹਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ।


**ਉਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਉਪ ਮੁੱਖ ਇੰਜੀਨੀਅਰ/ਗਤੀ ਸ਼ਕਤੀ ਇਕਾਈ/ ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 18.09.2023 ਸਮਾਂ 15.00 ਵਜੇ ਤਕ, www.ireps.gov.in ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਇਨਾਂ ਟੈਂਡਰਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਜਗ੍ਹਾ ''ਨਿਵਿਦਾ ਸੁਰੱਖਿਆ ਘੋਸ਼ਣਾ ਪੱਤਰ'' ਤੈਅ ਫਾਰਮੇਟ ਵਿਚ ਨਿਵਿਦਾ ਦੇ ਨਾਲ ਈ-ਪੋਰਟਲ 'ਤੇ ਨਥੀ ਕਰੇਗਾ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਨਿਵਿਦਾ ਪ੍ਰਣਾਲੀ |
|---|---|---|
| ਖੁੱਲੀ ਨਿਵਿਦਾ | ਗਤੀ ਸ਼ਕਤੀ ਯੂਨਿਟ | ਏਕਲ ਪੈਕੇਟ ਪ੍ਰਣਾਲੀ |
| **ਨਿਵਿਦਾ ਅਪਲੋਡ ਕਰਨ ਦੀ ਮਿਤੀ** | **ਨਿਵਿਦਾ ਸ਼ੁਰੂ ਦੀ ਮਿਤੀ** | **ਨਿਵਿਦਾ ਸਮਾਪਨ ਦੀ ਮਿਤੀ ਅਤੇ ਸਮਾਂ** |
| 24.08.2023 | 04.09.2023 | 18.09.2023 / 15:00 ਵਜੇ |

| ਲੜੀ ਨੰਬਰ | ਨਿਵਿਦਾ ਨੰਬਰ, ਮਿਤੀ | ਨਿਵਿਦਾ ਦਾ ਵੇਰਵਾ | | | |
|---|---|---|---|---|---|
| 1. | OP-09-GSU-FZR-2023-24 Dated : 24.08.2023 | ਪੀ-ਵੇ ਵਿਚ ਕੰਮ ਕਰਨ ਵਾਲੇ ਗੁਡਸ ਹੈਂਡਲਿੰਗ ਲਾਈਨ ਨੰਬਰ-5 ਮਖੂ ਵਿਚ ਸਿਧੇ ਸਵਾਗਤ ਅਤੇ ਪ੍ਰੇਸ਼ਨ ਸੁਵਿਧਾ ਦੇ ਨਾਲ ਐਸਐਸਸੀ ਪੀ-ਵੇ LNK ਦੇ ਤਹਿਤ JUC-FZR ਸੈਕਸ਼ਨ ਤੇ ਕੰਮ। | | | |
| | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ | |
| | 43,12,864.75 | 86,300.00 | 60 ਦਿਨ | 08 ਮਹੀਨੇ | |

ਸਮਾਨ ਨੇਚਰ ਦਾ ਕੰਮ- ''ਸੀਟੀਆਰ/ਟੀਆਰਆਰ/ਟੀਐਫਆਰ/ਟੀਆਰਆਰ/ਟੀਟੀਆਰ ਸਮੇਤ ਟ੍ਰੈਕ ਦਾ ਕੰਮ, ਜਿਸ ਵਿਚ ਟ੍ਰੈਕ ਨੂੰ ਉਪਰ ਚੁਕਣਾ, ਸਕ੍ਰੀਨਿੰਗ, ਟ੍ਰੈਕ ਦੀ ਡਿਸਟ੍ਰੈਸਿੰਗ, ਟੈਂਪਿੰਗ ਮਸ਼ੀਨ/ਬੈਲਾਸਟ ਸਕ੍ਰੀਨਿੰਗ/ ਰੇਗਯੂਲੇਟਿੰਗ ਮਸ਼ੀਨ ਜਿਹੀ ਟ੍ਰੈਕ ਰਖਰਖਾਅ ਮਸ਼ੀਨ ਦੇ ਲਈ ਪੂਰਵ ਅਤੇ ਬਾਅਦ ਦੇ ਕੰਮ ਅਤੇ ਟੀ-28 ਦੁਆਰਾ ਟੀਟੀਆਰ ਸ਼ਾਮਲ ਹੈ।''

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। ਖੁਲ੍ਹੀ ਨਿਵਿਦਾ ਸੂਚਨਾ ਪੱਤਰ ਨੰ. OP-09-GSU-FZR-2023-2648/2023

24 ਮਿਤੀ : 25.08.2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**YES BANK**

Registered & Corporate Office : YES BANK House, Off Western Express Highway, Santacruze East, Mumbai-400055, CIN: L65190MH2003PLC143249, Email: communications@yesbank.in, Website: www.yesbank.in

**[(ਰੂਲ-8 (1)] ਸੰਕੇਤਕ ਕਬਜ਼ਾ ਨੋਟਿਸ**

ਜਦੋਂ ਕਿ ਨਿਮਨਹਸਤਾਖਰੀ ਨੇ ਯੈੱਸ ਬੈਂਕ ਲਿਮਿਟਿਡ ਦੇ ਅਧਿਕਾਰਤ ਅਫਸਰ ਵੱਲੋਂ ਸਕਿਉਰਿਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 (2002 ਦਾ 54) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 1. ਮੈਸ: ਏ ਸੀ ਸੀ ਸਟਰਕਚਰ, ਰਾਹੀਂ ਇਸ ਦੇ ਮਾਲਕ ਸ੍ਰੀ ਸਾਰੰਗ ਸ਼ਰਮਾ ਪੁੱਤਰ ਸ੍ਰੀ ਬਾਂਦੀ ਲਾਲ ਸ਼ਰਮਾ, ਪਤਾ : ਐੱਫ-278, ਫੇਸ-VIII, ਫੋਕਲ ਪੁਆਇੰਟ ਲੁਧਿਆਣਾ-141010, ਪਤਾ : ਮਕਾਨ ਨੰ. ਐੱਚ ਆਈ ਜੀ 1156, ਸੈਕਟਰ 40, ਨੇੜੇ ਬਾਬਾ ਜਸਵੰਤ ਡੈਂਟਲ ਕਾਲਜ, ਜਮਾਲਪੁਰ, ਫੋਕਲ ਪੁਆਇੰਟ, ਲੁਧਿਆਣਾ-141010 (''ਕਰਜ਼ਦਾਰ'') (2) ਸ੍ਰੀ ਸਾਰੰਗ ਸ਼ਰਮਾ ਪੁੱਤਰ ਸ੍ਰੀ ਬਾਂਦੀ ਲਾਲ ਸ਼ਰਮਾ, ਪਤਾ : ਮਕਾਨ ਨੰ. ਐੱਚ ਆਈ ਜੀ 1156, ਸੈਕਟਰ 40, ਨੇੜੇ ਬਾਬਾ ਜਸਵੰਤ ਡੈਂਟਲ ਕਾਲਜ, ਜਮਾਲਪੁਰ, ਫੋਕਲ ਪੁਆਇੰਟ, ਲੁਧਿਆਣਾ-141010 (''ਸਹਿ-ਕਰਜ਼ਦਾਰ ਅਤੇ ਗਰੰਟਰ'') (3) ਸ੍ਰੀਮਤੀ ਅਮੀਸ਼ਾ ਸ਼ਰਮਾ ਪਤਨੀ ਸ੍ਰੀ ਸਾਰੰਗ ਸ਼ਰਮਾ ਪੁੱਤਰ, ਪਤਾ : ਮਕਾਨ ਨੰ. ਐੱਚ ਆਈ ਜੀ 1156, ਸੈਕਟਰ 40, ਨੇੜੇ ਬਾਬਾ ਜਸਵੰਤ ਡੈਂਟਲ ਕਾਲਜ, ਜਮਾਲਪੁਰ, ਫੋਕਲ ਪੁਆਇੰਟ, ਲੁਧਿਆਣਾ-141010 (''ਸਹਿ-ਕਰਜ਼ਦਾਰ/ਰਹਿਣਕਾਰ ਅਤੇ ਗਰੰਟਰ'') ਨੂੰ 23 ਮਈ 23 ਨੂੰ ਬਕਾਇਆ ਰਕਮ ਰੁਪਏ 70,46,760.81/- (ਸੱਤਰ ਲੱਖ ਛਿਆਲੀ ਹਜ਼ਾਰ ਸੱਤ ਸੌ ਸੱਠ ਰੁਪਏ ਅਤੇ ਇਕਿਆਸੀ ਪੈਸੇ ਕੇਵਲ) ਸਮੇਤ 23 ਅਗਸਤ 2023 ਤੋਂ ਇਸ ਉੱਪਰ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ ਦੇ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਮਿਤੀ 24 ਮਈ 2023 ਨੂੰ ਜਾਰੀ ਅਤੇ 30 ਮਈ 2023 ਨੂੰ ਭੇਜਿਆ ਸੀ।

ਕਰਜ਼ਦਾਰ ਅਤੇ ਗਰੰਟਰ ਪੂਰੀ ਰਕਮ ਮੋੜਨ ਵਿੱਚ ਅਸਫਲ ਰਹੇ ਹਨ। ਕਰਜ਼ਦਾਰਾਂ, ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 23 ਅਗਸਤ 2023 ਨੂੰ ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰਾਂ, ਗਰੰਟਰਾਂ ਨੂੰ ਖਾਸ ਕਰ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਕਿ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ 23 ਮਈ 23 ਨੂੰ ਬਕਾਇਆ ਰਕਮ ਰੁਪਏ 70,46,760.81/- (ਸੱਤਰ ਲੱਖ ਛਿਆਲੀ ਹਜ਼ਾਰ ਸੱਤ ਸੌ ਸੱਠ ਰੁਪਏ ਅਤੇ ਇਕਿਆਸੀ ਪੈਸੇ ਕੇਵਲ) ਇਸ ਉਪਰ ਵਿਆਜ ਅਤੇ ਲਾਗਤਾਂ ਯੈੱਸ ਬੈਂਕ ਦੀ ਵਸੂਲੀ ਹੇਠ ਹੋਵੇਗੀ। ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਰਹਿਣ ਕੀਤੀ ਜਾਇਦਾਦ ਦਾ ਵੇਰਵਾ**

| ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਰਹਿਣਕਾਰ |
|---|---|
| ਮਕਾਨ ਨੰ. ਐੱਚ ਆਈ ਜੀ 1156, ਜਾਇਦਾਦ ਰਕਬਾ 161.33 ਵਰਗ ਗਜ਼ ਸੈਕਟਰ 40, ਨੇੜੇ ਬਾਬਾ ਜਸਵੰਤ ਡੈਂਟਲ ਕਾਲਜ, ਜਮਾਲਪੁਰ, ਫੋਕਲ ਪੁਆਇੰਟ, ਲੁਧਿਆਣਾ | ਸ੍ਰੀਮਤੀ ਅਮੀਸ਼ਾ ਸ਼ਰਮਾ ਪਤਨੀ ਸ੍ਰੀ ਸਾਰੰਗ ਸ਼ਰਮਾ |

ਮਿਤੀ : 23 ਅਗਸਤ 2023
ਸਥਾਨ : ਲੁਧਿਆਣਾ

ਸ੍ਰੀ ਗੌਰਵ ਮਹਾਜਨ
ਅਧਿਕਾਰਤ ਅਫਸਰ
ਵਾਸਤੇ ਯੈੱਸ ਬੈਂਕ ਲਿਮਿਟਿਡ



**YES BANK**

Registered & Corporate Office : YES BANK House, Off Western Express Highway, Santacruze East, Mumbai-400055, CIN: L65190MH2003PLC143249, Email: communications@yesbank.in, Website: www.yesbank.in

**[(ਰੂਲ-8 (1)] ਸੰਕੇਤਕ ਕਬਜ਼ਾ ਨੋਟਿਸ**

ਜਦੋਂ ਕਿ ਨਿਮਨਹਸਤਾਖਰੀ ਨੇ ਯੈੱਸ ਬੈਂਕ ਲਿਮਿਟਿਡ ਦੇ ਅਧਿਕਾਰਤ ਅਫਸਰ ਵੱਲੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 (2002 ਦਾ 54) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ (1) ਮੈਸ. ਬਲਦੇਵ ਰਾਜ, ਭੂਸ਼ਨ ਕੁਮਾਰ ਰਾਹੀਂ ਇਸ ਦੇ ਮਾਲਕ ਸ੍ਰੀ ਭੂਸ਼ਣ ਕੁਮਾਰ ਮਦਾਨ ਪੁੱਤਰ ਸ੍ਰੀ ਬਲਦੇਵ ਰਾਜ ਪਤਾ : ਦੁਕਾਨ-25, ਨਵੀਂ ਸਬਜ਼ੀ ਮੰਡੀ, ਵੇਲ੍ਹਾ, ਮਹਿਤਾ ਰੋਡ, ਅੰਮ੍ਰਿਤਸਰ-143001, ਪਤਾ : ਮਕਾ ਨੰ. 13, ਸੈਲੀਬ੍ਰੇਸ਼ਨ ਇਨਕਲੇਵ, ਚੂੜੀਆਂ ਰੋਡ, ਅੰਮ੍ਰਿਤਸਰ-143001 (''ਕਰਜ਼ਦਾਰ'') (2) ਸ੍ਰੀਮਤੀ ਨੀਲਮ ਮਦਾਨ ਪਤਨੀ ਸ੍ਰੀ ਭੂਸ਼ਣ ਕੁਮਾਰ ਮਦਾਨ, ਪਤਾ-ਮਕਾਨ ਨੰ. 13, ਸੈਲੀਬ੍ਰੇਸ਼ਨ ਇਨਕਲੇਵ, ਚੂੜੀਆਂ ਰੋਡ, ਅੰਮ੍ਰਿਤਸਰ-143001, ਪਤਾ : ਪਲਾਟ ਨੰ. 13, ਵਾਕਿਆ ਰਕਬਾ ਗੁੰਮਟਾਲਾ ਅਰਬਨ, ਅਬਾਦੀ ਸੈਲੀਬ੍ਰੇਸ਼ਨ ਇਨਕਲੇਵ, ਨੇੜੇ ਨਿਰੰਕਾਰੀ ਕਾਲੋਨੀ, ਜਗਦੰਬੇ ਕਾਲੋਨੀ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ-143001 (''ਸਹਿ-ਕਰਜ਼ਦਾਰ/ਰਹਿਣਕਾਰ'') (3) ਸ੍ਰੀ ਭੂਸ਼ਣ ਕੁਮਾਰ ਮਦਾਨ ਪੁੱਤਰ ਸ੍ਰੀ ਬਲਦੇਵ ਰਾਜ ਪਤਾ : ਮਕਾਨ ਨੰ. 13, ਸੈਲੀਬ੍ਰੇਸ਼ਨ ਇਨਕਲੇਵ, ਚੂੜੀਆਂ ਰੋਡ, ਅੰਮ੍ਰਿਤਸਰ-143001, ਪਤਾ : ਦੁਕਾਨ-25, ਨਵੀਂ ਸਬਜ਼ੀ ਮੰਡੀ, ਮਹਿਤਾ ਰੋਡ, ਅੰਮ੍ਰਿਤਸਰ-143001 (''ਸਹਿ-ਕਰਜ਼ਦਾਰ'') (4) ਸ੍ਰੀ ਰਿਸ਼ਾਦ ਮਦਾਨ ਪੁੱਤਰ ਸ੍ਰੀ ਭੂਸ਼ਣ ਕੁਮਾਰ ਮਦਾਨ, ਪਤਾ : ਮਕਾਨ ਨੰ. 13, ਸੈਲੀਬ੍ਰੇਸ਼ਨ ਇਨਕਲੇਵ, ਚੂੜੀਆਂ ਰੋਡ, ਅੰਮ੍ਰਿਤਸਰ-143001 (''ਸਹਿ-ਕਰਜ਼ਦਾਰ'') ਨੂੰ 16 ਮਈ 2023 ਰੁ. 1,78,65,027.99/-(ਇੱਕ ਕਰੋੜ ਅਠੱਤਰ ਲੱਖ ਪੈਂਹਠ ਹਜ਼ਾਰ ਸਤਾਈ ਰੁਪਏ ਅਤੇ ਨੜਿੱਨਵੇਂ ਪੈਸੇ ਕੇਵਲ) ਸਮੇਤ 22 ਅਗਸਤ 2023 ਤੋਂ ਇਸ ਉੱਪਰ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ ਦੇ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਮਿਤੀ 18 ਮਈ 2023 ਨੂੰ ਜਾਰੀ ਅਤੇ 19 ਮਈ 2023 ਨੂੰ ਭੇਜਿਆ ਸੀ।

ਕਰਜ਼ਦਾਰ ਅਤੇ ਗਰੰਟਰ ਪੂਰੀ ਰਕਮ ਮੋੜਨ ਵਿੱਚ ਅਸਫਲ ਰਹੇ ਹਨ। ਕਰਜ਼ਦਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 22 ਅਗਸਤ 2023 ਨੂੰ ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰਾਂ, ਗਰੰਟਰਾਂ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਕਿ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ 16 ਮਈ 2023 ਨੂੰ ਬਕਾਇਆ ਰਕਮ ਰੁਪਏ 1,78,65,027.99/-(ਇੱਕ ਕਰੋੜ ਅਠੱਤਰ ਲੱਖ ਪੈਂਹਠ ਹਜ਼ਾਰ ਸਤਾਈ ਰੁਪਏ ਅਤੇ ਨੜਿੱਨਵੇਂ ਪੈਸੇ ਕੇਵਲ) ਸਮੇਤ ਇਸ ਉੱਪਰ ਭਵਿੱਖੀ ਵਿਆਜ ਤੇ ਲਾਗਤਾਂ ਯੈੱਸ ਬੈਂਕ ਦੀ ਵਸੂਲੀ ਹੇਠ ਹੋਵੇਗੀ। ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਰਹਿਣ ਕੀਤੀ ਅਚੱਲ ਜਾਇਦਾਦ ਦਾ ਵੇਰਵਾ**

| ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਰਹਿਣਕਾਰ |
|---|---|
| ਜਾਇਦਾਦ ਪ੍ਰਾਈਵੇਟ ਪਲਾਟ ਨੰ.-13, ਕੁਲ ਰਕਬਾ 205 ਵਰਗ ਗਜ਼, ਖਸਰਾ ਨੰ. 85 (17-14), ਮਿਨ, ਖੇਵਟ/ਖਤੌਨੀ ਨੰ. 74/260, ਹਦਬਸਤ ਨੰ. 383, ਜਮ੍ਹਾਂਬੰਦੀ ਸਾਲ 2015-2016, ਵਾਕਿਆ ਰਕਬਾ ਗੁਮਟਾਲਾ ਅਰਬਨ, ਅਬਾਦੀ ਸੈਲੀਬ੍ਰੇਸ਼ਨ ਇਨਕਲੇਵ, ਨੇੜੇ ਨਿਰੰਕਾਰੀ ਕਾਲੋਨੀ, ਜਗਦੰਬੇ ਕਾਲੋਨੀ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਅਤੇ ਇੱਕ ਜਾਇਦਾਦ ਪ੍ਰਾਈਵੇਟ ਪਲਾਟ ਨੰ. 25, ਕੁਲ ਰਕਬਾ 277.77 ਵਰਗ ਗਜ਼, ਵਾਕਿਆ ਰਕਬਾ ਅੰਦਰੂਨ ਨਵੀਂ ਦਾਣਾ ਮਾਰਕਿਟ ਹੁਣ ਸਬਜ਼ੀ ਮੰਡੀ ਵਜੋਂ ਜਾਣੀ ਜਾਂਦੀ, ਵੱਲ੍ਹਾ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ। | ਸ੍ਰੀਮਤੀ ਨੀਲਮ ਮਦਾਨ ਪਤਨੀ ਸ੍ਰੀ ਭੂਸ਼ਣ ਕੁਮਾਰ ਮਦਾਨ। |

ਮਿਤੀ : 22 ਅਗਸਤ 2023
ਸਥਾਨ : ਅੰਮ੍ਰਿਤਸਰ

ਸ੍ਰੀ ਗੌਰਵ ਮਹਾਜਨ
ਅਧਿਕਾਰਤ ਅਫਸਰ
ਵਾਸਤੇ ਯੈੱਸ ਬੈਂਕ ਲਿਮਿਟਿਡ


ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਮਸ਼ਾਲ ਮਾਰਚ ਪਹੁੰਚਿਆ ਬੱਜੂਮਾਨ (ਨੇੜੇ ਜੈਂਤੀਪੁਰ), ਪ੍ਰਸ਼ਾਸਨ ਵੱਲੋਂ ਭਰਵਾਂ ਸਵਾਗਤ



**ਬਟਾਲਾ, (ਡਾ. ਮਲਵਿੰਦਰ ਸਿੰਘ)**-ਪੰਜਾਬ ਸਰਕਾਰ ਵਲੋਂ 'ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-2 ਦੀ ਸ਼ੁਰੂਆਤ ਤੋਂ ਪਹਿਲਾਂ ਖੇਡਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਮਸ਼ਾਲ ਮਾਰਚ ਸ਼ੁਰੂ ਕੀਤੀ ਗਈ ਹੈ ਜਿਸ ਦਾ ਅੰਮ੍ਰਿਤਸਰ ਤੋਂ ਗੁਰਦਾਸਪੁਰ ਜ਼ਿਲ੍ਹੇ ਵਿੱਚ ਸਵੇਰੇ ਕਰੀਬ 9 ਵਜੇ ਦਾਖਲ ਹੋਣ 'ਤੇ ਪਿੰਡ ਬੱਜੂਮਾਨ (ਨੇੜੇ ਜੈਂਤੀਪੁਰ) ਵਿਖੇ ਭਰਵਾਂ ਸਵਾਗਤ ਕੀਤਾ ਗਿਆ। ਮਸ਼ਾਲ ਮਾਰਚ ਨੂੰ ਡਾ. ਸ਼ਾਇਰੀ ਭੰਡਾਰੀ, ਐਸ.ਡੀ.ਐਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ, ਬ੍ਰਿਗੇਡੀਅਰ ਉਲੰਪੀਅਨ ਹਰਚਰਨ ਸਿੰਘ, ਤਹਿਸਲੀਦਾਰ ਅਭਿਸ਼ੇਕ ਵਰਮਾ, ਜ਼ਿਲ੍ਹਾ ਖੇਡ ਅਫਸਰ ਗੁਰਦਾਸਪੁਰ ਸਿਮਰਨਜੀਤ ਸਿੰਘ, ਜ਼ਿਲ੍ਹਾ ਖੇਡ ਅਫਸਰ ਅੰਮ੍ਰਿਤਸਰ ਸੁਖਚੈਨ ਸਿੰਘ ਅਤੇ ਖਿਡਾਰੀ, ਕੋਚ ਤੇ ਖੇਡ ਪ੍ਰੇਮੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਸ ਮੌਕੇ ਖੇਡ ਪ੍ਰੇਮੀਆਂ, ਖਿਡਾਰੀਆਂ ਅਤੇ ਕੋਚਾਂ ਦਾ ਸਵਾਗਤ ਕਰਦਿਆਂ ਡਾ. ਸ਼ਾਇਰੀ ਭੰਡਾਰੀ, ਐੱਸਡੀਐੱਮ ਬਟਾਲਾ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪ੍ਰਸ਼ਾਸਨ ਵਲੋਂ ਮਸ਼ਾਲ ਮਾਰਚ ਦਾ ਭਰਵਾਂ ਸਵਾਗਤ ਕੀਤਾ ਗਿਆ ਹੈ। ਉਨ੍ਹਾਂ ਖਿਡਾਰੀਆਂ ਨੂੰ 'ਖੇਡਾਂ ਵਤਨ ਪੰਜਾਬ ਦੀਆਂ' ਸ਼ੀਜ਼ਨ-2 ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦਾ ਸੱਦਾ ਦਿੱਤਾ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ 29 ਅਗਸਤ ਨੂੰ ਕੌਮੀ ਖੇਡ ਦਿਵਸ ਵਾਲੇ ਦਿਨ ਬਠਿੰਡਾ ਦੇ ਸ਼ਹੀਦ ਭਗਤ ਸਿੰਘ ਖੇਡ ਸਟੇਡੀਅਮ ਵਿਖੇ 'ਖੇਡਾਂ ਵਤਨ ਪੰਜਾਬ ਦੀਆਂ' ਦੇ ਸੀਜ਼ਨ-2 ਦਾ ਉਦਘਾਟਨ ਕਰਨਗੇ। ਇਸ ਮੌਕੇ ਸੰਬੋਧਨ ਕਰਦਿਆਂ ਬ੍ਰਿਗੇਡੀਅਰ ਉਲੰਪੀਅਨ ਹਰਚਰਨ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਬਹੁਤ ਵਧੀਆ ਉਪਰਾਲਾ ਕੀਤਾ ਗਿਆ ਹੈ। ਉਨਾਂ ਆਪਣੇ ਖੇਡ ਜੀਵਨ ਦੇ ਤਜਰਬੇ ਸਾਂਝੇ ਕਰਦਿਆਂ ਖਿਡਾਰੀਆਂ ਨੂੰ ਦ੍ਰਿੜਤਾ ਤੇ ਲਗਨ ਨਾਲ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਉਨਾਂ ਕਿਹਾ ਕਿ ਜ਼ਿੰਦਗੀ ਵਿੱਚ ਅੱਗੇ ਵੱਧਣ ਲਈ ਪਹਿਲਾ ਕਦਮ ਉਠਾਉਣਾ ਬਹੁਤ ਜਰੂਰੀ ਹੈ ਅਤੇ ਛੋਟੇ ਛੋਟੇ ਕਦਮ ਪੁੱਟ ਕੇ ਆਪਣੀ ਮੰਜ਼ਿਲ ਸਰ ਕੀਤੀ ਜਾ ਸਕਦੀ ਹੈ। ਦੱਸਣਯੋਗ ਹੈ ਕਿ ਮਸ਼ਾਲ ਮਾਰਚ 26 ਅਗਸਤ ਨੂੰ ਐਸ.ਏ.ਐਸ.ਨਗਰ, ਫਤਹਿਗੜ੍ਹ ਸਾਹਿਬ ਤੇ ਮਾਲੇਰਕੋਟਲਾ, 27 ਅਗਸਤ ਨੂੰ ਪਟਿਆਲਾ, ਸੰਗਰੂਰ ਤੇ ਮਾਨਸਾ, 28 ਅਗਸਤ ਨੂੰ ਬਰਨਾਲਾ, ਫਰੀਦਕੋਟ ਤੇ ਫਾਜ਼ਿਲਕਾ ਅਤੇ 29 ਅਗਸਤ ਨੂੰ ਸ੍ਰੀ ਮੁਕਤਸਰ ਸਾਹਿਬ ਤੇ ਬਠਿੰਡਾ ਵਿਖੇ ਮਸ਼ਾਲ ਮਾਰਚ ਗੁਜ਼ਰੇਗੀ।

# 'ਸਿਰ-ਧੜ ਦੀ ਬਾਜ਼ੀ ਲਾ ਕੇ ਮੁੜ ਪੈਰਾਂ ਸਿਰ ਕਰ ਰਹੇ ਨੇ ਲੋਕ ਟੁੱਟੇ ਬੰਨ੍ਹਾਂ ਨੂੰ'



**ਵਲਟੋਹਾ (ਰਣਜੀਤ ਸਿੰਘ ਵਲਟੋਹਾ)**-ਦਰਿਆ ਵਿਚ ਜ਼ਿਆਦਾ ਪਾਣੀ ਛੱਡਣ ਨਾਲ ਬੰਨ੍ਹਾਂ ਵਿੱਚ ਪਾੜ ਪੈ ਗਏ ਸੀ। ਲੋਕ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਸਿਰ-ਧੜ ਦੀ ਬਾਜ਼ੀ ਲਾ ਕੇ ਬੰਨ੍ਹਾਂ ਨੂੰ ਬੰਨ੍ਹਣ ਲਈ ਸੇਵਾ ਕਰ ਰਹੇ ਹਨ। ਇਸੇ ਤਰ੍ਹਾਂ ਪਿੰਡ ਬਹਾਦਰ ਨਗਰ ਦੇ ਨੌਜਵਾਨ ਸਾਥੀ ਮਿੱਟੀ ਦੇ ਤੋੜੇ ਭਰ ਰਹੇ ਹਨ। ਪੂਰੀ ਤਨਦੇਹੀ ਨਾਲ ਸੇਵਾ ਕਰ ਰਹੇ ਹਨ। ਅਸੀਂ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਪਾਸੋਂ ਮੰਗ ਕਰਦੇ ਹਾਂ ਕਿ ਹੜ੍ਹਾਂ ਦੇ ਪਾਣੀ ਨਾਲ ਡੁੱਬੀਆਂ ਹੋਈਆਂ ਫਸਲਾਂ ਦਾ ਘੱਟੋ-ਘੱਟ ਪੰਜਾਹ ਹਜ਼ਾਰ ਰੁਪਏ ਪ੍ਰਤੀ ਏਕੜ ਤੱਕ ਮੁਆਵਜ਼ਾ ਦਿੱਤਾ ਜਾਏ ਕਿਉਂਕਿ ਕਿਸਾਨਾਂ ਦਾ ਖਰਚਾ ਬਹੁਤ ਹੋ ਗਿਆ ਹੈ, ਪਸ਼ੂਆਂ ਦਾ ਚਾਰਾ ਵੀ ਡੁੱਬ ਗਿਆ ਹੈ। ਕਿਸਾਨ ਕੋਠਿਆਂ ਉਪਰ ਚੜ੍ਹੇ ਹਨ, ਥੱਲੇ ਪਾਣੀ ਫਿਰਦਾ ਹੈ। ਕਿਸਾਨਾਂ ਦੀ ਹਾਲਤ ਦੇਖੀ ਨਹੀਂ ਜਾਂਦੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੁਲ ਹਿੰਦ ਕਿਸਾਨ ਸਭਾ ਦੇ ਬਲਾਕ ਸਕੱਤਰ ਰਣਜੀਤ ਸਿੰਘ ਬਹਾਦਰ ਨਗਰ ਨੇ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਲਾਲ ਸਿੰਘ ਛੀਨਾ, ਕੁਲਵਿੰਦਰ ਸਿੰਘ, ਲਖਬੀਰ ਸਿੰਘ ਮਸੀਤੀਆ, ਹਰਨੂਰ ਸਿੰਘ ਬਹਾਦਰ ਨਗਰ, ਹਰਮਨਪ੍ਰੀਤ ਸਿੰਘ, ਯਾਦਵਿੰਦਰ ਸਿੰਘ, ਹਰਮਨਦੀਪ ਸਿੰਘ ਮਸੀਤੀਆ, ਖੜਕ ਸਿੰਘ, ਗੁਰਸਾਹਿਬ ਸਿੰਘ ਛੀਨਾ ਅਤੇ ਸੁਖਵਿੰਦਰ ਸਿੰਘ ਆਦਿ ਹਾਜ਼ਰ ਸਨ।

# ਅੰਮ੍ਰਿਤਸਰ ਦੇ ਵੱਖ-ਵੱਖ ਚੌਕਾਂ 'ਚ ਬਾਲ ਭਿੱਖਿਆ ਵਿਰੁੱਧ ਰੇਡ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਜ਼ਿਲ੍ਹਾ ਅੰਮ੍ਰਿਤਸਰ ਵਿੱਚ ਬਾਲ ਭਿੱਖਿਆ ਦੀ ਵਧ ਰਹੀ ਤਾਦਾਦ ਨੂੰ ਰੋਕਣ ਲਈ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਮਿਤ ਤਲਵਾੜ ਦੀ ਪ੍ਰਧਾਨਗੀ ਹੇਠ ਬਾਲ ਭਿੱਖਿਆ ਵਿਰੁੱਧ ਰੇਡ ਕੀਤੀ ਗਈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਤੋਂ ਬਾਲ ਸੁਰੱਖਿਆ ਅਫਸਰ ਨੇਹਾ ਚੋਪੜਾ ਨੇ ਦੱਸਿਆ ਕਿ ਬੱਸ ਸਟੈਂਡ, ਨਾਵਲਟੀ ਚੌਕ, ਕੰਪਨੀ ਬਾਗ, ਕਸਟਮ ਚੌਕ, ਹਾਲ ਬਾਜ਼ਾਰ, ਕ੍ਰਿਸਟਲ ਚੌਕ 'ਤੇ ਰੇਡ ਕੀਤੀ। ਇਸ ਮੌਕੇ ਨੇਹਾ ਚੋਪੜਾ ਨੇ ਆਮ ਪਬਲਿਕ ਨੂੰ ਜਾਗਰੂਕ ਕੀਤਾ ਕਿ ਬੱਚਿਆਂ ਨੂੰ ਭੀਖ ਨਾ ਦਿੱਤੀ ਜਾਵੇ ਬਲਕਿ ਉਨ੍ਹਾਂ ਨੂੰ ਰੋਜ਼ਮਰਾ ਦੀਆਂ ਜ਼ਰੂਰੀ ਵਸਤਾਂ ਦਿੱਤੀਆਂ ਜਾਣ। ਉਨ੍ਹਾਂ ਇਹ ਵੀ ਕਿਹਾ ਕਿ ਭੀਖ ਮੰਗਦੇ ਬੱਚਿਆਂ ਦੀ ਸੂਚਨਾ ਚਾਈਲਡ ਹੈਲਪ ਲਾਈਨ ਨੰ: 1098, 112 ਤੇ ਦਿੱਤੀ ਜਾ ਸਕਦੀ ਹੈ ਤਾਂ ਜੋ ਇਨ੍ਹਾਂ ਦੇ ਮਾਪਿਆਂ ਨੂੰ ਪ੍ਰੇਰਿਤ ਕਰਕੇ ਬੱਚਿਆਂ ਨੂੰ ਸਕੂਲ ਵਿੱਚ ਦਾਖਲ ਕਰਵਾਇਆ ਜਾ ਸਕੇ ਤਾਂ ਜੋ ਉਨ੍ਹਾਂ ਦਾ ਭਵਿੱਖ ਉਜਵਲ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਜੇਕਰ ਕੋਈ ਜ਼ਬਰਦਸਤੀ ਬੱਚਿਆਂ ਨੂੰ ਭੀਖ ਮੰਗਣ ਲਈ ਮਜਬੂਰ ਕਰਦਾ ਹੈ ਤਾਂ ਜੁਵੇਨਾਇਲ ਜਸਟਿਸ ਐਕਟ 2015 ਤਹਿਤ 3 ਮਹੀਨੇ ਤੋਂ 5 ਸਾਲ ਤੱਕ ਦੀ ਸਜ਼ਾ ਅਤੇ 1 ਲੱਖ ਰੁਪਏ ਦਾ ਜੁਰਮਾਨਾ ਹੋ ਸਕਦਾ ਹੈ।

ਇਸ ਮੌਕੇ ਲੀਗਲ-ਕਮ-ਪ੍ਰੋਵੀਜ਼ਨ ਅਫਸਰ ਤਰਨਜੀਤ ਸਿੰਘ, ਆਊਟਰੀਚ ਵਰਕਰ ਬਲਵਿੰਦਰ ਸਿੰਘ, ਸਿੱਖਿਆ ਵਿਭਾਗ ਤੋਂ ਜਸਬੀਰ ਸਿੰਘ ਗਿੱਲ ਅਤੇ ਹਰਪ੍ਰੀਤ ਸਿੰਘ, ਸਿਵਲ ਸਰਜਨ ਦਫਤਰ ਤੋਂ ਡਾ. ਰਾਘਵ, ਲੇਬਰ ਵਿਭਾਗ ਤੋਂ ਹਰਦੀਪ ਸਿੰਘ, ਚਾਈਲਡ ਲਾਈਨ ਤੋਂ ਦਾਨਿਸ਼ ਅਤੇ ਰੋਹਿਤ ਨਾਲ ਪੁਲਸ ਵਿਭਾਗ ਦੇ ਅਧਿਕਾਰੀ ਸ਼ਾਮਲ ਸਨ।

# ਅੱਜ 10 ਤੋਂ ਸ਼ਾਮ 5 ਵਜੇ ਤੱਕ ਬਿਜਲੀ ਬੰਦ ਰਹੇਗੀ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਸਬ ਡਵੀਜ਼ਨ ਡੇਰਾ ਬਾਬਾ ਨਾਨਕ ਪਾਵਰਕਾਮ ਦੇ ਐੱਸਡੀਓ ਇੰਜ: ਤਰਲੋਕ ਸਿੰਘ ਨੇ ਪੱਤਰਕਾਰਾ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੇਰਾ ਬਾਬਾ ਨਾਨਕ ਸਬ ਸਟੇਸ਼ਨ ਤੋਂ ਚੱਲਦੇ ਤਲਵੰਡੀ ਗੋਰਾਇਆ ਏਪੀ ਫੀਡਰ, ਸ਼ਿਕਾਰ ਏਪੀ ਫੀਡਰ , 11 ਕੇਵੀ ਸਿਟੀ ਫੀਡਰ ਡੇਰਾ ਬਾਬਾ ਨਾਨਕ ਦੀ ਲਾਈਟ ਦਾਣਾ ਮੰਡੀ ਡੇਰਾ ਬਾਬਾ ਨਾਨਕ ਵਿੱਚ ਕੇਬਲ ਤਾਰਾਂ ਪਾਉਣ ਅਤੇ ਹੋਰ ਲੋੜੀਂਦੀ ਮੁਰੰਮਤ ਦੇ ਚੱਲਦਿਆਂ ਅੱਜ ਸ਼ਨੀਵਾਰ ਨੂੰ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਬੰਦ ਰਹੇਗੀ । ਇਸ ਮੌਕੇ ਜੇਈ ਬਲਵਿੰਦਰ ਸਿੰਘ, ਸੀਸੀ ਜਰਨੈਲ ਸਿੰਘ ਠੇਠਰਕੇ, ਜੇਈ ਬਲਦੇਵ ਰਾਜ, ਜੇਈ ਰਜਿੰਦਰ ਸਿੰਘ, ਜੇਈ ਚੰਦਰਮੋਹਨ ਮਹਾਜਨ, ਜੇਈ ਰਜਵੰਤ ਸਿੰਘ, ਲਾਇਨਮੈਨ ਗੁਰਬਿੰਦਰਜੀਤ ਸਿੰਘ, ਆਰਏ ਲਖਵਿੰਦਰ ਸਿੰਘ, ਜੇਈ ਹਰਜੀਤ ਸਿੰਘ, ਜੇਈ ਹੀਰਾ ਲਾਲ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲ ਧੰਨੇ (ਚੀਮੇ) ਵਿਖ਼ੇ ਰੀਝਾਂ ਨਾਲ ਮਨਾਈਆਂ ਤੀਆਂ



**ਬਟਾਲਾ (ਤਰਲੋਕ ਬੱਗਾ)**-ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲ ਪਿੰਡ ਧੰਨੇ (ਚੀਮਾ) ਵਿਖੇ ਤਿਉਹਾਰਾਂ ਨਾਲ ਸੰਬੰਧਤ ਤੀਆਂ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਸਕੂਲ ਪ੍ਰਿੰ. ਪ੍ਰੋਮਿਲਾ ਕੁਮਾਰੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਤੀਆਂ ਦੇ ਤਿਉਹਾਰ ਨਾਲ ਸੰਬੰਧਿਤ ਜਾਣਕਾਰੀ ਦਿੰਦਿਆਂ ਕੁੜੀਆਂ ਨੂੰ ਮੁੰਡਿਆਂ ਬਰਾਬਰ ਮੌਕੇ ਹੱਕ ਦੇਣ, ਵਰਤਮਾਨ ਸਮੇਂ ਦਰਮਿਆਨ ਕੁੜੀਆਂ ਦੀ ਵੱਖ-ਵੱਖ ਖੇਤਰਾਂ ਵਿੱਚ ਪ੍ਰਗਤੀ ਦੀ ਸ਼ਲਾਘਾ ਕਰਦਿਆਂ ਕੁੜੀਆਂ ਨੂੰ ਅਗਾਂਹ ਵਧਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਸਕੂਲ ਵਿਦਿਆਰਥਣਾਂ ਨੇ ਪੰਜਾਬੀ ਵਿਰਸੇ ਨਾਲ ਸੰਬੰਧਿਤ ਬੋਲੀਆਂ ਅਤੇ ਗਿੱਧੇ ਨਾਲ ਮਨੋਰੰਜਨ ਕੀਤਾ। ਸਕੂਲ ਮੈਨੇਜਮੈਂਟ ਵੱਲੋਂ ਵਿਦਿਆਰਥੀਆਂ ਨੂੰ ਚਾਹ ਪਾਰਟੀ ਦਿੱਤੀ ਗਈ। ਇਸ ਮੌਕੇ ਸਕੂਲ ਡਾਇਰੈਕਟਰ ਤੇ ਗੁਰੂ ਨਾਨਕ ਕਾਲਜ ਦੇ ਪ੍ਰਿੰ. ਪ੍ਰੋ ਧਿਆਨ ਸਿੰਘ ਸੰਧੂ, ਸਕੂਲ ਪ੍ਰਿੰ. ਪ੍ਰੋਮਿਲਾ ਕੁਮਾਰੀ ਤੋਂ ਇਲਾਵਾ ਸਮੂਹ ਸਕੂਲ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

# ਨਿਊਰੋਲੋਜੀਕਲ/ਇੰਟਲੈਕਚੁਅਲ ਡਿਸਏਬਲ ਨਾਗਰਿਕਾਂ ਦੀ ਵੀ ਬਣੇਗੀ ਵੋਟ : ਜ਼ਿਲ੍ਹਾ ਚੋਣ ਅ਼ਫ਼ਸਰ

**ਗੁਰਦਾਸਪੁਰ, (ਜਨਕ ਮਹਾਜਨ)**-ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਦੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਹੁਣ ਨਿਊਰੋਲੋਜੀਕਲ ਤੇ ਇੰਟਲੈਕਚੁਅਲ ਤੌਰ 'ਤੇ ਡਿਸਏਬਲ ਨਾਗਰਿਕਾਂ ਨੂੰ ਵੀ ਵੋਟਰ ਸੂਚੀਆਂ ਵਿਚ ਰਜਿਸਟਰ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਅਜਿਹੇ ਵਿਅਕਤੀਆਂ ਨੂੰ ਵੋਟਰ ਵਜੋਂ ਰਜਿਸਟਰ ਕਰਨ ਲਈ ਸਪੈਸ਼ਲ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਇਸ ਸਬੰਧੀ ਚੋਣਕਾਰ ਰਜਿਸਟਰੇਸ਼ਨ ਅਫ਼ਸਰਾਂ, ਜ਼ਿਲ੍ਹਾ ਸਿੱਖਿਆ ਅਫ਼ਸਰ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਅਤੇ ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਜਿਹੜੇ ਨਿਊਰੋਲੋਜੀਕਲ ਤੇ ਇੰਟਲੈਕਚੁਅਲ ਤੌਰ 'ਤੇ ਡਿਸਏਬਲ ਵਿਅਕਤੀਆਂ ਦੀਆਂ ਵੋਟਾਂ ਨਹੀਂ ਬਣੀਆਂ ਉਨ੍ਹਾਂ ਨੂੰ ਵੋਟਰ ਸੂਚੀ ਵਿਚ ਰਜਿਸਟਰ ਕਰਨ ਲਈ ਫੌਰੀ ਕਾਰਵਾਈ ਸ਼ੁਰੂ ਕੀਤੀ ਜਾਵੇ। ਉਨ੍ਹਾਂ ਜ਼ਿਲ੍ਹੇ ਦੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਜਿਹੜੇ ਅਜਿਹੇ ਵਿਅਕਤੀਆਂ ਦੀਆਂ ਵੋਟਾਂ ਨਹੀਂ ਬਣੀਆਂ ਉਸ ਸਬੰਧੀ ਸਬੰਧਤ ਚੋਣਕਾਰ ਰਜਿਸਟਰੇਸ਼ਨ ਅਫ਼ਸਰ ਅਤੇ ਬੂਥ ਲੈਵਲ ਅਫ਼ਸਰ ਨੂੰ ਜਾਣਕਾਰੀ ਦਿੱਤੀ ਜਾਵੇ ਤਾਂ ਜੋ ਬੀਐਲਓ ਉਸ ਵਿਅਕਤੀ ਦੇ ਘਰ ਜਾ ਕੇ ਉਸ ਦੀ ਵੋਟ ਬਣਾ ਸਕਨ।

# ਪੰਜਾਬ ਅੰਦਰ ਨਸ਼ਿਆਂ ਦਾ ਵਧ ਰਿਹਾ ਰੁਝਾਨ ਵੱਡੀ ਚਿੰਤਾ ਦਾ ਵਿਸ਼ਾ : ਡਾ. ਵੇਰਕਾ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**—ਪੰਜਾਬ ਅੰਦਰ ਨਸ਼ੇ ਕਾਰਨ ਹਰ ਰੋਜ਼ ਵੱਡੀ ਗਿਣਤੀ ਵਿੱਚ ਹੋ ਰਹੀਆਂ ਮੌਤਾਂ ਬਹੁਤ ਹੀ ਡੂੰਘੀ ਚਿੰਤਾ ਦਾ ਵਿਸ਼ਾ ਹੈ। ਇਨ੍ਹਾਂ ਨਸ਼ਿਆਂ ਨੇ ਪੰਜਾਬ ਦਾ ਆਰਥਿਕ ਢਾਂਚਾ ਤਬਾਹ ਕਰਕੇ ਰੱਖ ਦਿੱਤਾ ਅਤੇ ਪੰਜਾਬ ਦੀ ਜਵਾਨੀ ਦਾ ਬੇੜਾ ਗਰਕ ਕਰਕੇ ਰੱਖ ਦਿੱਤਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਹਲਕਾ ਜੰਡਿਆਲਾ ਗੁਰੂ ਦੇ ਇਚਾਰਜ ਡਾ. ਦਲਬੀਰ ਸਿੰਘ ਵੇਰਕਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਦੁੱਖ ਵਾਲੀ ਗੱਲ ਹੈ ਕਿ ਸੂਬਾ ਸਰਕਾਰ ਇਸ ਕੋਹੜ ਨੂੰ ਜੜ੍ਹੋਂ ਖਤਮ ਕਰਨ ਦੀ ਕੋਸ਼ਿਸ਼ ਕਰਨ ਦੀ ਬਜਾਏ ਆਪਣੀਆਂ ਵਿਰੋਧੀ ਪਾਰਟੀਆਂ ਨੂੰ ਦੋਸ਼ੀ ਕਰਾਰ ਦੇ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਨਸ਼ਿਆਂ ਦੇ ਕਾਰਨ ਸਰੀਰਕ ਤੇ ਮਾਨਸਿਕ ਬਿਮਾਰੀਆਂ ਚ ਨਿੱਤ ਨਵਾਂ ਵਾਧਾ ਹੋ ਰਿਹਾ ਹੈ। ਕੈਂਸਰ ਅਤੇ ਏਡਜ਼ ਵਰਗੀਆਂ ਮਾਰੂ ਬੀਮਾਰੀਆਂ ਨਾਲ ਲੋਕੀਂ ਕੁਰਲਾ ਰਹੇ ਹਨ। ਕਿਡਨੀ, ਦਿਲ, ਲੀਵਰ ਵਰਗੀਆਂ ਭਿਆਨਕ ਬਿਮਾਰੀਆਂ ਨਾਲ ਵੱਸਦੇ ਰਸਦੇ ਘਰ ਉੱਜੜ ਰਹੇ ਹਨ। ਤਕਰੀਬਨ 80 ਫ਼ੀਸਦੀ ਨੌਜਵਾਨ ਪੀੜ੍ਹੀ ਇਸ ਵਿੱਚ ਗ੍ਰਸਤ ਹੋ ਚੁੱਕੀ ਹੈ। ਤਸਕਰਾਂ ਵੱਲੋਂ ਲੱਖਾਂ ਹੀ ਲੋਕਾਂ ਦਾ ਸਰੀਰਕ ਤੇ ਮਾਨਸਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ ਨੌਜਵਾਨ ਪੀੜ੍ਹੀ ਨੇ ਨਸ਼ਿਆਂ ਦੀ ਪੂਰਤੀ ਲਈ ਅਪਰਾਧਾਂ, ਕਤਲਾਂ, ਲੁੱਟਾਂ, ਚੋਰੀਆਂ ਅਤੇ ਡਾਕਿਆਂ ਦੀ ਓਟ ਲੈ ਲਈ ਹੈ। ਡਾ. ਵੇਰਕਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਪੰਜਾਬ ਦੀ ਚਿੰਤਾ ਛੱਡ ਕੇ ਹੋਰ ਸੂਬਿਆਂ ਵਿੱਚ ਪ੍ਰਚਾਰ ਕਰਦੇ ਫਿਰਦੇ ਹਨ ਜਦਕਿ ਪੰਜਾਬ ਦੇ ਲੋਕ ਹੜ੍ਹਾਂ ਦੀ ਮਾੜੀ ਸਥਿਤੀ ਕਾਰਨ ਜਿਥੇ ਘਰੋਂ ਬੇਘਰ ਹੋਏ ਫਿਰ ਰਹੇ ਹਨ ਉਥੇ ਨਸ਼ਿਆਂ ਦੀ ਲੁੱਟ ਖੋਹਾਂ ਦੀਆਂ ਵਾਪਰ ਰਹੀਆਂ ਵਾਰਦਾਤਾਂ ਕਾਰਨ ਲੋਕ ਸਹਿਮੇ ਹੋਏ ਹਨ। ਡਾ. ਵੇਰਕਾ ਨੇ ਕਿਹਾ ਕਿ ਸੂਬੇ ਦੀ ਨੌਜਵਾਨ ਪੀੜ੍ਹੀ ਤੇ ਵਿਦਿਆਰਥੀ ਵਰਗ ਨੂੰ ਹਲੂਣਾ ਦੇਣ ਅਤੇ ਜਾਗਰੂਕ ਕਰਨ ਦੀ ਲੋੜ ਹੈ ਤਾਂ ਕਿ ਉਹ ਵੀ ਇਸ ਸਮੱਸਿਆ ਦੇ ਹੱਲ ਲਈ ਆਪਣਾ ਯੋਗਦਾਨ ਪਾ ਸਕਣ। ਉਨ੍ਹਾਂ ਕਿਹਾ ਕਿ 2024 ਦੀਆਂ ਪਾਰਲੀਮੈਂਟ ਚੋਣਾਂ ਵਿੱਚ ਲੋਕ ਆਪ ਨੂੰ ਸਬਕ ਸਿਖਾ ਕੇ ਭਾਰਤੀ ਜਨਤਾ ਪਾਰਟੀ ਦੇ ਹੱਕ ਵਿੱਚ ਫਤਵਾ ਦੇ ਕੇ ਪਾਰਟੀ ਨੂੰ ਪੰਜਾਬ ਦੀ ਸੇਵਾ ਕਰਨ ਦਾ ਮੌਕਾ ਦੇਣਗੇ।

# ਨੀਮ-ਹਕੀਮਾਂ ਤੋਂ ਬਚ ਕੇ ਡੇਂਗੂ ਦਾ ਇਲਾਜ ਸਿਰਫ ਮਾਹਿਰ ਡਾਕਟਰ ਤੋਂ ਹੀ ਕਰਵਾਓ: ਡਾ. ਭਾਗੋਵਾਲੀਅ

**ਗੁਰਦਾਸਪੁਰ, (ਜਨਕ ਮਹਾਜਨ)**-ਸਿਹਤ ਵਿਭਾਗ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਡੇਂਗੂ ਦਾ ਇਲਾਜ ਨੀਮ-ਹਕੀਮਾਂ ਤੋਂ ਕਰਾਉਣ ਦੀ ਬਜਾਏ ਸਿਰਫ ਮਾਹਿਰ ਡਾਕਟਰ ਤੇ ਸਰਕਾਰੀ ਸਿਹਤ ਸੰਸਥਾ ਤੋਂ ਹੀ ਕਰਾਇਆ ਜਾਵੇ। ਇਸਦੇ ਨਾਲ ਹੀ ਸਿਹਤ ਵਿਭਾਗ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਡੇਂਗੂ ਦੀ ਬਿਮਾਰੀ ਵਿਚ ਬਹੁਤੀਆਂ ਦਵਾਈਆਂ ਖਾਣ ਦੀ ਲੋੜ ਨਹੀਂ ਹੁੰਦੀ ਬਲਕਿ ਇਸ ਬਿਮਾਰੀ ਵਿਚ ਤਰਲ ਪਦਾਰਥ ਵੱਧ ਤੋਂ ਵੱਧ ਪੀਣੇ ਚਾਹੀਦੇ ਹਨ। ਮਾਤਾ ਸੁਲੱਖਣੀ ਜੀ ਸਿਵਲ ਹਸਪਤਾਲ ਬਟਾਲਾ ਅਤੇ ਸਰਕਾਰੀ ਹਸਪਤਾਲ ਕਲਾਨੌਰ ਵਿਖੇ ਮੈਡੀਸਨ ਦੇ ਮਾਹਿਰ ਵਜੋਂ ਸੇਵਾਵਾਂ ਨਿਭਾਅ ਰਹੇ ਡਾ. ਸੁਖਦੀਪ ਸਿੰਘ ਭਾਗੋਵਾਲੀਆ ਨੇ ਡੇਂਗੂ ਦੀ ਬਿਮਾਰੀ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਹਸਪਤਾਲ ਗੁਰਦਾਸਪੁਰ ਅਤੇ ਸਿਵਲ ਹਸਪਤਾਲ ਬਟਾਲਾ ਵਿਖੇ ਡੇਂਗੂ ਦੇ ਟੈਸਟ ਮੁਫ਼ਤ ਹਨ ਅਤੇ ਇਥੇ ਡਾਕਟਰਾਂ ਵਲੋਂ ਇਸ ਬਿਮਾਰੀ ਦਾ ਇਲਾਜ ਵੀ ਕੀਤਾ ਜਾਂਦਾ ਹੈ। ਡਾ. ਸੁਖਦੀਪ ਸਿੰਘ ਭਾਗੋਵਾਲੀਆ ਨੇ ਦੱਸਿਆ ਕਿ ਡੇਂਗੂ ਦਾ ਮੱਛਰ ਸਾਫ-ਪਾਣੀ ਵਿਚ ਪਲਦਾ ਹੈ ਅਤੇ ਜਿਹੜਾ ਪਾਣੀ ਸੱਤ ਦਿਨ ਤੱਕ ਖੜਾ ਰਹੇ, ਉਥੇ ਇਹ ਮੱਛਰ ਤਿਆਰ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਲਈ ਜ਼ਰੂਰੀ ਹੈ ਕਿ ਅਸੀਂ ਘਰਾਂ, ਦੁਕਾਨਾਂ, ਦਫਤਰਾਂ ਅਤੇ ਹੋਰ ਥਾਵਾਂ 'ਤੇ ਪਏ ਵਾਧੂ ਸਾਮਾਨ, ਜਿਸ ਵਿਚ ਮੀਂਹ ਆਦਿ ਦਾ ਪਾਣੀ ਖੜ੍ਹ ਸਕਦਾ ਹੈ, ਉਸ ਨੂੰ ਸਾਫ ਕਰਦੇ ਰਹੀਏ। ਇਸ ਤੋਂ ਇਲਾਵਾ ਹਰ ਹਫਤੇ ਕੂਲਰਾਂ, ਗਮਲਿਆਂ ਜਾਂ ਪੌਦੇ ਲਗਾਉਣ ਲਈ ਰੱਖੀਆਂ ਬੋਤਲਾਂ ਆਦਿ ਦਾ ਪਾਣੀ ਬਦਲਣਾ ਵੀ ਜ਼ਰੂਰੀ ਹੈ। ਡਾ. ਭਾਗੋਵਾਲੀਆ ਨੇ ਕਿਹਾ ਕਿ ਡੇਂਗੂ ਅਤੇ ਮਲੇਰੀਆ ਦੀਆਂ ਬਿਮਾਰੀਆਂ ਤੋਂ ਬਚਣ ਲਈ ਸਾਨੂੰ ਪੂਰੀ ਸਾਵਧਾਨੀ ਵਰਤਣੀ ਚਾਹੀਦੀ ਹੈ ਅਤੇ ਆਪਣੇ ਆਲੇ-ਦੁਆਲੇ ਪਾਣੀ ਇਕੱਠਾ ਨਹੀਂ ਹੋਣ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਰਾਤ ਸਾਉਣ ਸਮੇਂ ਮੱਛਰਦਾਨੀ ਜਾਂ ਮੱਛਰ ਭਜਾਊ ਕਰੀਮਾਂ ਆਦਿ ਦੀ ਵਰਤੋਂ ਕਰਨੀਂ ਚਾਹੀਦੀ ਹੈ।

# ਸੰਤ ਬਾਬਾ ਕੁੰਦਨ ਸਿੰਘ (ਪੰਜਵੜ ਵਾਲਿਆਂ) ਦੀ ਬਰਸੀ ਸਬੰਧੀ ਸਮਾਗਮ 11 ਸਤੰਬਰ ਤੋਂ



**ਝਬਾਲ (ਹਰਜਿੰਦਰ ਸਿੰਘ ਸੋਨੀ)**—ਪਿੰਡ ਪੰਜਵੜ ਗੁਰਦੁਆਰਾ ਸੰਤਸਰ ਸਾਹਿਬ ਵਿਖੇ ਸੰਤ ਬਾਬਾ ਕੁੰਦਨ ਸਿੰਘ ਜੀ (ਪੰਜਵੜ ਵਾਲਿਆਂ) ਦੀ 29ਵੀਂ ਸਾਲਾਨਾ ਬਰਸੀ ਸਬੰਧੀ ਮੀਟਿੰਗ ਕੀਤੀ ਗਈ। ਜਾਣਕਾਰੀ ਦਿੰਦੇ ਹੋਏ ਪਿੰਡ ਪੰਜਵੜ ਗੁਰਦੁਆਰਾ ਸੰਤਸਰ ਦੇ ਮਜੌਦਾ ਮੁਖੀ ਜਥੇਦਾਰ ਸੰਤ ਬਾਬਾ ਸੁਲੱਖਣ ਸਿੰਘ ਨੇ ਦੱਸਿਆ ਕਿ ਸੱਚਖੰਡ ਵਾਸੀ ਬ੍ਰਹਮ ਗਿਆਨੀ ਸੰਤ ਬਾਬਾ ਕੁੰਦਨ ਸਿੰਘ ਦੀ 29ਵੀਂ ਬਰਸੀ ਉਨ੍ਹਾਂ ਦੀ ਕਰਮ ਭੂਮੀ ਪਿੰਡ ਪੰਜਵੜ ਜ਼ਿਲਾ ਤਰਨਤਾਰਨ ਵਿਖੇ 11 ਸਤੰਬਰ ਦਿਨ ਸੋਮਵਾਰ ਨੂੰ (26 ਭਦਰੋਂ) ਤੋਂ 13 ਸਤੰਬਰ ਦਿਨ ਬੁੱਧਵਾਰ (28 ਭਾਦਰੋਂ) ਤੱਕ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ। ਇਸ ਸਬੰਧੀ ਗੁਰਦੁਆਰਾ ਸੰਤਸਰ ਵਿਖੇ ਸੰਤ ਬਾਬਾ ਸੁਲੱਖਣ ਸਿੰਘ ਵੱਲੋਂ ਨਗਰ ਅਤੇ ਇਲਾਕੇ ਦੀ ਸੰਗਤ ਦੇ ਨਾਲ ਮੀਟਿੰਗ ਕੀਤੀ ਗਈ। ਸਵੇਰੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਕਵੀਸ਼ਰੀ ਜਥਿਆਂ ਨੇ ਗੁਰੂ ਜਸ ਰਾਹੀਂ ਜੋਧਿਆਂ ਦੀਆਂ ਵਾਰਾਂ ਸੁਣਾਂ ਕੇ ਸੰਗਤਾਂ ਨੂੰ ਨਿਹਾਲ ਕੀਤਾ। ਉਚੇਚੇ ਤੌਰ 'ਤੇ ਇਲਾਕੇ ਅਤੇ ਨਗਰ ਦੀ ਸੰਗਤ ਨੇ ਹਾਜ਼ਰੀ ਭਰੀ ਤੇ ਬਰਸੀ ਸਮਾਗਮ ਸਬੰਧੀ ਵਿਚਾਰ ਵਟਾਂਦਰਾਂ ਕੀਤਾ ਤੇ ਵੱਖ-ਵੱਖ ਡਿਊਟੀਆਂ ਲਗਾਈਆਂ ਗਈਆਂ।

# ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੀ ਉਦੋਕੇ ਵਿਖੇ ਮੀਟਿੰਗ



**ਮਜੀਠਾ/ਚੰਵਿੰਡਾ ਦੇਵੀ (ਸੋਇਮ ਆਨੰਦ/ਪ੍ਰੀਤਮ ਸਿੰਘ)**-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੀ ਮੀਟਿੰਗ ਪਿੰਡ ਉੱਦੋਕੇ ਵਿਖੇ ਹੋਈ ਜਿਸਨੂੰ ਜੱਥੇਬੰਦੀ ਦੇ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੇ ਮੁੱਖ ਸਲਾਹਕਾਰ ਕਾਮਰੇਡ ਬਲਕਾਰ ਸਿੰਘ ਦੁਧਾਲਾ ਨੇ ਸੰਬੋਧਨ ਕੀਤਾ। ਉਨ੍ਹਾਂ ਨੇ ਮਜ਼ਦੂਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਨਰੇਗਾ ਦਾ ਕਾਨੂੰਨ ਜੋ ਸਾਲ ਵਿੱਚ 100 ਦਿਨ ਕੰਮ ਦੀ ਗਰੰਟੀ ਕਰਦਾ ਹੈ ਪਰ ਮਜ਼ਦੂਰਾਂ ਨੂੰ ਕੰਮ ਤੋਂ ਵਾਂਝੇ ਰੱਖਿਆ ਜਾ ਰਿਹਾ ਹੈ ਅਤੇ ਜੇਕਰ ਕੰਮ ਕਰਵਾਇਆ ਜਾਂਦਾ ਹੈ ਤਾਂ ਮਜ਼ਦੂਰਾਂ ਦੀ ਦਿਹਾੜੀ ਦੇ ਪੈਸੇ ਉਨ੍ਹਾਂ ਦੇ ਖਾਤਿਆਂ ਵਿੱਚ ਨਹੀਂ ਪਾਏ ਜਾਂਦੇ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਬੇਈਮਾਨ ਸਰਕਾਰਾਂ, ਭ੍ਰਿਸ਼ਟ ਅਫਸਰਸ਼ਾਹੀ ਮਜ਼ਦੂਰਾਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਵਾਂਝਿਆਂ ਰੱਖਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਜੋ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਨੇ ਮਜ਼ਦੂਰਾਂ ਦੀ ਦਿਹਾੜੀ 382 ਰੁਪਏ ਕਰਨ ਦਾ ਐਲਾਨ ਕੀਤਾ ਸੀ, ਉਸਨੂੰ ਤੁਰੰਤ ਲਾਗੂ ਕੀਤਾ ਜਾਵੇ ਅਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਮਜ਼ਦੂਰ ਦੀ ਦਿਹਾੜੀ ਘੱਟੋ-ਘੱਟ 700 ਰੁਪਏ ਅਤੇ ਕੰਮ ਦਿਨ 200 ਦਿਨ ਤੱਕ ਵਧਾਇਆ ਜਾਵੇ। ਨਰੇਗਾ ਮਜ਼ਦੂਰ ਦੀ ਕੰਮ ਦੌਰਾਨ ਮੌਤ ਹੋਣ ਜਾਂ ਅਪੰਗ ਹੋਣ ਤੇ ਮੁਆਵਜ਼ਾ ਦਿੱਤਾ ਜਾਵੇ ਅਤੇ ਮਜ਼ਦੂਰ ਦੀ ਉਮਰ 58 ਸਾਲ ਹੋਣ 'ਤੇ ਉਸਦੀ ਪੈਨਸ਼ਨ ਲਗਾਈ ਜਾਵੇ। ਕੁਝ ਦਿਨਾਂ ਤੱਕ ਜੱਥੇਬੰਦੀ ਵੱਲੋਂ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਕਰਕੇ ਡੀ. ਸੀ. ਦਫਤਰ ਅੱਗੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਕੇਂਦਰ ਅਤੇ ਰਾਜ ਸਰਕਾਰ ਦੇ ਨਾਮ ਮੰਗ ਪੱਤਰ ਸੌਂਪਿਆ ਜਾਵੇਗਾ। ਇਸ ਮੌਕੇ ਲਖਵਿੰਦਰ ਗੋਪਾਲਪੁਰ, ਮੰਗਲ ਖਜਾਲਾ ਅਤੇ ਸੁਰਿੰਦਰ ਰੂਪੋਵਾਲੀ ਨੇ ਵੀ ਸੰਬੋਧਨ ਕੀਤਾ।

ਯੋਗਾ ਸਿੰਘ, ਜੋਗਿੰਦਰ ਸਿੰਘ, ਸਵਿੰਦਰ ਸਿੰਘ, ਤਰਸੇਮ ਸਿੰਘ, ਕੇਵਲ ਸਿੰਘ, ਸੋਹਣ ਸਿੰਘ, ਜੋਗਿੰਦਰ ਕੌਰ, ਗੁਰਮੀਤ ਕੌਰ, ਸੁਰਜੀਤ ਕੌਰ, ਲਖਬੀਰ ਕੌਰ, ਰਾਜਵਿੰਦਰ ਕੌਰ ਆਦਿ ਹਾਜ਼ਰ ਸਨ।

# ਇੰਸ. ਰਾਜਿੰਦਰ ਸਿੰਘ ਨੇ ਥਾਣਾ ਝਬਾਲ ਦਾ ਚਾਰਜ ਸੰਭਾਲਿਆ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਪੰਜਾਬ ਪੁਲਿਸ ਦੇ ਉੱਚ ਅਧਿਕਾਰੀਆਂ ਦੇ ਹੁਕਮਾਂ ਤੇ ਬਹੁਤ ਹੀ ਇਮਾਨਦਾਰ ਤੇ ਮਿਹਨਤਕਸ਼ ਇੰਸ. ਰਾਜਿੰਦਰ ਸਿੰਘ ਨੇ ਥਾਣਾ ਝਬਾਲ ਦਾ ਕਾਰਜ ਭਾਗ ਸੰਭਾਲ ਲਿਆ ਹੈ। ਇਸ ਮੌਕੇ ਉਨ੍ਹਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਹਰ ਪੁਰਾਣੇ ਪਏ ਕੇਸ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ ਤੇ ਕਿਸੇ ਨਾਲ ਵੀ ਬੇਇਨਸਾਫੀ ਨਹੀਂ ਕੀਤੀ ਜਾਵੇਗੀ ਤੇ ਸਰਹੱਦੀ ਇਲਾਕੇ ਵਿਚੋਂ ਨਸ਼ਿਆਂ ਦੇ ਕੋਹੜ ਨੂੰ ਪਹਿਲ ਦੇ ਆਧਾਰ ਤੇ ਨੱਥ ਪਾਈ ਜਾਵੇਗੀ। ਉਨ੍ਹਾਂ ਸਰਹੱਦੀ ਇਲਾਕੇ ਦੇ ਨਸ਼ਿਆਂ ਦਾ ਧੰਦਾ ਕਰਨ ਵਾਲਿਆਂ ਨੂੰ ਕਿਹਾ ਕਿ ਉਹ ਨਸ਼ਿਆਂ ਧੰਦਾ ਬੰਦ ਕਰ ਦੇਣ ਨਹੀਂ ਤਾਂ ਜੇਲ੍ਹ ਜਾਣ ਲਈ ਤਿਆਰ ਰਹਿਣ। ਇੰਸ. ਰਾਜਿੰਦਰ ਸਿੰਘ ਨੇ ਕਿਹਾ ਕਿ ਥਾਣੇ ਆਉਣ ਵਾਲੇ ਹਰ ਇੱਕ ਸਰਪੰਚ/ਪੰਚ ਤੇ ਆਮ ਆਦਮੀ ਦਾ ਸਤਿਕਾਰ ਕੀਤਾ ਜਾਵੇਗਾ।

# ਡੇਂਗੂ ਫੈਲਣ ਦਾ ਮੁੱਖ ਕਾਰਨ ਬਰਸਾਤੀ ਪਾਣੀ ਦੀ ਨਿਕਾਸੀ ਨਾ ਹੋਣਾ: ਬੰਟੀ ਵਾਲੀਆ



**ਫਗਵਾੜਾ (ਡਾ. ਰਮਨ )** ਸਥਾਨਕ ਜੀ.ਟੀ ਰੋਡ 'ਤੇ ਬਣੇ ਨੈਸ਼ਨਲ ਹਾਈਵੇਅ ਫਲਾਈਓਵਰ ਦੇ ਆਲੇ-ਦੁਆਲੇ ਅਤੇ ਪੁਲ ਦੇ ਹੇਠਾਂ ਬਰਸਾਤੀ ਪਾਣੀ ਦੀ ਨਿਕਾਸੀ ਨਾ ਹੋਣ ਨੂੰ ਡੇਂਗੂ ਦਾ ਮੁੱਖ ਕਾਰਨ ਦੱਸਦਿਆਂ ਬਲਾਕ ਕਾਂਗਰਸ ਫਗਵਾੜਾ ਸ਼ਹਿਰੀ ਦੇ ਪ੍ਰਧਾਨ ਅਤੇ ਸਾਬਕਾ ਨਗਰ ਕੌਂਸਲਰ ਤਰਨਜੀਤ ਸਿੰਘ ਬੰਟੀ ਵਾਲੀਆ ਨੇ ਕਿਹਾ ਕਿ ਫਲਾਈਓਵਰ ਬਣਾਉਣ ਦਾ ਸਿਹਰਾ ਲੈਣ ਵਾਲੇ ਵੱਡੇ ਲੀਡਰਾਂ ਨੂੰ ਸ਼ਹਿਰ ਦੀ ਇਹ ਵੱਡੀ ਸਮੱਸਿਆ ਨਜ਼ਰ ਨਹੀਂ ਆਉਂਦੀ ? ਜੇਕਰ ਉਹ ਇਸ ਸਮੱਸਿਆ ਤੋਂ ਅਣਜਾਣ ਹਨ ਤਾਂ ਹੈਰਾਨੀ ਦੀ ਗੱਲ ਹੈ ਤੇ ਜੇਕਰ ਉਹ ਸਭ ਕੁਝ ਜਾਣਦੇ ਹੋਏ ਵੀ ਅੱਖਾਂ ਬੰਦ ਕਰੀ ਬੈਠੇ ਹਨ ਤਾਂ ਇਸ ਨੂੰ ਫਗਵਾੜਾ ਸ਼ਹਿਰ ਦੀ ਤ੍ਰਾਸਦੀ ਮੰਨਿਆ ਜਾਵੇਗਾ। ਬੰਟੀ ਵਾਲੀਆ ਨੇ ਕਿਹਾ ਕਿ ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ (ਐਨ.ਐਚ.ਏ.ਆਈ.) ਅਤੇ ਪੁਲ ਬਣਾਉਣ ਵਾਲੀ ਕੰਪਨੀ ਨੇ ਬਰਸਾਤੀ ਪਾਣੀ ਦੀ ਨਿਕਾਸੀ ਦਾ ਕੋਈ ਪ੍ਰਬੰਧ ਨਹੀਂ ਕੀਤਾ, ਜਿਸ ਦਾ ਖ਼ਮਿਆਜ਼ਾ ਫਗਵਾੜਾ ਵਾਸੀਆਂ ਨੂੰ ਹਰ ਸਾਲ ਭੁਗਤਣਾ ਪੈਂਦਾ ਹੈ ਕਿਉਂਕਿ ਥੋੜ੍ਹੀ ਜਿਹੀ ਬਾਰਿਸ਼ ਤੋਂ ਬਾਅਦ ਵੀ ਪੁਲ ਦੇ ਹੇਠਾਂ ਅਤੇ ਦੋਵੇਂ ਪਾਸੇ ਸਰਵਿਸ ਲੇਨ 'ਤੇ ਲੰਬੇ ਸਮੇਂ ਤੋਂ ਖੜ੍ਹਾ ਪਾਣੀ ਡੇਂਗੂ ਦੀ ਫੈਕਟਰੀ ਬਣ ਗਿਆ ਹੈ। ਇਹੀ ਕਾਰਨ ਹੈ ਕਿ ਹਰ ਸਾਲ ਇਹ ਮਹਾਂਮਾਰੀ ਸ਼ਹਿਰ ਵਿੱਚ ਫੈਲਦੀ ਹੈ। ਕਈ ਲੋਕ ਡੇਂਗੂ ਦਾ ਸ਼ਿਕਾਰ ਹੋ ਜਾਨ ਗੁਆ ਚੁੱਕੇ ਹਨ। ਉਨ੍ਹਾਂ ਨੇ ਗੁਰਦੁਆਰਾ ਸਿੰਘ ਸਭਾ ਦੇ ਨੇੜੇ ਮਾਡਲ ਟਾਊਨ ਖੇਤਰ 'ਚ ਪਾਣੀ ਖੜਨ ਲਈ ਐਨ.ਐਚ.ਆਈ.ਏ. ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਦੱਸਿਆ ਕਿ ਜਦੋਂ ਉਨ੍ਹਾਂ ਇਸ ਸਮੱਸਿਆ ਸਬੰਧੀ ਅਥਾਰਟੀ ਦੇ ਅਧਿਕਾਰੀਆਂ ਤੋਂ ਪੁੱਛਿਆ ਤਾਂ ਅਧਿਕਾਰੀਆਂ ਵਲੋਂ ਕਿਸ ਤਰ੍ਹਾਂ ਦਾ ਭਰੋਸਾ ਦੇਣ ਦੀ ਬਜਾਏ ਉਲਟਾ ਉਨ੍ਹਾਂ ਤੋਂ ਸਮੱਸਿਆ ਦੇ ਹੱਲ ਬਾਰੇ ਪੁੱਛਿਆ ਜਾਣ ਲੱਗਾ। ਸਾਬਕਾ ਕੌਂਸਲਰ ਵਾਲੀਆ ਨੇ ਕਾਰਪੋਰੇਸ਼ਨ ਫਗਵਾੜਾ ਤੋਂ ਵੀ ਮੰਗ ਕੀਤੀ ਕਿ ਮੀਂਹ ਦੇ ਖੜ੍ਹੇ ਪਾਣੀ ਵਿੱਚ ਘੱਟੋ-ਘੱਟ ਦਵਾਈ ਦਾ ਛਿੜਕਾਅ ਜ਼ਰੂਰ ਕੀਤਾ ਜਾਵੇ ਤਾਂ ਜੋ ਡੇਂਗੂ ਦਾ ਲਾਰਵਾ ਪੈਦਾ ਨਾ ਹੋਵੇ। ਉਨ੍ਹਾਂ ਨਗਰ ਕੌਂਸਲ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਤੋਂ ਵੀ ਮੰਗ ਕੀਤੀ ਹੈ ਕਿ ਵਾਰਡ ਪੱਧਰ 'ਤੇ ਫੋਗਿੰਗ ਕਰਵਾਈ ਜਾਵੇ ਅਤੇ ਘਰਾਂ ਵਿੱਚ ਡੋਰ-ਟੂ-ਡੋਰ ਚੈਕਿੰਗ ਮੁਹਿੰਮ ਚਲਾ ਕੇ ਡੇਂਗੂ ਦੇ ਲਾਰਵੇ ਨੂੰ ਨਸ਼ਟ ਕੀਤਾ ਜਾਵੇ।

# ਭਾਸ਼ਾ ਵਿਭਾਗ ਨੇ ਦੁਕਾਨਾਂ ਦੇ ਬੋਰਡ ਪੰਜਾਬੀ 'ਚ ਲਿਖਵਾਉਣ ਲਈ ਕੀਤੀ ਵਪਾਰ ਮੰਡਲ ਨਾਲ ਮੀਟਿੰਗ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਦੀ ਰਹਿਨੁਮਾਈ ਹੇਠ ਸਥਾਨਕ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਨੇ ਜ਼ਿਲ੍ਹੇ ਦੀਆਂ ਦੁਕਾਨਾਂ ਦੇ ਬੋਰਡ ਪੰਜਾਬੀ ਭਾਵ ਗੁਰਮੁਖੀ ਵਿੱਚ ਲਿਖਵਾਉਣ ਲਈ ਜ਼ਿਲ੍ਹਾ ਵਪਾਰ ਮੰਡਲ ਦੇ ਪ੍ਰਧਾਨ ਗੋਪੀ ਚੰਦ ਦੀ ਅਗਵਾਈ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਅਦਾਰਿਆਂ ਦੇ ਮੁਖੀਆਂ ਨਾਲ ਮੀਟਿੰਗ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਜਸਵੰਤ ਰਾਏ ਖੋਜ ਅਫ਼ਸਰ ਨੇ ਰਾਜ ਭਾਸ਼ਾ ਐਕਟ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਪੰਜਾਬੀ ਸਾਡੀ ਮਾਂ ਬੋਲੀ ਹੈ ਅਤੇ ਮਾਂ ਬੋਲੀ ਨਾਲ ਸਾਡੀਆਂ ਸਿਰਫ਼ ਜੜ੍ਹਾਂ ਹੀ ਨਹੀਂ ਲਗਦੀਆਂ ਸਗੋਂ ਸਾਡੀ ਹੋਂਦ ਵੀ ਬਰਕਰਾਰ ਰਹਿੰਦੀ ਹੈ। ਇਸ ਗੱਲ ਨੂੰ ਭਾਸ਼ਾ ਅਤੇ ਮਨੋਵਿਗਿਆਨੀ ਵੀ ਸਿੱਧ ਕਰ ਚੁੱਕੇ ਹਨ। ਮਾਂ ਬੋਲੀ ਨਾਲ ਹੀ ਮਨੁੱਖ ਅੰਦਰ ਆਤਮ ਵਿਸ਼ਵਾਸ ਅਤੇ ਆਪਣੇਪਨ ਦੀ ਭਾਵਨਾ ਪੈਦਾ ਹੁੰਦੀ ਹੈ ਜਿਹੜੀ ਕਿਸੇ ਵੀ ਅਦਾਰੇ ਦੀ ਸਫ਼ਲਤਾ ਦਾ ਰਾਜ ਹੁੰਦੀ ਹੈ। ਆਪਣੀ ਮਾਂ ਬੋਲੀ ਦੇ ਮਾਣ- ਸਤਿਕਾਰ ਅਤੇ ਇਸਦੇ ਬਣਦੇ ਹੱਕ ਅਨੁਸਾਰ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਆਪਣੀਆਂ ਦੁਕਾਨਾਂ ਦੇ ਬੋਰਡ ਪੰਜਾਬੀ ਭਾਸ਼ਾ ਭਾਵ ਗੁਰਮੁਖੀ ਵਿੱਚ ਲਿਖਵਾਏ ਜਾਣ। ਬੋਰਡ ਦੀ ਸਭ ਤੋਂ ਉਪਰਲੀ ਪੱਟੀ 'ਤੇ ਨਾਂਅ ਮੋਟੇ ਫੌਂਟ ਵਿੱਚ ਪੰਜਾਬੀ ਭਾਸ਼ਾ ਵਿੱਚ ਹੋਵੇ ਉਸ ਤੋਂ ਹੇਠਾਂ ਥੋੜ੍ਹੇ ਛੋਟੇ ਫੌਂਟ ਵਿੱਚ ਤੁਸੀਂ ਕਿਸੇ ਵੀ ਹੋਰ ਭਾਸ਼ਾ ਵਿੱਚ ਲਿਖਵਾ ਸਕਦੇ ਹੋ। ਮੰਡਲ ਦੇ ਪ੍ਰਧਾਨ ਗੋਪੀ ਚੰਦ ਨੇ ਸਰਕਾਰ ਅਤੇ ਭਾਸ਼ਾ ਵਿਭਾਗ ਦੇ ਇਸ ਉਪਰਾਲੇ ਨੂੰ ਇੱਕ ਚੰਗੀ ਪਹਿਲਕਦਮੀ ਦੱਸਦਿਆਂ ਕਿਹਾ ਕਿ ਭਾਵੇਂ ਇਹ ਇੱਕ ਵੱਡਾ ਪ੍ਰੋਜੈਕਟ ਹੈ ਤੇ ਇਸ ਨੂੰ ਕੁਝ ਸਮਾਂ ਵੀ ਲੱਗ ਸਕਦਾ ਹੈ ਪਰ ਆਪਾਂ ਇਸ ਕਾਰਜ ਨੂੰ ਪਹਿਲ ਦੇ ਅਧਾਰ 'ਤੇ ਬੋਰਡਾਂ ਦੇ ਨਾਂਅ ਪੰਜਾਬੀ ਵਿੱਚ ਲਿਖਵਾਉਣ ਦੀ ਮੁਹਿਮ ਵਿੱਢਦੇ ਹਾਂ। ਇਸ ਮੌਕੇ ਬਰਜਿੰਦਰਜੀਤ ਸਿੰਘ ਪ੍ਰਧਾਨ ਫੋਟੋਗ੍ਰਾਫਰ ਐਸੋਸੀਏਸ਼ਨ, ਰਾਜਨ ਗੁਪਤਾ ਹੋਲਸੇਲ ਕਰਿਆਨਾ, ਰਾਕੇਸ਼ ਭਾਰਦਵਾਜ਼ ਜਨਰਲ ਸਕੱਤਰ ਵਪਾਰ ਮੰਡਲ ਤੇ ਹੋਲਸੇਲ ਮਨਿਆਰੀ ਯੂਨੀਅਨ, ਅਨੂਪ ਕੁਮਾਰ ਜੈਨ ਹੋਲਸੇਲ ਸ਼ਰਾਫ਼ਾ ਅਸੋਸੀਏਸ਼ਨ, ਸੁਨੀਲ ਵਰਮਾ ਕੰਪਿਊਟਰ ਐਸੋਸੀਏਸ਼ਨ, ਚੰਦਰ ਮੋਹਨ ਇਲੈਕਟ੍ਰਿਕ ਐਸੋਸੀਏਸ਼ਨ, ਭੂਸ਼ਨ ਕੁਮਾਰ ਪਲਾਸਟਿਕ ਬੈਗ ਐਸੋਸੀਏਸ਼ਨ, ਸਤਿੰਦਰਪਾਲ ਸਿੰਘ ਰੱਸਾ ਵਣ ਐਸੋਸੀਏਸ਼ਨ, ਸੁਸ਼ੀਲ ਕੁਮਾਰ ਸਵਰਨਕਾਰ ਸੰਘ, ਪਵਨ ਕੁਮਾਰ ਆਦਿ ਅਹੁਦੇਦਾਰਾਂ ਨੇ ਵੀ ਇਸ ਅਹਿਮ ਮੁੱਦੇ ਪ੍ਰਤੀ ਭਰੋਸਾ ਪ੍ਰਗਟ ਕਰਦਿਆਂ ਵਿਚਾਰ ਰੱਖੇ।

# ਸੰਦੀਪ ਕੁਮਾਰ ਜ਼ਿਲ੍ਹਾ ਤਰਨਤਾਰਨ ਦੇ ਨਵੇਂ ਡਿਪਟੀ ਕਮਿਸ਼ਨਰ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਸੰਦੀਪ ਕੁਮਾਰ ਆਈ. ਏ. ਐੱਸ. ਨੇ ਜ਼ਿਲ੍ਹਾ ਤਰਨ ਤਾਰਨ ਦੇ ਡਿਪਟੀ ਕਮਿਸ਼ਨਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਤੋਂ ਪਹਿਲਾਂ ਉਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਲੁਧਿਆਣਾ ਵਜੋਂ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤਰਨ ਤਾਰਨ ਵਿਖੇ ਪਹੁੰਚਣ ਤੇ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਅਮਨਿੰਦਰ ਕੌਰ, ਐੱਸ. ਡੀ. ਐੱਮ. ਤਰਨ ਤਾਰਨ ਰਜਨੀਸ਼ ਅਰੋੜਾ ਅਤੇ ਐੱਸਡੀਐੱਮ ਖਡੂਰ ਸਾਹਿਬ ਦੀਪਕ ਭਾਟੀਆ ਤੋਂ ਇਲਾਵਾ ਹੋਰ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਪੰਜਾਬ ਪੁਲਸ ਦੀ ਟੁਕੜੀ ਤੋਂ ਸਲਾਮੀ ਵੀ ਲਈ। ਉਹ ਪ੍ਰਮਾਤਮਾ ਦਾ ਸ਼ੁਕਰਾਨਾ ਕਰਨ ਅਤੇ ਓਟ ਆਸਰਾ ਲੈਣ ਲਈ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਜਾ ਕੇ ਨਤਮਸਤਕ ਹੋਏ।

ਅਹੁਦਾ ਸੰਭਾਲਣ ਤੋਂ ਤੁਰੰਤ ਬਾਅਦ ਉਹ ਪਿੰਡ ਘੜੁੰਮ ਨੇੜੇ ਦਰਿਆ ਸਤਲੁਜ ਵਿੱਚ ਪਏ ਪਾੜ ਨੂੰ ਪੂਰਨ ਲਈ ਸੰਗਤਾਂ ਦੇ ਸਹਿਯੋਗ ਨਾਲ ਚਲਾਏ ਜਾ ਰਹੇ ਕਾਰਜਾਂ ਨੂੰ ਦੇਖਣ ਲਈ ਪਹੁੰਚੇ। ਇਸ ਬੰਨ੍ਹ ਦੇ ਟੁੱਟਣ ਨਾਲ ਦਰਿਆ ਸਤਲੁਜ ਨਾਲ ਲੱਗਦੇ ਲੱਗਭੱਗ 20 ਪਿੰਡ ਪ੍ਰਭਾਵਿਤ ਹੋਏ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਤਰਨ ਤਾਰਨ ਵੱਲੋਂ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਸੁਵਿਧਾ ਲਈ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਹੜ੍ਹ ਪੀੜ੍ਹਤਾਂ ਲਈ 07 ਰਾਹਤ ਕੇਂਦਰ ਬਣਾਏ ਗਏ ਹਨ। ਹੜ੍ਹ ਪ੍ਰਭਾਵਿਤ ਲੋਕਾਂ ਲਈ ਜ਼ਿਲ੍ਹਾ ਪ੍ਰਸ਼ਾਸਨ ਤਰਨ ਤਾਰਨ ਵੱਲੋਂ ਬਣਾਏ ਗਏ ਰਾਹਤ ਕੇਂਦਰਾਂ ਵਿੱਚ ਲੋੜੀਂਦੀਆਂ ਸੁਵਿਧਾਵਾਂ ਮੁਹੱਈਆ ਕਰਵਾਈਆ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਲੋਕਾਂ ਦੀ ਸਹੂਲਤ ਲਈ ਮੈਡੀਕਲ ਟੀਮਾਂ ਵੱਲੋਂ ਲੋੜੀਂਦੀਆਂ ਦਵਾਈਆਂ ਅਤੇ ਡਾਕਟਰੀ ਸਹਾਇਤਾ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਧਾਰਮਿਕ ਤੇ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਦਰਿਆ ਸਤਲੁਜ ਨਾਲ ਲੱਗਦੇ ਪਿੰਡਾਂ ਸਮੇਤ ਪਾਣੀ ਦੀ ਮਾਰ ਹੇਠ ਆਏ ਵੱਖ-ਵੱਖ ਪਿੰਡਾਂ ਵਿੱਚ ਰਾਹਤ ਕਾਰਜ ਲਗਾਤਾਰ ਜਾਰੀ ਹਨ। ਉਨ੍ਹਾਂ ਦੱਸਿਆ ਕਿ ਹੜ੍ਹ ਪੀੜ੍ਹਤਾਂ ਲਈ ਲੰਗਰ, ਪਸ਼ੂਆਂ ਲਈ ਚਾਰਾ, ਤਰਪਾਲਾਂ, ਮੱਛਰਦਾਨੀਆਂ, ਪੀਣ ਵਾਲਾ ਪਾਣੀ ਆਦਿ ਦੀਆਂ ਸੁਵਧਿਾਵਾਂ ਨਾਲ ਲੋਕਾਂ ਦੀ ਮੱਦਦ ਕੀਤੀ ਜਾ ਰਹੀ ਹੈ ਤੇ ਇਹ ਸੰਸਥਾਵਾਂ ਜ਼ਿਲ੍ਹਾ ਪ੍ਰਸ਼ਾਸਨ ਤਰਨ ਤਾਰਨ ਦਾ ਪੂਰਨ ਸਹਿਯੋਗ ਕਰ ਰਹੀਆਂ ਹਨ।

# ਸਿਹਤ ਵਿਭਾਗ ਵੱਲੋਂ ਤਿਆਰ ਥੈਲੇਸੀਮੀਆ ਦਾ ਪੋਸਟਰ ਜਾਰੀ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਦਫਤਰ ਜ਼ਿਲ੍ਹਾ ਪ੍ਰੀਸ਼ਦ ਵਿਖੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਮਿਤ ਤਲਵਾੜ ਨੇ ਜ਼ਿਲ੍ਹਾ ਪੱਧਰੀ ਡੀਐਚਐਸ ਦੀ ਰੀਵਿਊ ਮੀਟਿੰਗ ਕੀਤੀ। ਉਨ੍ਹਾਂ ਨੇ ਕਿਹਾ ਕਿ ਸਰਕਾਰੀ ਨਸ਼ਾ ਛੁਡਾਊ ਕੇਂਦਰ ਤੋਂ ਇਲਾਵਾ ਜਿੰਨੇ ਵੀ ਪ੍ਰਾਈਵੇਟ ਸੈਂਟਰ ਕੰਮ ਕਰ ਰਹੇ ਹਨ, ਦਾ ਹਰ ਤਿਮਾਹੀ 'ਤੇ ਨਿਰੀਖਣ ਕੀਤਾ ਜਾਵੇ ਅਤੇ ਇਸ ਦੀ ਕਾਰਗੁਜ਼ਾਰੀ ਦੀ ਰਿਪੋਰਟ ਨੂੰ ਮਹੀਨਾਵਾਰ ਮੀਟਿੰਗ ਵਿੱਚ ਵਿਚਾਰਿਆ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰੀ ਪੁਨਰਵਾਸ ਕੇਂਦਰਾਂ ਤੇ ਸਕਿੱਲਡ ਕੋਰਸਾਂ ਵਿੱਚ ਭੰਗੜੇ ਨੂੰ ਵੀ ਸ਼ਾਮਲ ਕੀਤਾ ਜਾਵੇ ਤਾਂ ਕਿ ਇਨਾਂ ਮਰੀਜ਼ਾਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਿਆ ਜਾ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰੀ ਪੁਨਰਵਾਸ ਕੇਂਦਰ ਦੇ ਸੁੰਦਰੀਕਰਨ ਵੀ ਕੀਤਾ ਜਾਵੇ। ਆਮ ਆਦਮੀ ਕਲੀਨਿਕ ਬਾਰੇ ਗੱਲਬਾਤ ਕਰਦਿਆਂ ਉਨਾਂ ਨੇ ਸਮੂਹ ਸੀਨੀਅਰ ਮੈਡੀਕਲ ਅਫਸਰਾਂ ਨੂੰ ਹਦਾਇਤ ਕੀਤੀ ਕਿ ਉਹ ਵਿਅਕਤੀਗਤ ਤੌਰ ਤੇ ਜਾ ਕੇ ਆਮ ਆਦਮੀ ਕਲੀਨਿਕਾਂ ਦਾ ਦੌਰਾ ਕਰਨ ਅਤੇ ਚੈੱਕ ਲਿਸਟ ਦੇ ਅਨੁਸਾਰ ਉਸਦੀ ਰਿਪੋਰਟਿੰਗ ਕਰਨ। ਸ਼੍ਰੀ ਤਲਵਾੜ ਨੇ ਸਿਹਤ ਵਿਭਾਗ ਵੱਲੋਂ ਤਿਆਰ ਕੀਤਾ ਗਿਆ ਥੈਲੇਸੀਮੀਆ ਦਾ ਪੋਸਟਰ ਜਾਰੀ ਕੀਤਾ ਅਤੇ ਸਿਹਤ ਵਿਭਾਗ ਦੇ ਡਾਕਟਰਾਂ ਨੂੰ ਹਦਾਇਤ ਕੀਤੀ ਗਈ ਕਿ ਹਰੇਕ ਗਰਭਵਤੀ ਔਰਤ ਦਾ ਪਹਿਲੇ ਤਿਮਾਹੀ ਵਿੱਚ ਥੈਲੇਸੀਮੀਆ ਦਾ ਟੈਸਟ ਕਰਵਾਉਣਾ ਯਕੀਨੀ ਬਣਾਇਆ ਜਾਵੇ। ਮੀਟਿੰਗ ਦੌਰਾਨ ਸਿਵਲ ਸਰਜਨ ਡਾ: ਵਿਜੈ ਕੁਮਾਰ, ਸਹਾਇਕ ਸਿਵਲ ਸਰਜਨ ਡਾ. ਰਜਿੰਦਰ ਪਾਲ ਕੌਰ, ਡੀਐਚਓ. ਡਾ. ਜਸਪਾਲ ਸਿੰਘ, ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਭਾਰਤੀ ਧਵਨ, ਬੀਸੀਜੀ ਅਫਸਰ ਡਾ. ਰਾਘਵ ਗੁਪਤਾ, ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਜਸਪ੍ਰੀਤ ਸਰਮਾ, ਜ਼ਿਲ੍ਹਾ ਐਪੀਡਮੋਲਿਸਟ ਡਾ. ਹਰਜੋਤ ਕੌਰ, ਡਾ. ਇਸ਼ਿਤਾ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਗੁਰਮੀਤ ਕੌਰ, ਡਿਪਟੀ ਮਾਸ ਮੀਡੀਆ ਅਫਸਰ ਕਮਲਦੀਪ ਭੱਬਾ ਅਤੇ ਸਮੂਹ ਸੀਨੀਅਰ ਮੈਡੀਕਲ ਅਫਸਰ ਹਾਜ਼ਰ ਸਨ।

# ਕੋਟ ਸੰਤੋਖ ਰਾਏ ਦਾ ਕਿਸਾਨ ਬਲਦੇਵ ਸਿੰਘ ਨਿਮਾਣਾ ਬਣਿਆ 'ਬਾਗਬਾਨ'



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪੰਜਾਬ ਸਰਕਾਰ ਵੱਲੋਂ ਬਾਗਬਾਨੀ ਨੂੰ ਉਤਸ਼ਾਹਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਸਦਕਾ ਕਿਸਾਨਾਂ ਵੱਲੋਂ ਕਣਕ-ਝੋਨੇ ਦੇ ਹੇਠੋਂ ਰਕਬਾ ਕੱਢ ਕੇ ਬਾਗਬਾਨੀ ਹੇਠ ਲਿਆਂਦਾ ਜਾ ਰਿਹਾ ਹੈ। ਧਾਰੀਵਾਲ ਦੇ ਨਜ਼ਦੀਕ ਪਿੰਡ ਕੋਟ ਸੰਤੋਖ ਰਾਏ ਦੇ ਕਿਸਾਨ ਬਲਦੇਵ ਸਿੰਘ ਨਿਮਾਣਾ ਨੇ ਹੁਣ ਆਪਣੀ ਪੂਰੀ ਖੇਤੀ ਹੀ ਬਾਗਬਾਨੀ ਨੂੰ ਸਮਰਪਿਤ ਕਰਦੇ ਹੋਏ ਆਪਣੇ ਖੇਤਾਂ ਵਿੱਚ ਨਾਖ, ਆਲੂ-ਬੁਖਾਰਾ, ਅਮਰੂਦ, ਪਪੀਤਾ ਦੇ ਬਾਗ ਲਗਾ ਕੇ ਨਾਲ ਹੀ ਸਬਜ਼ੀਆਂ ਦੀ ਕਾਸ਼ਤ ਵੀ ਸ਼ੁਰੂ ਕਰ ਦਿੱਤੀ ਹੈ। ਕਿਸਾਨ ਬਲਦੇਵ ਸਿੰਘ ਨਿਮਾਣਾ ਦੱਸਦੇ ਹਨ ਕਿ ਬਾਗਬਾਨੀ ਜਿਥੇ ਅਮਾਦਨ ਪੱਖੋਂ ਬਹੁਤ ਵਧੀਆ ਹੈ ਓਥੇ ਇਹ ਵਾਤਾਵਰਨ ਪੱਖੀ ਵੀ ਹੈ। ਇਸੇ ਕਾਰਨ ਉਸਨੇ ਆਪਣੀ ਸਾਰੀ 5 ਏਕੜ ਦੀ ਖੇਤੀ ਵਿੱਚ ਹੀ ਬਾਗਬਾਨੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ 2 ਸਾਲ ਪਹਿਲਾਂ ਢਾਈ ਏਕੜ ਵਿੱਚ ਨਾਖਾਂ ਦਾ ਬਾਗ ਅਤੇ ਵਿੱਚ ਆਲੂ-ਬੁਖਾਰਾ ਅਤੇ ਢਾਈ ਏਕੜ ਵਿੱਚ ਅਮਰੂਦ ਅਤੇ ਪਪੀਤੇ ਦੇ ਬਾਗ ਲਗਾਏ ਹਨ। ਅਜੇ ਬਾਗ ਛੋਟੇ ਹੋਣ ਕਾਰਨ ਉਹ ਇਨ੍ਹਾਂ ਬਾਗਾਂ ਵਿੱਚ ਹਰੀ ਮਿਰਚ ਅਤੇ ਹੋਰ ਸਬਜ਼ੀਆਂ ਦੀ ਕਾਸ਼ਤ ਕਰ ਰਹੇ ਹਨ ਜੋ ਉਸ ਨੂੰ ਲਾਗਤਾਰ ਆਮਦਨ ਦੇ ਰਹੇ ਹਨ। ਬਲਦੇਵ ਸਿੰਘ ਨਿਮਾਣਾ ਦਾ ਕਹਿਣਾ ਹੈ ਕਿ ਉਸ ਨੇ ਹਮੇਸ਼ਾ ਹੀ ਵਾਤਾਵਰਨ ਪੱਖੀ ਖੇਤੀ ਨੂੰ ਤਰਜੀਹ ਦਿੱਤੀ ਹੈ। ਉਨ੍ਹਾਂ ਨੇ ਫਸਲੀ ਰਹਿੰਦ-ਖੂੰਹਦ ਨੂੰ ਵੀ ਅੱਗ ਨਹੀਂ ਲਗਾਈ। ਉਨ੍ਹਾਂ ਕਿਹਾ ਕਿ ਬਾਗ ਲਗਾਉਣ ਪਿੱਛੇ ਵੀ ਉਨ੍ਹਾਂ ਦਾ ਮੁੱਖ ਉਦੇਸ਼ ਵਾਤਾਵਰਨ ਪੱਖੀ ਹੈ ਕਿਉਂਕਿ ਬਾਗਾਂ ਨਾਲ ਵਾਤਾਵਰਨ ਹੋਰ ਵੀ ਸਾਫ਼ ਤੇ ਹਰਾ-ਭਰਾ ਹੁੰਦਾ ਹੈ। ਇਸਦੇ ਨਾਲ ਹੀ ਨਾਖ, ਆਲੂ-ਬੁਖਾਰਾ, ਅਮਰੂਦ ਤੇ ਪਪੀਤੇ ਦੇ ਬਾਗ ਉਸ ਨੂੰ ਚੰਗੀ ਆਮਦਨ ਵੀ ਦੇਣਗੇ। ਉਸ ਨੇ ਕਿਹਾ ਕਿ ਕਿਸਾਨਾਂ ਨੂੰ ਕਣਕ-ਝੋਨੇ ਦੇ ਫਸਲੀ ਚੱਕਰ ਵਿਚੋਂ ਬਾਹਰ ਆ ਕੇ ਹੋਰ ਫਸਲਾਂ ਦੀ ਕਾਸ਼ਤ ਕਰਨ ਦੇ ਨਾਲ ਬਾਗ ਲਗਾਉਣੇ ਚਾਹੀਦੇ ਹਨ ਤਾਂ ਜੋ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਹੋ ਸਕੇ। ਬਾਗਬਾਨੀ ਵਿਭਾਗ ਦੇ ਡਿਪਟੀ ਡਾਇਰੈਕਟਰ ਸ. ਤਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਕਿਸਾਨ ਬਲਦੇਵ ਸਿੰਘ ਨਿਮਾਣਾ ਨੇ ਆਪਣੀ ਸਾਰੀ ਖੇਤੀ ਬਾਗਾਂ ਦੇ ਅਧੀਨ ਲਿਆ ਕੇ ਬਹੁਤ ਵਧੀਆ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਬਾਗ ਚੋਖੀ ਆਮਦਨ ਦਾ ਪੱਕਾ ਸਰੋਤ ਹਨ ਅਤੇ ਜਿੰਨਾ ਚਿਰ ਬਾਗ ਵੱਡੇ ਨਹੀਂ ਹੋ ਜਾਂਦੇ ਉਨਾ ਚਿਰ ਬਾਗਾਂ ਵਿੱਚ ਸਬਜ਼ੀਆਂ ਆਦਿ ਦੀ ਕਾਸ਼ਤ ਕਰਕੇ ਲਗਾਤਾਰ ਆਮਦਨ ਲਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਗੁਰਦਾਸਪੁਰ ਦੀ ਧਰਤੀ ਬਾਗਾਂ ਲਈ ਬਹੁਤ ਵਧੀਆ ਹੈ ਅਤੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਬਾਗਬਾਨੀ ਵੱਲ ਜ਼ਰੂਰ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਾਗ ਲਗਾਉਣ ਸਬੰਧੀ ਕਿਸੇ ਵੀ ਤਕਨੀਕੀ ਜਾਣਕਾਰੀ ਜਾਂ ਸਿਖਲਾਈ ਲਈ ਬਾਗਬਾਨੀ ਵਿਭਾਗ ਦੇ ਗੁਰਦਾਸਪੁਰ ਸਥਿਤ ਦਫ਼ਤਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

# ਹੜ੍ਹ ਪ੍ਰਭਾਵਿਤ ਖੇਤਰਾਂ ਲਈ 8 ਫੌਗਿੰਗ ਸਪਰੇਅ ਟੀਮਾਂ ਰਵਾਨਾ



**ਗੁਰਦਾਸਪੁਰ, (ਜਨਕ ਮਹਾਜਨ)**-ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਤ ਖੇਤਰ ਵਿੱਚ ਲੋਕਾਂ ਨੂੰ ਖੜ੍ਹੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਉਣ ਲਈ ਸਿਹਤ ਵਿਭਾਗ ਵਲੋਂ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਮੁਹਿੰਮ ਤਹਿਤ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਗੁਰਦਾਸਪੁਰ ਦੇ ਪੁਰਾਣੇ ਸਿਵਲ ਹਸਪਤਾਲ ਤੋਂ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਵਸਨੀਕਾਂ ਨੂੰ ਡੇਂਗੂ, ਮਲੇਰੀਆ ਅਤੇ ਹੋਰ ਬਿਮਾਰੀਆਂ ਤੋਂ ਬਚਾਉਣ ਲਈ 8 ਫੌਗਿੰਗ ਸਪਰੇਅ ਗੱਡੀਆਂ ਸਮੇਤ ਸਿਹਤ ਵਿਭਾਗ ਦੀਆਂ ਟੀਮਾਂ ਨੂੰ ਰਵਾਨਾ ਕੀਤਾ। ਇਸ ਮੌਕੇ ਉਨ੍ਹਾਂ ਨਾਲ ਸਿਵਲ ਸਰਜਨ ਡਾ. ਹਰਭਜਨ ਰਾਮ ਮਾਂਡੀ ਤੇ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਤੇ ਅਮਲਾ ਵੀ ਮੌਜੂਦ ਸੀ। ਇਨ੍ਹਾਂ ਟੀਮਾਂ ਨੂੰ ਰਵਾਨਾ ਕਰਨ ਮੌਕੇ ਚੇਅਰਮੈਨ ਬਹਿਲ ਨੇ ਕਿਹਾ ਕਿ ਹੜ੍ਹਾਂ ਦੀ ਇਸ ਕੁਦਰਤੀ ਕਰੋਪੀ ਤੋਂ ਬਾਅਦ ਸਿਹਤ ਵਿਭਾਗ ਪੂਰੀ ਮੁਸਤੈਦੀ ਨਾਲ ਕੰਮ ਕਰ ਰਿਹਾ ਹੈ ਤਾਂ ਜੋ ਇਨ੍ਹਾਂ ਖੇਤਰਾਂ ਵਿਚ ਕਿਸੇ ਵੀ ਤਰ੍ਹਾਂ ਦੀ ਬਿਮਾਰੀ ਨੂੰ ਫੈਲਣ ਤੋਂ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਖੜ੍ਹੇ ਪਾਣੀ ਕਾਰਨ ਡੇਂਗੂ ਅਤੇ ਮਲੇਰੀਆ ਦਾ ਮੱਛਰ ਪੈਦਾ ਹੋ ਜਾਂਦਾ ਹੈ ਇਸ ਲਈ ਸਿਹਤ ਵਿਭਾਗ ਵਲੋਂ ਜਿਥੇ ਫੌਗਿੰਗ ਤੇ ਸਪਰੇਅ ਕੀਤੀ ਜਾ ਰਹੀ ਹੈ ਓਥੇ ਨਾਲ ਹੀ ਛੱਪੜਾਂ ਅਤੇ ਜਿਨ੍ਹਾਂ ਨੀਵੇਂ ਥਾਵਾਂ ਵਿਚ ਪਾਣੀ ਖੜ੍ਹਾ ਹੈ ਓਥੇ ਲਾਰਵਾ ਖਾਣ ਵਾਲੀਆਂ ਗੰਬੂਸੀਆ ਮੱਛੀਆਂ ਨੂੰ ਛੱਡਿਆ ਜਾ ਰਿਹਾ ਹੈ। ਚੇਅਰਮੈਨ ਬਹਿਲ ਨੇ ਕਿਹਾ ਕਿ ਸਿਹਤ ਵਿਭਾਗ ਵਲੋਂ ਬਰਸਾਤ ਦੇ ਮੌਸਮ ਦੇ ਮੱਦੇਨਜ਼ਰ ਡੇਂਗੂ ਤੋਂ ਬਚਾਅ ਲਈ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਵਿਸ਼ੇਸ਼ ਮੁਹਿੰਮ ਵੀ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਆਓ ਸਭ ਇਕੱਠੇ ਮਿਲ ਕੇ ਡੇਂਗੂ ਤੋਂ ਬਚਾਅ ਲਈ ਯਤਨ ਕਰੀਏ ਅਤੇ ਆਪਣਾ ਆਲਾ ਦੁਆਲਾ ਸਾਫ ਰੱਖੀਏ।

ਨਵਾਂ ਜ਼ਮਾਨਾ

ਸ਼ਨੀਵਾਰ, 26 ਅਗਸਤ 2023

# ਮੋਦੀ ਸਰਕਾਰ ਵਿਰੁੱਧ ਸੰਘਰਸ਼ ਦਾ ਬਿਗਲ

*ਅਗਲੇ ਸਾਲ ਆਉਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਦੇਸ਼ ਭਰ ਦੀਆਂ ਕਿਰਤੀ ਤੇ ਕਿਸਾਨ ਜਥੇਬੰਦੀਆਂ ਨੇ ਮੋਦੀ ਸਰਕਾਰ ਨੂੰ ਗੱਦੀਓਂ ਲਾਹੁਣ ਲਈ ਸੰਘਰਸ਼ ਦਾ ਬਿਗਲ ਵਜਾ ਦਿੱਤਾ ਹੈ। ਕੇਂਦਰੀ ਟਰੇਡ ਯੂਨੀਅਨਾਂ ਦੇ ਮੋਰਚੇ ਤੇ ਸੰਯੁਕਤ ਕਿਸਾਨ ਮੋਰਚੇ ਨਾਲ ਜੁੜੀਆਂ ਕਿਸਾਨ ਜਥੇਬੰਦੀਆਂ ਨੇ 24 ਅਗਸਤ ਨੂੰ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿੱਚ ਕੀਤੀ ਗਈ ਵਿਸ਼ਾਲ ਕਨਵੈਨਸ਼ਨ ਵਿੱਚ ਦੇਸ਼ ਭਰ ਦੇ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਤਾਨਾਸ਼ਾਹ ਮੋਦੀ ਸਰਕਾਰ ਨੂੰ ਸੱਤਾ ਤੋਂ ਬਦਖਲ ਕਰਨ ਲਈ ਸੰਘਰਸ਼ ਦੇ ਮੈਦਾਨ ਵਿੱਚ ਕੁੱਦ ਪੈਣ।*

*ਨੱਕੋ-ਨੱਕ ਭਰੇ ਸਟੇਡੀਅਮ ਵਿੱਚ ਕਿਸਾਨ ਆਗੂਆਂ ਜੁਗਿੰਦਰ ਸਿੰਘ ਉਗਰਾਹਾਂ, ਅਤੁਲ ਕੁਮਾਰ ਅਣਜਾਣ, ਅਸ਼ੋਕ ਧਾਵਲੇ, ਡਾ. ਸੁਨੀਲਮ, ਯੁੱਧਵੀਰ ਸਿੰਘ, ਦਰਸ਼ਨ ਪਾਲ ਅਤੇ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਅਮਰਜੀਤ ਕੌਰ (ਏਟਕ), ਤਪਨਸੇਨ (ਸੀਟੂ), ਅਸ਼ੋਕ ਸਿੰਘ (ਇੰਟਕ), ਹਰਭਜਨ ਸਿੰਘ (ਐੱਚ ਐੱਮ ਐਸ) ਅਤੇ ਮੇਧਾ ਪਾਟਕਰ ਨੇ ਕਿਰਤੀ ਲੋਕਾਂ ਦੇ ਭਾਰੇ ਇਕੱਠ ਨੂੰ ਸੰਬੋਧਨ ਕੀਤਾ।*

*ਬੁਲਾਰਿਆਂ ਨੇ ਕਿਹਾ ਕਿ ਕੇਂਦਰ ਦੀ ਸੱਤਾ ਅਤੇ ਕੁਝ ਰਾਜਾਂ ਵਿੱਚ ਰਾਜ ਕਰ ਰਹੀ ਭਾਜਪਾ ਮਜ਼ਦੂਰਾਂ, ਕਿਸਾਨਾਂ ਤੇ ਲੋਕਾਂ ਦੀ ਹੀ ਵਿਰੋਧੀ ਨਹੀਂ ਸਗੋਂ ਦੇਸ਼ ਦੇ ਹਿੱਤਾਂ ਦੀ ਵੀ ਵਿਰੋਧੀ ਹੈ। ਇਸ ਸਰਕਾਰ ਨੇ ਦੇਸ਼ ਦੀ ਆਰਥਕਤਾ ਨੂੰ ਤਬਾਹ ਕਰ ਦਿੱਤਾ ਹੈ। ਮਹਿੰਗਾਈ ਨੇ ਲੋਕਾਂ ਲਈ ਦੋ ਡੰਗ ਦੀ ਰੋਟੀ ਦਾ ਜੁਗਾੜ ਕਰਨਾ ਮੁਸ਼ਕਲ ਕੀਤਾ ਹੋਇਆ ਹੈ। ਕਿਸਾਨੀ ਜਿਨਸਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੇ ਵਾਅਦੇ ਤੋਂ ਸਰਕਾਰ ਮੁੱਕਰ ਗਈ ਹੈ। ਬੇਰੁਜ਼ਗਾਰੀ ਸਿਖਰਾਂ ਛੋਹ ਰਹੀ ਹੈ। ਪਬਲਿਕ ਸੈਕਟਰ ਦੇ ਅਦਾਰਿਆਂ ਤੇ ਸਰਕਾਰੀ ਵਿਭਾਗਾਂ ਨੂੰ ਕਾਰਪੋਰੇਟਾਂ ਨੂੰ ਔਣੇ-ਪੌਣੇ ਦਾਮਾਂ ਵਿੱਚ ਵੇਚਿਆ ਜਾ ਰਿਹਾ ਹੈ। ਸਰਕਾਰ ਦੀ ਸ਼ਹਿ 'ਤੇ ਫਿਰਕੂ ਤਾਕਤਾਂ ਤੇ ਗੁੰਡਾ ਗਰੋਹ ਦੰਗੇ ਭੜਕਾ ਕੇ ਫਿਰਕੂ ਸਦਭਾਵਨਾ ਨੂੰ ਅੱਗ ਲਾ ਰਹੇ ਹਨ ਤਾਂ ਜੋ ਫਿਰਕੂ ਧਰੁਵੀਕਰਨ ਕਰਕੇ ਵੋਟਾਂ ਹਾਸਲ ਕੀਤੀਆਂ ਜਾ ਸਕਣ। ਕਿਰਤੀਆਂ ਦੇ ਹੱਕਾਂ ਨੂੰ ਕੁਚਲਣ ਤੇ ਉਨ੍ਹਾਂ ਨੂੰ ਕਾਰਪੋਰੇਟਾਂ ਦੇ ਗੁਲਾਮ ਬਣਾਉਣ ਲਈ ਨਵੇਂ ਕਾਨੂੰਨ ਲਿਆਂਦੇ ਜਾ ਰਹੇ ਹਨ।*

*ਤਾਨਾਸ਼ਾਹੀ ਸਰਕਾਰ ਵੱਲੋਂ ਫਿਰਕੂ ਪਾੜੇ ਪੈਦਾ ਕਰਕੇ ਲੋਕਾਂ ਨੂੰ ਉਨ੍ਹਾਂ ਦੇ ਅਸਲ ਮੁੱਦਿਆਂ ਤੋਂ ਭਟਕਾ ਕੇ ਤੇ ਨ.ਫਰਤ ਫੈਲਾ ਕੇ ਦੇਸ਼ ਦੀ ਏਕਤਾ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ ਤਾਂ ਜੋ ਫਿਰਕੂ ਧਰੁਵੀਕਰਨ ਕਰਕੇ ਵੋਟਾਂ ਹਾਸਲ ਕੀਤੀਆਂ ਜਾ ਸਕਣ।*

*ਕਨਵੈਨਸ਼ਨ ਵੱਲੋਂ ਦੇਸ਼ ਭਰ ਦੇ ਕਿਰਤੀਆਂ ਤੇ ਕਿਸਾਨਾਂ ਨੂੰ ਸੱਦਾ ਦਿੱਤਾ ਗਿਆ ਹੈ ਕਿ ਉਹ ਮਿਥੇ ਗਏ ਐਕਸ਼ਨ ਪ੍ਰੋਗਰਾਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ। ਤੈਅ ਕੀਤੇ ਪ੍ਰੋਗਰਾਮ ਅਨੁਸਾਰ 3 ਅਕਤੂਬਰ ਨੂੰ ਲਖੀਮਪੁਰ ਖੇੜੀ ਵਿੱਚ 2021 ਵਿੱਚ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਵੱਲੋਂ ਮਾਰੇ ਗਏ ਕਿਸਾਨਾਂ ਦੀ ਘਟਨਾ ਵਿਰੁੱਧ ਕਾਲਾ ਦਿਵਸ ਮਨਾ ਕੇ ਗ੍ਰਹਿ ਰਾਜ ਮੰਤਰੀ ਦੇ ਅਸਤੀ.ਫੇ ਦੀ ਮੰਗ ਕੀਤੀ ਜਾਵੇਗੀ। 26 ਨਵੰਬਰ ਤੋਂ 28 ਤੱਕ ਸਾਰੇ ਰਾਜਾਂ ਦੀਆਂ ਰਾਜਧਾਨੀਆਂ ਵਿੱਚ ਰਾਜ ਭਵਨਾਂ ਅੱਗੇ ਦਿਨ-ਰਾਤ ਦੇ ਧਰਨੇ ਦੇ ਕੇ ਮਹਾਂ ਪੜਾਅ ਅੰਦੋਲਨ ਕੀਤਾ ਜਾਵੇਗਾ। ਦਸੰਬਰ 2023 ਤੇ ਜਨਵਰੀ 2024 ਵਿੱਚ ਸਾਰੇ ਦੇਸ਼ ਅੰਦਰ ਹੇਠਲੇ ਪੱਧਰ ਤੱਕ ਵਿਰੋਧ ਜਲਸੇ, ਜਲੂਸ ਤੇ ਧਰਨੇ ਜਥੇਬੰਦ ਕੀਤੇ ਜਾਣਗੇ।*

*ਬੁਲਾਰਿਆਂ ਨੇ ਕਿਹਾ ਕਿ ਕਿਰਤੀ ਤੇ ਕਿਸਾਨਾਂ ਦੇ 13 ਮਹੀਨੇ ਚੱਲੇ ਕਿਸਾਨ ਅੰਦੋਲਨ ਨੇ ਇਸ ਫਾਸ਼ੀ ਸਰਕਾਰ ਨੂੰ ਮਾ.ਫੀ ਮੰਗਣ ਲਈ ਮਜਬੂਰ ਕਰ ਦਿੱਤਾ ਸੀ। ਆਉਣ ਵਾਲੇ ਸਾਂਝੇ ਅੰਦੋਲਨ ਵਿੱਚ ਜਦੋਂ ਕਿਸਾਨ ਤੇ ਮਜ਼ਦੂਰ ਇਕਮੁੱਠ ਹੋ ਕੇ ਮੈਦਾਨ ਵਿੱਚ ਨਿੱਤਰਨਗੇ ਤਾਂ ਇਸ ਸਰਕਾਰ ਨੂੰ ਸਮੁੰਦਰ ਵਿੱਚ ਡੁਬੋ ਕੇ ਦਮ ਲੈਣਗੇ।*

*ਕਨਵੈਨਸ਼ਨ ਵਿੱਚ ਪੰਜਾਬ ਏਟਕ ਦੇ ਪ੍ਰਧਾਨ ਬੰਤ ਬਰਾੜ, ਕਿਸਾਨ ਸਭਾ ਦੇ ਪ੍ਰਧਾਨ ਬਲਕਰਨ ਬਰਾੜ ਤੇ ਜਨਰਲ ਸਕੱਤਰ ਬਲਦੇਵ ਸਿੰਘ ਨਿਹਾਲਗੜ੍ਹ, ਕਿਸਾਨ ਆਗੂ ਬੂਟਾ ਸਿੰਘ ਬੁਰਜ ਗਿੱਲ ਤੇ ਸਤਨਾਮ ਸਿੰਘ ਬਹਿਰੂ ਸਮੇਤ ਵੱਡੀ ਗਿਣਤੀ ਵਿੱਚ ਪੰਜਾਬ ਦੇ ਕਿਸਾਨ ਤੇ ਮਜ਼ਦੂਰ ਸ਼ਾਮਲ ਸਨ।*

**-ਚੰਦ ਫਤਿਹਪੁਰੀ**

ਭੇਟ 'ਤੇ ਵਿਸ਼ੇਸ਼

# ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਦੇ ਸੱਚੇ ਸਾਥੀ ਸਨ 'ਚਰਨ ਸਿੰਘ ਸੰਘਾ'

**ਅਵਤਾਰ ਲੰਗੇਰੀ**

ਸਾਹਿਤ ਤੇ ਸਿੱਖਿਆ ਨੂੰ ਵਿਚਾਰਨ ਵਾਲਾ ਮਨੁੱਖ ਹੀ ਸੰਸਾਰ ਅੰਦਰ ਆਪਣੇ ਘੇਰੇ ਵਿੱਚ ਵਿਚਰਦੇ ਲੋਕਾਂ ਅਤੇ ਦੇਸ਼-ਵਿਦੇਸ਼ ਵਿੱਚ ਸਤਿਕਾਰਿਆ ਜਾਂਦਾ ਹੈ। ਜਿਸ ਦਾ ਮੁੱਖ ਕਾਰਨ ਇਹ ਹੁੰਦਾ ਹੈ ਕਿ ਉਹ ਹਰ ਟੌਪਿਕ ਨੂੰ ਸਾਹਿਤਕ ਰੰਗਤ ਦੇ ਕੇ ਰੌਚਕ ਬਣਾ ਕੇ ਪੇਸ਼ ਕਰਦਾ ਹੈ। ਇਹ ਰੌਚਕ ਢੰਗ ਨਾਲ ਕੀਤੀਆਂ ਗੱਲਾਂ ਹਰ ਕਿਸੇ ਦੇ ਮਨ ਵਿੱਚ ਵਸ ਜਾਂਦੀਆਂ ਹਨ। ਕੁਝ ਇਸੇ ਤਰ੍ਹਾਂ ਦੀ ਸ਼ਖਸੀਅਤ ਦੇ ਮਾਲਕ ਸਨ ਪਿੰਡ ਲੰਗੇਰੀ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਮਿਤੀ 1 ਫਰਵਰੀ 1937 ਨੂੰ ਪਿਤਾ ਸ. ਹੁਕਮ ਸਿੰਘ ਅਤੇ ਮਾਤਾ ਸ੍ਰੀਮਤੀ ਈਸ਼ਰ ਕੌਰ ਦੇ ਘਰ ਪੈਦਾ ਹੋਏ ਸ. ਚਰਨ ਸਿੰਘ ਸੰਘਾ। ਉਨ੍ਹਾਂ ਮੁੱਢਲੀ ਸਿੱਖਿਆ ਪਿੰਡ ਦੇ ਹੀ ਸਕੂਲ ਤੋਂ ਪ੍ਰਾਪਤ ਕਰਨ ਉਪਰੰਤ ਸੈਕੰਡਰੀ ਸਿੱਖਿਆ ਸੈਕੰਡਰੀ ਸਕੂਲ ਮਾਹਿਲਪੁਰ ਅਤੇ ਉੱਚ ਸਿੱਖਿਆ ਖਾਲਸਾ ਕਾਲਜ ਮਾਹਿਲਪੁਰ ਤੋਂ ਪ੍ਰਾਪਤ ਕੀਤੀ। ਕਾਲਜ ਸਮੇਂ ਤੋਂ ਹੀ ਉਨ੍ਹਾਂ ਦੀ ਕਾਰਗੁਜ਼ਾਰੀ ਨੂੰ ਦੇਖਦਿਆਂ ਇਹ ਸੋਚਿਆ ਜਾ ਸਕਦਾ ਸੀ ਕਿ ਉਹ ਸੱਚਮੁੱਚ ਹੀ ਜ਼ਿੰਦਗੀ ਦਾ ਇੱਕ ਵੱਡਾ ਹਿੱਸਾ ਸਮਾਜਿਕ ਕਦਰਾਂ-ਕੀਮਤਾਂ ਨੂੰ ਬਚਾਉਣ ਅਤੇ ਲੋਕ ਹਿੱਤਾਂ ਨੂੰ ਸਮਰਪਿਤ ਕਰਨਗੇ। ਉਹ ਕਾਲਜ ਦੀ ਪੜ੍ਹਾਈ ਦੇ ਦੌਰਾਨ ਹੀ ਮਨੁੱਖਤਾ ਦੀ ਭਲਾਈ ਲਈ ਚੱਲ ਰਹੇ ਹਰ ਇੱਕ ਕੰਮ ਵਿੱਚ ਪ੍ਰਮੁੱਖ ਭੂਮਿਕਾ ਨਿਭਾਉਣ ਲੱਗੇ। ਖੇਤਰ ਭਾਵੇਂ ਖੇਡਾਂ ਦਾ ਹੋਵੇ ਜਾਂ ਆਰਥਿਕ ਨਾਬਰਾਬਰੀ ਲਈ ਚੱਲ ਰਹੇ ਘੋਲਾਂ ਦਾ ਹੋਵੇ, ਉਸ ਵਿੱਚ ਚਰਨ ਸਿੰਘ ਦੀ ਹਾਜ਼ਰੀ ਲਾਜ਼ਮੀ ਹੋਇਆ ਕਰਦੀ ਸੀ। ਦੇਸ਼ ਭਗਤੀ ਦਾ ਜਜ਼ਬਾ ਉਨ੍ਹਾਂ ਅੰਦਰ ਕੁੱਟ-ਕੁੱਟ ਕੇ ਭਰਿਆ ਹੋਇਆ ਸੀ, ਕਿਉਂਕਿ ਪਿੰਡ ਲੰਗੇਰੀ ਵਿੱਚ ਜਨਮ ਹੋਣ ਕਰਕੇ ਉਨ੍ਹਾਂ ਦੇ ਚਰਿੱਤਰ ਦੀ ਉਸਾਰੀ ਉੱਘੇ ਗਦਰੀ ਯੋਧੇ ਭਾਈ ਪਿਆਰਾ ਸਿੰਘ, ਧਾਰਮਿਕ ਸ਼ਖਸੀਅਤ ਭਾਈ ਮਾਹਨ ਸਿੰਘ, ਆਜ਼ਾਦੀ ਘੁਲਾਟੀਏ ਗਿਆਨੀ ਮੇਹਰ ਸਿੰਘ, ਬਾਬੂ ਦਇਆ ਸਿੰਘ, ਗਿਆਨੀ ਹਰੀ ਸਿੰਘ, ਜਥੇਦਾਰ ਹੁਸ਼ਨਾਕ ਸਿੰਘ ਅਤੇ ਦਰਬਾਰਾ ਸਿੰਘ ਵਰਗੀਆਂ ਮਹਾਨ ਸ਼ਖਸੀਅਤਾਂ ਦਾ ਪ੍ਰਭਾਵ ਸੀ। ਪਰਵਾਰਕ ਰਿਸ਼ਤੇਦਾਰੀ ਵਿੱਚ ਉਨ੍ਹਾਂ ਦੇ ਬਹਿਨੋਈ ਉੱਘੇ ਵਿਦਵਾਨ ਸ੍ਰ. ਹਰਦਿਆਲ ਸਿੰਘ ਜੋ ਕਿ ਕੈਨੇਡਾ ਦੀ ਧਰਤੀ 'ਤੇ ਜਨਮੇ ਪਹਿਲੇ ਪੰਜਾਬੀ ਭਾਰਤੀ ਸਨ। ਸ. ਹਰਦਿਆਲ ਸਿੰਘ ਦੇ ਪਿਤਾ ਜੀ ਸਿੰਘ ਸਾਹਿਬ ਭਾਈ ਬਲਵੰਤ ਸਿੰਘ ਜਿਨ੍ਹਾਂ ਨੂੰ ਭਾਰਤ ਦੀ ਅਜ਼ਾਦੀ ਖਾਤਰ ਜੂਝਦਿਆਂ ਅੰਗਰੇਜ਼ ਸਰਕਾਰ ਵੱਲੋਂ 16 ਮਾਰਚ 1917 ਨੂੰ ਸੈਂਟਰਲ ਜੇਲ੍ਹ ਲਹੌਰ ਵਿਖੇ ਫਾਂਸੀ 'ਤੇ ਲਟਕਾ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਸੋ ਨੇੜਲੇ ਰਿਸ਼ਤੇਦਾਰਾਂ ਦੀਆਂ ਕੁਰਬਾਨੀਆਂ ਤੋਂ ਪ੍ਰਭਾਵਿਤ ਹੁੰਦਿਆਂ ਉਹ ਹਮੇਸ਼ਾ ਸਿੱਖ ਇਤਿਹਾਸ ਅਤੇ ਲੋਕ ਪੱਖੀ ਸਰਗਰਮੀਆਂ ਨਾਲ ਜੁੜੇ ਰਹੇ। ਉਹ ਅਮਰ ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਜੀ ਵੱਲੋਂ ਕੀਤੀ ਹਰ ਸਰਗਰਮੀ ਵਿੱਚ ਮੋਹਰੀ ਰੋਲ ਅਦਾ ਕਰਦੇ। ਜਿਸ ਸਦਕਾ ਪਿੰਡ ਅਤੇ ਇਲਾਕੇ ਵਿੱਚ ਉਨ੍ਹਾਂ ਦੀ ਚੰਗੀ ਪਹਿਚਾਣ ਬਣ ਚੁੱਕੀ ਸੀ। ਇਨ੍ਹਾਂ ਦੇ ਕੰਮ ਨੂੰ ਦੇਖਦਿਆਂ ਪਿੰਡ ਵਾਸੀਆਂ ਵੱਲੋਂ ਆਪ ਜੀ ਨੂੰ ਪਿੰਡ ਦੇ ਸਰਪੰਚ ਬਣਨ ਦੀ ਵੀ ਪੇਸ਼ਕਸ਼ ਕੀਤੀ ਗਈ, ਪ੍ਰੰਤੂ ਉਨ੍ਹਾਂ ਵੱਲੋਂ ਵੋਟ ਸਿਆਸਤ ਤੋਂ ਇਨਕਾਰ ਕਰਦਿਆਂ ਪਿੰਡ ਦੀਆਂ ਸੋਸ਼ਲ ਸਰਗਰਮੀਆਂ ਨੂੰ ਨਿਰੰਤਰ ਜਾਰੀ ਰੱਖਿਆ। ਸਾਥੀ ਕੈਨੇਡੀਅਨ ਵੱਲੋਂ ਸਿੱਖਿਆ ਸੁਧਾਰ ਲਈ ਸ਼ੁਰੂ ਕੀਤੀ ਵਿੱਦਿਆ ਸੰਚਾਰ ਸੰਮਤੀ, ਸਿਹਤ ਸੇਵਾਵਾਂ ਲਈ ਰੋਗੀ ਸਹਾਇਕ ਸੰਮਤੀ ਅਤੇ ਪਿੰਡ ਦੇ ਬੱਚਿਆਂ ਨੂੰ ਖੇਡਾਂ ਵੱਲ ਤੋਰਨ ਲਈ ਸਪੋਰਟਸ ਕਲੱਬ ਲੰਗੇਰੀ ਦੀ ਸਥਾਪਨਾ ਅਤੇ ਸੰਚਾਲਨ ਵਿੱਚ ਆਪ ਜੀ ਨੇ ਬਿਹਤਰ ਸਹਿਯੋਗ ਦਿੱਤਾ।

ਉਸ ਸਮੇਂ ਜਾਤੀ ਕੋਹੜ ਨੂੰ ਵਗਾਹ ਮਾਰਨਾ ਉਨ੍ਹਾਂ ਦੀ ਸ਼ਖਸੀਅਤ ਦਾ ਇੱਕ ਸ਼ਾਨਦਾਰ ਪੱਖ ਸੀ। ਉਹ ਆਮ ਵਰਗ ਵਿੱਚੋਂ ਹੁੰਦੇ ਹੋਏ ਆਪਣੀ ਹੀ ਜਾਤੀ ਦੇ ਉਨ੍ਹਾਂ ਲੋਕਾਂ ਦਾ ਡਟ ਕੇ ਵਿਰੋਧ ਕਰਦੇ ਰਹੇ, ਜੋ ਜਾਤੀ ਨਫਰਤ ਵਿੱਚ ਗੜੁੱਚ ਹੁੰਦਿਆਂ ਦਲਿਤ ਬਰਾਦਰੀ ਨਾਲ ਭੈੜਾ ਵਰਤਾਉ ਕਰਦੇ ਸਨ। ਉਨ੍ਹਾਂ ਦੇ ਮੂੰਹੋਂ ਜ਼ੁਬਾਨੀ ਸੁਣੀ ਘਟਨਾ ਅਨੁਸਾਰ ਪਿੰਡ ਦੇ ਇੱਕ ਦਲਿਤ ਬਰਾਦਰੀ ਨਾਲ ਸਬੰਧਤ ਇੱਕ ਵਿਅਕਤੀ ਵੱਲੋਂ ਜਦੋਂ ਆਪਣੇ ਮਕਾਨ ਉਪਰ ਚੁਬਾਰਾ ਪਾ ਲਿਆ ਤਾਂ ਪਿੰਡ ਦੇ ਹੀ ਕੁਝ ਲੋਕ ਜਾਤੀ ਹੰਕਾਰ ਦੇ ਚੱਲਦਿਆਂ ਡਾਂਗਾਂ ਲੈ ਕੇ ਉਸ ਦੇ ਘਰ ਆ ਧਮਕੇ ਕਿ ਤੂੰ "ਦਲਿਤ" ਹੁੰਦਿਆਂ ਚੁਬਾਰਾ ਕਿਵੇਂ ਛੱਤ ਲਿਆ ਤਾਂ ਇਸ 'ਤੇ ਜਵਾਬੀ ਕਾਰਵਾਈ ਕਰਦਿਆਂ ਆਪ ਖੁਦ ਅਤੇ ਉਨ੍ਹਾਂ ਦੇ ਸਾਥੀ ਵੀ ਡਾਂਗਾਂ ਲੈ ਕੇ ਘਟਨਾ ਸਥਾਨ 'ਤੇ ਆਣ ਪਹੁੰਚੇ ਅਤੇ ਦਲੀਲ ਨਾਲ ਗੱਲ ਕਰਦਿਆਂ ਕਿਹਾ ਕਿ ਤੁਸੀਂ ਗਰੀਬ ਦਾ ਚੁਬਾਰਾ ਨਹੀਂ ਢਾਹ ਸਕਦੇ, ਕਿਉਂਕਿ ਉਹ ਵੀ ਇਸ ਦੇਸ਼ ਅੰਦਰ ਬਰਾਬਰ ਦੇ ਨਾਗਰਿਕ ਹਨ। ਆਪ ਜੀ ਦੀਆਂ ਦਲੀਲਾਂ ਅਤੇ ਗੁੱਸੇ ਨੂੰ ਭਾਪਦਿਆਂ ਜਾਤੀ ਹੰਕਾਰ ਵਿੱਚ ਅੰਨ੍ਹੇ ਹੋਏ ਲੋਕਾਂ ਨੂੰ ਪਿਛਾਂਹ ਵੱਲ ਮੁੜਨਾ ਪਿਆ। ਉਸ ਸਮੇਂ ਅਜਿਹੀ ਸੂਰਮਗਤੀ ਕਰਨਾ ਕਿਸੇ ਯੋਧੇ ਦਾ ਹੀ ਕੰਮ ਹੁੰਦਾ ਸੀ ਕਿਉਂਕਿ ਉਸ ਸਮੇਂ ਸਮਾਜ ਪੂਰੀ ਤਰ੍ਹਾਂ ਜਾਤ-ਪਾਤ ਵਿੱਚ ਵੰਡਿਆ ਪਿਆ ਸੀ। ਇਸੇ ਤਰ੍ਹਾਂ ਉਹ ਹਰ ਸੰਗਰਾਂਦ, ਮੱਸਿਆ, ਪੁੱਨਿਆ ਸਮੇਂ ਉਹ ਆਪਣੇ ਸਾਥੀਆਂ ਸਮੇਤ ਦਲਿਤ ਭਾਈਚਾਰੇ ਦੇ ਗੁਰਦੁਆਰਾ ਸਾਹਿਬ ਤੋਂ ਲੰਗਰ-ਪਾਣੀ ਛਕਦੇ ਅਤੇ ਪ੍ਰਸ਼ਾਦਿ ਲੈਂਦੇ, ਜਦੋਂਕਿ ਆਪ ਜੀ ਦੀ ਜੱਟ-ਸਿੱਖ ਬਰਾਦਰੀ ਦਾ ਵੱਡਾ ਹਿੱਸਾ ਇਨ੍ਹਾਂ ਦੇ ਘਰਾਂ ਤੋਂ ਖਾਣਾ ਖਾਣ ਨਾਲ ਆਪਣੇ-ਆਪ ਨੂੰ ਭ੍ਰਿਸ਼ਟ ਹੋਇਆ ਸਮਝਦਾ ਸੀ।

ਤਕਰੀਬਨ ਵੀਹਵੀਂ ਸਦੀ ਦੇ ਛੇਵੇਂ ਦਹਾਕੇ ਸਤੰਬਰ 1958 ਈਸਵੀ ਵਿੱਚ ਆਪ ਵੈਨਕੂਵਰ ਆਈਲੈਂਡ ਦੇ ਕਸਬਾ ਨਨਾਇਮੋ ਵਿੱਚ ਆਣ ਵੱਸੇ। ਇਥੇ ਆਉਣ ਉਪਰੰਤ ਆਪ ਜੀ ਨੇ ਸਖਤ ਮਿਹਨਤ ਕੀਤੀ ਅਤੇ ਖਾਲਸਾ ਦੀਵਾਨ ਸੁਸਾਇਟੀ ਨਾਲ ਡੂੰਘੀ ਨੇੜਤਾ ਬਣਾ ਲਈ। ਖਾਲਸਾ ਦੀਵਾਨ ਸੁਸਾਇਟੀ ਜੋ ਕਿ ਧਾਰਮਿਕ ਕੰਮਾਂ ਦੇ ਨਾਲ-ਨਾਲ ਇਨਕਲਾਬੀ ਦੇਸ਼ ਭਗਤਾਂ, ਸਿੱਖ ਜਰਨੈਲਾਂ, ਸੂਰਬੀਰਾਂ ਅਤੇ ਅਜ਼ਾਦੀ ਘੁਲਾਟੀਆਂ ਦਾ ਸਨਮਾਨ ਕਰਦੀ ਅਤੇ ਉਨ੍ਹਾਂ ਦੇ ਦਿਨ ਮਨਾ ਕੇ ਕੈਨੇਡਾ ਪਹੁੰਚ ਰਹੇ ਪੰਜਾਬੀਆਂ ਨੂੰ ਆਪਣੇ ਵਿਰਸੇ ਅਤੇ ਸੱਭਿਆਚਾਰ ਨਾਲ ਜੋੜਦੀ। ਸਖਤ ਘਾਲਣਾ ਨਾਲ ਉਨ੍ਹਾਂ ਕੈਨੇਡਾ ਦੀ ਧਰਤੀ 'ਤੇ ਬੀ. ਸੀ. ਦੇ ਵੈਨਕੂਵਰ ਆਈਲੈਂਡ ਦੇ ਸ਼ਹਿਰ ਕੈਂਪਬੈੱਲ ਰਿਵਰ ਵਿਖੇ ਆਪਣੇ-ਆਪ ਨੂੰ ਸਥਾਪਤ ਕੀਤਾ ਅਤੇ ਇਥੇ ਹੀ ਉਨ੍ਹਾਂ ਆਪਣੇ ਤਿੰਨ ਪੁੱਤਰਾਂ ਅਤੇ ਪਤਨੀ ਸ੍ਰੀਮਤੀ ਰਾਜਿੰਦਰ ਕੌਰ ਢੁੱਡੀਕੇ ਨਾਲ ਆਪਣੇ ਜੀਵਨ ਦਾ ਸਫਰ ਤੈਅ ਕੀਤਾ। ਕੈਨੇਡਾ ਰਹਿੰਦਿਆਂ ਵੀ ਉਨ੍ਹਾਂ ਨੇ ਲੰਬਾ ਸਮਾਂ ਪਿੰਡ ਦੇ ਸਰਪੰਚ ਅਤੇ ਸਪੋਰਟਸ ਕਲੱਬ ਲੰਗੇਰੀ ਦੇ ਪ੍ਰਧਾਨ ਰਹੇ ਕਾਮਰੇਡ ਮਨਜੀਤ ਸਿੰਘ ਲਾਲੀ ਨਾਲ ਸੰਪਰਕ ਬਣਾਈ ਰੱਖਿਆ। ਉਹ ਪਿੰਡ ਦੀ ਬਿਹਤਰੀ ਲਈ ਕੀਤੇ ਜਾਣ



ਵਾਲੇ ਹਰ ਇੱਕ ਕੰਮ ਵਿੱਚ ਸਹਿਯੋਗੀ ਅਤੇ ਨੇਕ ਸਲਾਹਕਾਰ ਵਾਂਗ ਵਿਚਰਦੇ ਰਹੇ। ਸਪੋਰਟਸ ਕਲੱਬ ਦੇ ਸ਼ੁਰੂਆਤੀ ਦੌਰ ਵਿੱਚ ਉਨ੍ਹਾਂ ਮਾਸਟਰ ਬਚਿੱਤਰ ਸਿੰਘ ਸੰਘਾ ਦੀ ਸਲਾਹ ਨਾਲ ਕਲੱਬ ਵੱਲੋਂ ਲਗਾਤਾਰ ਦੋ ਵਾਰ ਸਾਲਾਨਾ ਫੁੱਟਬਾਲ ਟੂਰਨਾਮੈਂਟ ਵੀ ਕਰਵਾਏ ਗਏ, ਜਿਨ੍ਹਾਂ ਦੀ ਲਗਾਤਾਰਤਾ ਅੱਜ ਵੀ ਉੱਘੇ ਖੇਡ ਪ੍ਰਮੋਟਰ ਅਤੇ ਕਲੱਬ ਦੇ ਮੌਜੂਦਾ ਪ੍ਰਧਾਨ ਸ੍ਰ. ਕੁਲਵੰਤ ਸਿੰਘ ਸੰਘਾ ਦੀ ਅਗਵਾਈ ਵਿੱਚ ਬਣੀ ਹੋਈ ਹੈ। 25 ਸਤੰਬਰ 1986 ਨੂੰ ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਦੀ ਸ਼ਹਾਦਤ ਤੋਂ ਬਾਅਦ ਜਦੋਂ ਉਨ੍ਹਾਂ ਦੀ ਯਾਦਗਾਰ ਦੀ ਉਸਾਰੀ ਲਈ ਕੈਨੇਡਾ ਤੋਂ ਫੰਡ ਇਕੱਤਰ ਕਰਨ ਲਈ ਸਰਪੰਚ ਮਨਜੀਤ ਸਿੰਘ ਲਾਲੀ ਭਾਰਤ ਤੋਂ ਕੈਨੇਡਾ ਆਏ ਤਾਂ ਉਸ ਸਮੇਂ ਦਹਿਸ਼ਤ ਦੇ ਦੌਰ ਦੌਰਾਨ ਉਨ੍ਹਾਂ ਵੱਲੋਂ ਕੈਨੇਡਾ ਰਹਿੰਦੇ ਦੋਸਤ ਸਾਥੀ ਮੱਖਣ ਟੁੱਟ ਨਾਲ ਮਿਲ ਕੇ ਕੈਨੇਡਾ ਵਿਚਲੇ ਸਾਥੀਆਂ ਤੋਂ ਉਗਰਾਹੀ ਦੇ ਕੰਮ ਨੂੰ ਨੇਪਰੇ ਚਾੜ੍ਹਿਆ ਤਾਂ ਜੋ ਕੈਨੇਡੀਅਨ ਸਾਹਿਬ ਦੀ ਯਾਦ ਵਿੱਚ ਉਸਾਰੇ ਅਮਰ ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਯਾਦਗਾਰੀ ਸਟੇਡੀਅਮ ਦੀ ਉਸਾਰੀ ਨੂੰ ਕੰਪਲੀਟ ਕੀਤਾ ਜਾ ਸਕੇ।

ਕੈਨੇਡਾ ਦੀ ਧਰਤੀ 'ਤੇ ਰਹਿੰਦਿਆਂ ਉਹ ਵੈਨਕੂਵਰ ਤੋਂ ਛਪਦੇ ਨਾਮਵਰ ਹਫਤਾਵਾਰੀ ਪੰਜਾਬੀ ਅਖਬਾਰ 'ਇੰਡੋ ਕੈਨੇਡੀਅਨ' ਨਾਲ ਜੁੜੇ ਰਹੇ। ਇਸ ਅਖਬਾਰ ਵਿੱਚ ਉਨ੍ਹਾਂ ਦੇ ਸਮਾਜਿਕ ਸਰੋਕਾਰਾਂ ਅਤੇ ਸਿੱਖੀ ਫਲਸਫੇ ਨਾਲ ਸਬੰਧਤ ਲੇਖ ਅਕਸਰ ਹੀ ਛਪਦੇ ਰਹੇ। ਸਾਲ 2007 ਦੇ ਮਾਰਚ ਮਹੀਨੇ ਦੇ 15 ਤੋਂ 21 ਮਾਰਚ ਵਾਲੇ 'ਇੰਡੋ ਕੈਨੇਡੀਅਨ' ਵਿੱਚ ਉਨ੍ਹਾਂ ਦਾ ਲੇਖ ਸਾਂਭਣਯੋਗ ਸੀ, ਜੋ ਕਿ ਕੈਨੇਡਾ ਵਿਚਲੇ ਪਹਿਲੇ ਗੁਰਦੁਆਰਾ ਸਾਹਿਬ ਦੇ ਗਰੰਥੀ ਅਤੇ ਦੇਸ਼ ਦੀ ਖਾਤਰ ਫਾਂਸੀ ਦਾ ਰੱਸਾ ਚੁੰਮਣ ਵਾਲੇ ਮਹਾਨ ਸ਼ਹੀਦ ਬਲਵੰਤ ਸਿੰਘ ਖੁਰਦਪੁਰ ਦੀ 90ਵੀਂ ਬਰਸੀ ਨੂੰ ਸਮਰਪਿਤ ਸੀ। ਉਮਰ ਦੇ ਆਖਰੀ ਦੌਰ ਵਿੱਚੋਂ ਗੁਜ਼ਰਦਿਆਂ ਵੀ ਉਨ੍ਹਾਂ ਦੀ ਯਾਦ ਸ਼ਕਤੀ ਬੇਮਿਸਾਲ ਸੀ। ਇਸ ਸਮੇਂ ਵੀ ਉਨ੍ਹਾਂ ਗੱਲਬਾਤ ਦੌਰਾਨ ਦੱਸਿਆ ਕਿ ਖਾਲਸਾ ਦੀਵਾਨ ਸੁਸਾਇਟੀ ਦੀ ਸਥਾਪਨਾ 22 ਜੁਲਾਈ 1907 ਵਿੱਚ ਅਤੇ ਕੈਨੇਡਾ ਵਿੱਚ ਪਹਿਲਾ ਗੁਰਦੁਆਰਾ 19 ਜਨਵਰੀ 1908 ਵਿੱਚ ਸ਼ੁਰੂ ਹੋਇਆ, ਜਿੱਥੇ ਪਹਿਲੇ ਗ੍ਰੰਥੀ ਭਾਈ ਬਲਵੰਤ ਸਿੰਘ ਖੁਰਦਪੁਰ ਅਤੇ ਉਨ੍ਹਾਂ ਤੋਂ ਬਾਅਦ ਦੀ ਸੇਵਾ ਭਾਈ ਮਾਹਨ ਸਿੰਘ ਲੰਗੇਰੀ ਵੱਲੋਂ ਨਿਭਾਈ। ਉਨ੍ਹਾਂ ਆਪਣੇ ਚੇਤੇ ਦੀ ਚੰਗੇਰ ਫਰੋਲਦਿਆਂ ਦੱਸਿਆ ਕਿ ਭਾਈ ਸਾਹਿਬ ਭਾਈ ਮਾਹਨ ਸਿੰਘ ਰਮਦਾਸੀਆ ਸਿੱਖ ਦਲਿਤ ਬਰਾਦਰੀ ਵਿੱਚੋਂ ਸਨ। ਗੁਰਦੁਆਰਾ ਸਾਹਿਬ ਅੰਦਰ ਗ੍ਰੰਥੀ ਦੀ ਸੇਵਾ ਨਿਭਾਉਣ ਦੇ ਨਾਲ-ਨਾਲ ਉਨ੍ਹਾਂ ਵੱਲੋਂ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਅੰਦਰ ਗੁਰਮੁਖੀ ਸਿਖਾਉਣ ਦਾ ਇੱਕ ਕੇਂਦਰ ਵੀ ਖੋਲ੍ਹਿਆ ਹੋਇਆ ਸੀ, ਜਿਸ ਵਿੱਚੋਂ ਗੁਰਮੁਖੀ ਸਿੱਖ ਕੇ ਸਿੱਖ ਸੰਗਤ ਪਾਠ ਕਰਦੀ ਅਤੇ ਸਿੱਖ ਇਤਿਹਾਸ ਨਾਲ ਸੰਬੰਧਤ ਹੋਰ ਪੁਸਤਕਾਂ ਪੜ੍ਹਦੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਤੋਂ ਪੜ੍ਹੀ ਹੋਈ ਇੱਕ ਸਿੱਖ ਬੀਬੀ ਗੁਰਦੇਵ ਕੌਰ ਪੁੱਤਰੀ ਸ੍ਰ. ਹਰੀ ਸਿੰਘ ਅਜੇ ਵੀ ਆਈਲੈਂਡ ਦੇ ਸ਼ਹਿਰ ਨਨਾਇਮੋ ਵਿਖੇ ਰਹਿ ਰਹੀ ਹੈ। ਇੰਨੀ ਯਾਦਾਸ਼ਤ ਅਤੇ ਇਤਿਹਾਸ ਦੀ ਜਾਣਕਾਰੀ ਰੱਖਣ ਵਾਲੀ ਸ਼ਖਸੀਅਤ ਨੂੰ ਅਸੀਂ ਸੱਚਮੁੱਚ ਹੀ ਇੱਕ ਚੱਲਦੀ-ਫਿਰਦੀ ਯੂਨੀਵਰਸਿਟੀ ਕਹਿ ਸਕਦੇ ਹਾਂ। ਅਜਿਹੇ ਸਮਝਦਾਰ ਇਨਕਲਾਬੀ ਸੂਝਵਾਨ ਇਨਸਾਨ, ਸਿੱਖ ਵਿਦਵਾਨ, ਮਜ਼ਦੂਰਾਂ, ਕਿਸਾਨਾਂ ਦੇ ਹਮਦਰਦ, ਖੇਡ ਪ੍ਰਮੋਟਰ ਅਤੇ ਕੈਨੇਡੀਅਨ ਦੀ ਸੋਚ 'ਤੇ ਪਹਿਰਾ ਦੇਣ ਵਾਲੇ ਰੌਸ਼ਨ ਦਿਮਾਗ ਚਿਹਰੇ ਦਾ ਦੁਨੀਆ ਤੋਂ ਰੁਖਸਤ ਹੋ ਜਾਣਾ ਸੱਚਮੁੱਚ ਹੀ ਪਿੰਡ ਪਰਵਾਰ ਅਤੇ ਕੈਨੇਡਾ ਰਹਿੰਦੇ ਅਗਾਂਹਵਧੂ ਸੋਚ ਦੇ ਧਾਰਨੀ ਲੋਕਾਂ ਲਈ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ। ਕੁਝ ਸਮਾਂ ਬੀਮਾਰ ਰਹਿਣ ਉਪਰੰਤ ਉਨ੍ਹਾਂ ਮਿਤੀ 17 ਅਗਸਤ 2023 ਨੂੰ ਕੈਨੇਡਾ ਦੇ ਸ਼ਹਿਰ ਕੈਂਪਬੈੱਲ ਰਿਵਰ ਦੇ ਇੱਕ ਹਸਪਤਾਲ ਵਿੱਚ ਆਖਰੀ ਸਾਹ ਲਿਆ। ਉਨ੍ਹਾਂ ਦੀ ਮ੍ਰਿਤਕ ਦੇਹ ਦਾ ਸਸਕਾਰ ਮਿਤੀ 26 ਅਗਸਤ ਦਿਨ ਸ਼ਨੀਵਾਰ ਨੂੰ ਕੈਨੇਡਾ ਦੇ ਸ਼ਹਿਰ ਸਰੀ ਵਿਚਲੇ ਰਿਵਰ ਸਾਈਡ ਫਿਊਨਰਲ ਹੋਮ 7140 ਹਾਪਕੋਡ ਰੋਡ ਡੈਲਟਾ ਬੀ. ਸੀ. ਵਿਖੇ ਸਾਢੇ ਬਾਰਾਂ (12.30) ਵਜੇ ਹੋਵੇਗਾ। ਇਸੇ ਹੀ ਦਿਨ ਗੁਰਦੁਆਰਾ ਸ਼ੇਰੇ ਪੰਜਾਬ ਬੀਅਰ ਕਰੀਕ 8580 132 ਸਟਰੀਟ ਸਰੀ ਬੀ. ਸੀ. ਵਿਖੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਪਾਠ ਦੇ ਭੋਗ ਉਪਰੰਤ ਬਾਅਦ ਦੁਪਹਿਰ 2.30 ਵਜੇ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਹੋਵੇਗਾ। ਅੱਜ ਉਨ੍ਹਾਂ ਦੇ ਸ਼ਰਧਾਂਜਲੀ ਸਮਾਗਮ ਸਮੇਂ ਇਹ ਅਹਿਦ ਕਰਨਾ ਹੋਵੇਗਾ ਕਿ ਅਸੀਂ ਹਮੇਸ਼ਾ ਉਨ੍ਹਾਂ ਦੀ ਸੋਚ 'ਤੇ ਪਹਿਰਾ ਦਿੰਦੇ ਹੋਏ ਉਨ੍ਹਾਂ ਦੇ ਅਧੂਰੇ ਰਹਿ ਗਏ ਕੰਮਾਂ ਨੂੰ ਪੂਰਾ ਕਰਨ 'ਤੇ ਪੂਰਾ ਤਾਣ ਲਗਾ ਦੇਈਏ, ਇਹੀ ਉਨ੍ਹਾਂ ਲਈ ਸੱਚੀ ਸ਼ਰਧਾਂਜਲੀ ਹੋਵੇਗੀ।

***# ਸੰਪਰਕ : 94632-60181***

# ਬੇਟਾ ਪੜ੍ਹਾਓ, ਬੇਟਾ ਬਚਾਓ !

**ਡਾ. ਪ੍ਰਦੀਪ ਕੌੜਾ**

ਸ਼ਾਇਦ ਤੁਸੀਂ ਵੀ ਇਕ ਵਾਰ ਤਾਂ ਸਿਰਲੇਖ ਵੇਖ ਕੇ, ਇਹੀ ਸੋਚਦੇ ਹੋਵੋਂਗੇ ਕਿ ਮੈਂ ਗਲਤ ਲਿਖ ਰਿਹਾ ਹਾਂ। ਦਰਅਸਲ ਸਹੀ ਨਾਅਰਾ ਤਾਂ ਬੇਟੀ ਪੜ੍ਹਾਓ, ਬੇਟੀ ਬਚਾਓ ਹੈ ਅਤੇ ਇਹੀ ਅਸੀਂ ਸਾਰਿਆਂ ਨੇ ਥਾਂ-ਥਾਂ ਲਿਖਿਆ ਪੜ੍ਹਿਆ ਵੀ ਹੈ। ਤੁਸੀਂ ਆਪਣੀ ਜਗ੍ਹਾ ਬਿਲਕੁਲ ਸਹੀ ਹੋ, ਇਕ ਵਾਰ ਤਾਂ ਮੈਨੂੰ ਵੀ ਅਜਿਹਾ ਹੀ ਲੱਗਿਆ ਸੀ।

ਬੱਸ ਸਟੈਂਡ ਦੇ ਸਾਹਮਣੇ ਵਾਲੀਆਂ ਟ੍ਰੈਫਿਕ ਲਾਇਟਾਂ 'ਤੇ ਅਕਸਰ ਜਾਮ ਲੱਗਾ ਰਹਿੰਦਾ ਹੈ ਅਤੇ ਦੂਸਰੀ ਜਾਂ ਤੀਸਰੀ ਵਾਰ ਹਰੀ ਲਾਇਟ ਹੋਣ 'ਤੇ ਹੀ ਨਿਕਲਿਆ ਜਾਂਦਾ ਹੈ। ਉਸ ਦਿਨ ਵੀ ਮੈਂ ਅਤੇ ਮੇਰਾ ਇਕ ਦੋਸਤ ਇਨ੍ਹਾਂ ਲਾਇਟਾਂ 'ਤੇ ਆਪਣੀ ਵਾਰੀ ਦੀ ਇੰਤਜ਼ਾਰ ਕਰ ਰਹੇ ਸਾਂ ਕਿ ਮੇਰੇ ਨਾਲ ਵਾਲੀ ਸੀਟ 'ਤੇ ਬੈਠੇ ਸਾਥੀ ਨੇ ਸਾਡੇ ਤੋਂ ਅੱਗੇ ਖੜ੍ਹੀ ਪਿੱਕਅੱਪ ਦੇ ਪਿੱਛੇ ਲਿਖੀਆਂ ਇਹ ਲਾਇਨਾਂ ਮੁਸਕਰਾਉਂਦੇ ਹੋਏ ਪੜ੍ਹੀਆਂ, ਬੇਟਾ ਪੜ੍ਹਾਓ, ਬੇਟਾ ਬਚਾਓ ?

'ਪ੍ਰੋਫੈਸਰ ਸਾਹਿਬ, ਮੈਂ ਤਾਂ ਕਈ ਵਾਰ ਟਰੱਕਾਂ ਦੇ ਪਿੱਛੇ ਲਿਖੀ ਸ਼ੇਅਰੋ-ਸ਼ਾਇਰੀ ਪੜ੍ਹ ਕੇ ਬਹੁਤ ਹੱਸਦਾ ਹੁੰਦਾ ਕੁਝ ਹੋਰ ਐ, ਤੇ ਇਨ੍ਹਾਂ ਦੇ ਪਿੱਛੇ ਕੁਝ ਹੋਰ ਹੀ ਲਿਖਿਆ ਹੁੰਦੈ। ਅਕਸਰ ਟਰੱਕਾਂ-ਟੈਂਪੂਆਂ ਵਾਲੇ ਸ਼ੇਅਰੋ-ਸ਼ਾਇਰੀ ਅਤੇ 'ਸਲੋਗਨਜ਼' ਨੂੰ ਆਪਣੇ ਹਿਸਾਬ ਨਾਲ ਲਿਖਵਾ ਕੇ ਆਪਣੇ ਮਨ ਦੀ ਭੜਾਸ ਕੱਢ ਲੈਂਦੇ ਹਨ ਜਾਂ ਫਿਰ ਕਈ ਵਾਰ ਪੇਂਟਰ ਵੀ ਅਜਿਹੀ ਗਲਤੀ ਕਰ ਜਾਂਦੇ ਨੇ। ਸ਼ਾਇਦ ਤੁਹਾਨੂੰ ਯਾਦ ਹੋਵੇ, ਦੂਰਦਰਸ਼ਨ ਜਲੰਧਰ 'ਤੇ ਕਾਫੀ ਦੇਰ ਇਕ ਕੈਪਸ਼ਨ ਚਲਦਾ ਰਿਹੈ, ਬੱਚੇ ਨੂੰ ਉਬਾਲ ਕੇ ਪਾਣੀ ਪਿਆਓ। ਇਸ ਦਾ ਮਤਲਬ ਤਾਂ ਇਹ ਹੋਇਆ ਕਿ ਪਹਿਲਾਂ ਬੱਚਾ ਉਬਾਲ ਲਵੋ ਅਤੇ ਫਿਰ ਉਸ ਨੂੰ ਪਾਣੀ ਪਿਆਓ, ਜਦੋਂ ਕਿ ਲਿਖਣਾ ਇਹ ਚਾਹੀਦਾ ਸੀ ਕਿ 'ਬੱਚੇ ਨੂੰ ਉਬਲਿਆ ਹੋਇਆ ਪਾਣੀ ਪਿਆਓ।' ਮੈਂ ਸਹਿ-ਸੁਭਾਵਕ ਹੀ ਆਪਣੇ ਕੱਚ-ਘਰੜ ਦੀ ਗਿਆਨ-ਗੰਗਾ ਵਹਾਉਣੀ ਸ਼ੁਰੂ ਕਰ ਦਿੱਤੀ ਅਤੇ ਲੱਗਦੇ ਹੱਥ ਆਪਣੀ ਗੱਲ ਨੂੰ ਪੁਖਤਗੀ ਦੇਣ ਲਈ ਦਸ਼ਕਾਂ ਪੁਰਾਣੀ ਉਦਾਹਰਣ ਵੀ ਦੇ ਦਿੱਤੀ।

ਅਸੀਂ ਗੱਲਾਂ ਕਰਦੇ-ਕਰਦੇ ਤਿੰਨਕੋਣੀ ਵਾਲੀਆਂ ਟ੍ਰੈਫਿਕ ਲਾਇਟਾਂ ਕੋਲ ਆ ਪਹੁੰਚੇ ਅਤੇ ਲਾਲ ਲਾਇਟ ਹੋਣ ਕਾਰਨ ਅਸੀਂ ਉਸੇ ਪਿੱਕਅਪ ਦੇ ਪਿੱਛੇ ਜਾ ਖਲੋਤੇ, ਜਿਸ ਦੇ ਡਾਲੇ ਤੋਂ ਮੇਰੇ ਸਾਥੀ ਨੇ ਇਹ ਸਲੋਗਨ ਪੜ੍ਹਿਆ ਸੀ। ਮੇਰੇ ਸਾਥੀ ਨੇ ਇਸ਼ਾਰੇ ਨਾਲ ਇਕ ਵਾਰ ਫਿਰ ਮੈਨੂੰ 'ਬੇਟਾ ਪੜ੍ਹਾਓ, ਬੇਟਾ ਬਚਾਓ' ਲਿਖਿਆ ਵਿਖਾਇਆ। ਇਕ ਵਾਰ ਤਾਂ ਮੈਂ ਸਲੋਗਨ ਪੜ੍ਹ ਕੇ ਮੁਸਕਰਾਇਆ, ਪਰੰਤੂ ਨਾਲ ਹੀ ਇਸ ਲਿਖੇ ਹੋਏ ਨਾਅਰੇ ਦੇ ਅੱਗੇ 'ਟੀਕਾ-ਸਰਿੰਜ' ਅਤੇ ਪਿੱਛੇ 'ਸਿਗਰਟ' ਦੀਆਂ ਤਸਵੀਰਾਂ ਉੱਪਰ ਲੱਗੇ 'ਕਾਟੇ' (ਕਰਾਸ ਦੇ ਨਿਸ਼ਾਨ) ਵੇਖ ਕੇ, ਮੇਰੀ ਵਿਅੰਗ ਭਰੀ ਮੁਸਕਾਨ ਗਹਿਰ-ਗੰਭੀਰ ਉਦਾਸੀ ਵਿਚ ਬਦਲ ਗਈ। ਮੈਨੂੰ ਆਪਣੀ ਕਾਹਲ ਵਾਲੀ ਅਖੌਤੀ-ਸਮਝ 'ਤੇ ਸ਼ਰਮਿੰਦਗੀ ਜਿਹੀ ਮਹਿਸੂਸ ਹੋਈ ਅਤੇ ਪੇਂਟਰ ਤੇ ਪਿੱਕਅੱਪ ਵਾਲੇ ਸੱਜਣ ਦੀ ਸੂਝ-ਬੂਝ 'ਤੇ ਮਾਣ।

'ਪ੍ਰੋਫੈਸਰ ਸਾਹਬ, ਸੱਚਮੁੱਚ ਅੱਜ ਜਿਸ ਤਰ੍ਹਾਂ ਨਸ਼ਾ ਸਾਡੇ ਸਮਾਜ ਅਤੇ ਖਾਸ ਕਰਕੇ ਸਾਡੀ ਨੌਜਵਾਨ ਪੀੜ੍ਹੀ ਨੂੰ ਦਿਨੋਂ-ਦਿਨ ਬਰਬਾਦ ਕਰ ਰਿਹਾ ਹੈ, ਅਜਿਹੇ ਵਿਚ ਬੇਟਾ ਪੜ੍ਹਾਓ, ਬੇਟਾ ਬਚਾਓ ਨਾਅਰਾ ਵੀ ਬੇਟੀ ਪੜ੍ਹਾਓ, ਬੇਟੀ ਬਚਾਓ ਤੋਂ ਘੱਟ ਸਾਰਥਕ ਨਹੀਂ।' ਮੈਂ ਬੁੜ-ਬੁੜਾ ਰਿਹਾ ਸਾਂ।

***# ਮੋਬਾਈਲ: 95011-15200***

# ਸਮੁੱਚੀ ਵਿਸ਼ਵ-ਵਿਆਪੀ ਖੇਤੀ ਤੇ ਭੋਜਨ ਲੜੀ ਦਾ ਨਿਗਮੀਕਰਨ-2

ਗੇਟਸ ਅਤੇ ਉਸ ਦੇ ਕਾਰਪੋਰੇਟ ਸਾਥੀਆਂ ਦੀਆਂ ਗਤੀਵਿਧੀਆਂ ਸਾਮਰਾਜਵਾਦ ਦੀਆਂ ਬੇਅਸਰ ਰਣਨੀਤੀਆਂ ਦਾ ਹਿੱਸਾ ਹਨ। ਇਸ ਵਿੱਚ ਇੱਕ ਭੋਜਨ ਪੈਦਾ ਕਰਨ ਵਾਲੀ ਕਿਸਾਨੀ ਨੂੰ ਉਜਾੜਨਾ ਅਤੇ ਪੱਛਮੀ ਖੇਤੀ-ਭੋਜਨ ਸਮੂਹਾਂ ਦੇ ਦਬਦਬੇ ਵਾਲੇ ਵਿਸ਼ਵਵਿਆਪੀ ਵੰਡ ਅਤੇ ਸਪਲਾਈ ਚੇਨਾਂ ਦੀਆਂ ਲੋੜਾਂ ਅਨੁਸਾਰ ਖੇਤੀਬਾੜੀ ਵਿੱਚ ਰਹਿਣ ਵਾਲੇ ਲੋਕਾਂ ਨੂੰ ਅਧੀਨ ਕਰਨਾ ਸ਼ਾਮਲ ਹੈ।

ਹਰੀ ਕ੍ਰਾਂਤੀ ਦੇ ਬਾਅਦ ਤੋਂ ਯੂ ਐੱਸ ਦੇ ਖੇਤੀਬਾੜੀ ਕਾਰੋਬਾਰ ਅਤੇ ਵਿਸ਼ਵ ਬੈਂਕ ਅਤੇ ਅੰਤਰਰਾਸ਼ਟਰੀ ਮੁਦਰਾ ਫੰਡ ਵਰਗੀਆਂ ਵਿੱਤੀ ਸੰਸਥਾਵਾਂ ਨੇ ਕਿਸਾਨਾਂ ਅਤੇ ਦੇਸ਼ ਦੇ ਰਾਜਾਂ ਨੂੰ ਕਾਰਪੋਰੇਟ ਬੀਜਾਂ ਅਤੇ ਮਲਕੀਅਤ ਦੇ ਨਿਵੇਸ਼ਾਂ ਦੇ ਨਾਲ-ਨਾਲ ਖੇਤੀ-ਬੁਨਿਆਦੀ ਢਾਂਚੇ ਦੀ ਕਿਸਮ ਬਣਾਉਣ ਲਈ ਕਰਜ਼ੇ ਦੇਣ ਦੀ ਕੋਸ਼ਿਸ਼ ਕੀਤੀ ਹੈ, ਜੋ ਰਸਾਇਣਕ-ਗੰਭੀਰ ਖੇਤੀ ਕਰਦੇ ਹਨ। ਮੌਨਸੈਂਟੋ-ਬਾਇਰ ਅਤੇ ਹੋਰ ਖੇਤੀ ਕਾਰੋਬਾਰੀ ਚਿੰਤਾਵਾਂ 1990 ਦੇ ਦਹਾਕੇ ਤੋਂ ਬੀਜਾਂ ਦੇ ਰੋਲਆਊਟ ਨਾਲ ਗਲੋਬਲ ਖੇਤੀਬਾੜੀ ਅਤੇ ਕਿਸਾਨਾਂ ਦੀ ਕਾਰਪੋਰੇਟ ਨਿਰਭਰਤਾ 'ਤੇ ਆਪਣੀ ਪਕੜ ਨੂੰ ਹੋਰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ।

ਵੰਦਨਾ ਸ਼ਿਵਾ ਆਪਣੀ ਰਿਪੋਰਟ ਵਿੱਚ ਕਹਿੰਦੀ ਹੈ, "ਬੀਜ ਨੂੰ ਮੁੜ ਪ੍ਰਾਪਤ ਕਰੋ"

"1980 ਦੇ ਦਹਾਕੇ ਵਿੱਚ ਰਸਾਇਣਕ ਕਾਰਪੋਰੇਸ਼ਨਾਂ ਨੇ ਜੈਨੇਟਿਕ ਇੰਜੀਨੀਅਰਿੰਗ ਅਤੇ ਬੀਜਾਂ ਦੀ ਪੇਟੈਂਟਿੰਗ ਨੂੰ ਸੁਪਰ ਮੁਨਾ.ਫੇ ਦੇ ਨਵੇਂ ਸਰੋਤ ਵਜੋਂ ਦੇਖਣਾ ਸ਼ੁਰੂ ਕੀਤਾ। ਉਨ੍ਹਾਂ ਨੇ ਜਨਤਕ ਜੀਨ ਬੈਂਕਾਂ ਤੋਂ ਕਿਸਾਨਾਂ ਦੀਆਂ ਕਿਸਮਾਂ ਲਈਆਂ, ਪਰੰਪਰਾਗਤ ਪ੍ਰਜਨਨ ਜਾਂ ਜੈਨੇਟਿਕ ਇੰਜੀਨੀਅਰਿੰਗ ਦੁਆਰਾ ਬੀਜਾਂ ਨਾਲ ਟਿੰਕਰ ਕੀਤਾ, ਅਤੇ ਪੇਟੈਂਟ ਲਏ।"

ਹਰੀ ਕ੍ਰਾਂਤੀ ਅਤੇ ਬੀਜ ਬਸਤੀਵਾਦ ਅਤੇ ਕਿਸਾਨਾਂ ਦੇ ਬੀਜਾਂ ਅਤੇ ਗਿਆਨ ਦੀ ਪਾਈਰੇਟਿੰਗ ਬਾਰੇ ਗੱਲ ਕਰਦੀ ਹੈ। ਉਹ ਕਹਿੰਦੀ ਹੈ ਕਿ ਇਕੱਲੇ ਮੈਕਸੀਕੋ ਦੇ ਕਿਸਾਨਾਂ ਤੋਂ 768,576 ਬੀਜ ਲਏ ਗਏ ਸਨ।

"ਕਿਸਾਨਾਂ ਦੇ ਬੀਜ ਲੈਣਾ ਜੋ ਉਨ੍ਹਾਂ ਦੀ ਰਚਨਾਤਮਕਤਾ ਅਤੇ ਪ੍ਰਜਨਨ ਦੇ ਗਿਆਨ ਨੂੰ ਦਰਸਾਉਂਦਾ ਹੈ। ਬੀਜ ਉਪਨਿਵੇਸ਼ ਦਾ 'ਸਭਿਆਚਾਰਕ ਮਿਸ਼ਨ' ਨੇ ਇਹ ਘੋਸ਼ਣਾ ਕੀਤੀ ਹੈ ਕਿ ਕਿਸਾਨ 'ਪ੍ਰਾਥਿਮ' (ਪਹਿਲਾਂ) ਹਨ ਅਤੇ ਉਨ੍ਹਾਂ (ਕਾਰਪੋਰੇਟਰਾਂ) ਨੇ ਜੋ ਕਿਸਮਾਂ ਪੈਦਾ ਕੀਤੀਆਂ ਹਨ, ਉਹ 'ਪ੍ਰਾਦਿਮ', 'ਘਟੀਆ', 'ਘੱਟ ਝਾੜ ਦੇਣ ਵਾਲੀਆਂ' ਹਨ।

ਇਹ ਨੋਟ ਕਰਨਾ ਦਿਲਚਸਪ ਹੈ ਕਿ ਹਰੀ ਕ੍ਰਾਂਤੀ ਤੋਂ ਪਹਿਲਾਂ ਬਹੁਤ ਸਾਰੀਆਂ ਪੁਰਾਣੀਆਂ ਫਸਲਾਂ ਵਿੱਚ ਪ੍ਰਤੀ ਕੈਲੋਰੀ ਪੌਸ਼ਟਿਕ ਤੱਤਾਂ ਦੀ ਮਾਤਰਾ ਉੱਚੀ ਹੁੰਦੀ ਸੀ। ਰੋਜ਼ਾਨਾ ਖੁਰਾਕ ਦੀਆਂ ਲੋੜਾਂ ਪੂਰੀਆਂ ਕਰਨ ਲਈ ਹਰੇਕ ਵਿਅਕਤੀ ਨੂੰ ਅਨਾਜ ਦੀ ਮਾਤਰਾ ਵੱਧ ਗਈ ਹੈ। ਉਦਾਹਰਨ ਲਈ, ਬਾਜਰੇ ਵਿੱਚ ਲੋਹੇ ਦੀ ਮਾਤਰਾ ਚੌਲਾਂ ਨਾਲੋਂ ਚਾਰ ਗੁਣਾ ਹੁੰਦੀ ਹੈ। ਜਵੀ ਕਣਕ ਨਾਲੋਂ ਚਾਰ ਗੁਣਾ ਜ਼ਿਆਦਾ ਜ਼ਿੰਕ ਲੈ ਕੇ ਜਾਂਦੀ ਹੈ। ਨਤੀਜੇ ਵਜੋਂ 1961 ਅਤੇ 2011 ਦੇ ਵਿਚਕਾਰ ਵਿਸ਼ਵ ਦੇ ਸਿੱਧੇ ਤੌਰ 'ਤੇ ਖਪਤ ਕੀਤੇ ਜਾਣ ਵਾਲੇ ਅਨਾਜ ਦੀ ਪ੍ਰੋਟੀਨ, ਜਿੰਕ ਅਤੇ ਆਇਰਨ ਸਮੱਗਰੀ ਕ੍ਰਮਵਾਰ 4%, 5% ਅਤੇ 19% ਘਟ ਗਈ।



ਪਵਨ ਕੁਮਾਰ ਕੌਸ਼ਲ

ਉੱਚ-ਨਿਵੇਸ਼ ਰਸਾਇਣਕ-ਗੰਭੀਰ ਹਰੀ ਕ੍ਰਾਂਤੀ ਮਾਡਲ ਨੇ ਵੱਧ ਤੋਂ ਵੱਧ ਮੋਨੋਕ੍ਰੌਪਿੰਗ ਵੱਲ ਖਿੱਚਣ ਵਿੱਚ ਮਦਦ ਕੀਤੀ ਅਤੇ ਨਤੀਜੇ ਵਜੋਂ ਘੱਟ ਵੰਨ-ਸੁਵੰਨੀਆਂ ਖੁਰਾਕਾਂ ਅਤੇ ਘੱਟ ਪੌਸ਼ਟਿਕ ਭੋਜਨ ਪ੍ਰਾਪਤ ਕੀਤੇ। ਇਸ ਦੇ ਲੰਬੇ ਸਮੇਂ ਦੇ ਪ੍ਰਭਾਵ ਨੇ ਮਿੱਟੀ ਦੀ ਗਿਰਾਵਟ ਅਤੇ ਖਣਿਜ ਅਸੰਤੁਲਨ ਨੂੰ ਜਨਮ ਦਿੱਤਾ ਹੈ, ਜਿਸ ਨਾਲ ਮਨੁੱਖੀ ਸਿਹਤ 'ਤੇ ਮਾੜਾ ਅਸਰ ਪਿਆ ਹੈ। ਭਾਰਤੀ ਖੇਤੀ ਖੋਜ ਪ੍ਰੀਸ਼ਦ ਨੇ ਰਿਪੋਰਟ ਦਿੱਤੀ ਹੈ ਕਿ ਮਿੱਟੀ ਅੰਦਰ ਪੌਸ਼ਟਿਕ ਤੱਤਾਂ ਅਤੇ ਉਪਜਾਊ ਸ਼ਕਤੀ ਦੀ ਕਮੀ ਹੋ ਗਈ ਹੈ।

ਹਰੀ ਕ੍ਰਾਂਤੀ ਦੁਆਰਾ ਉਤਸ਼ਾਹਤ ਫਸਲੀ ਪ੍ਰਣਾਲੀਆਂ ਨੇ ਨਤੀਜੇ ਵਜੋਂ ਭੋਜਨ-ਫਸਲ ਵਿਭਿੰਨਤਾ ਘਟੀ ਹੈ ਅਤੇ ਸੂਖਮ ਪੌਸ਼ਟਿਕ ਤੱਤਾਂ ਦੀ ਉਪਲਬਧਤਾ ਘਟੀ ਹੈ। ਸੂਖਮ ਪੌਸ਼ਟਿਕ ਕੁਪੋਸ਼ਣ ਕਈ ਵਿਕਾਸਸ਼ੀਲ ਦੇਸ਼ਾਂ ਵਿੱਚ ਪੁਰਾਣੀਆਂ ਬਿਮਾਰੀਆਂ (ਕੈਂਸਰ, ਦਿਲ ਦੀਆਂ ਬਿਮਾਰੀਆਂ, ਸਟ੍ਰੋਕ, ਸ਼ੂਗਰ ਅਤੇ ਓਸਟੀਓਪੋਰੋਸਿਸ) ਦੀਆਂ ਦਰਾਂ ਵਿੱਚ ਵਾਧੇ ਦਾ ਕਾਰਨ ਬਣ ਰਿਹਾ ਹੈ। ਤਿੰਨ ਅਰਬ ਤੋਂ ਵੱਧ ਲੋਕ ਸੂਖਮ ਪੌਸ਼ਟਿਕ ਤੱਤਾਂ ਦੀ ਕਮੀ ਨਾਲ ਸਿੱਧੇ ਤੌਰ 'ਤੇ ਪ੍ਰਭਾਵਿਤ ਹੋ ਰਹੇ ਹਨ। ਖਣਿਜ ਖਾਦਾਂ ਦੀ ਅਸੰਤੁਲਿਤ ਵਰਤੋਂ ਅਤੇ ਜੈਵਿਕ ਖਾਦ ਦੀ ਵਰਤੋਂ ਵਿੱਚ ਕਮੀ ਉਹਨਾਂ ਖੇਤਰਾਂ ਵਿੱਚ ਪੌਸ਼ਟਿਕ ਤੱਤਾਂ ਦੀ ਘਾਟ ਦੇ ਮੁੱਖ ਕਾਰਨ ਹਨ, ਜਿੱਥੇ ਫਸਲਾਂ ਦੀ ਤੀਬਰਤਾ ਜ਼ਿਆਦਾ ਹੈ।

ਹਾਈਬ੍ਰਿਡ ਬੀਜ ਅਤੇ ਸੰਬੰਧਿਤ ਰਸਾਇਣਕ ਪਦਾਰਥ ਇਸ ਵਾਅਦੇ 'ਤੇ ਵੇਚੇ ਗਏ ਕਿ ਉਹ ਉੱਚ ਉਤਪਾਦਕਤਾ ਦੇ ਆਧਾਰ 'ਤੇ ਖੁਰਾਕ ਸੁਰੱਖਿਆ ਨੂੰ ਵਧਾਉਣਗੇ, ਖੇਤੀਬਾੜੀ ਨੂੰ ਬਦਲ ਦਿੱਤਾ ਗਿਆ ਸੀ, ਪਰ ਪੰਜਾਬ ਵਰਗੀਆਂ ਥਾਵਾਂ 'ਤੇ ਬੀਜਾਂ ਅਤੇ ਰਸਾਇਣਾਂ ਤੱਕ ਪਹੁੰਚ ਪ੍ਰਾਪਤ ਕਰਨ ਲਈ ਕਿਸਾਨਾਂ ਨੂੰ ਕਰਜ਼ਾ ਚੁੱਕਣਾ ਪਿਆ ਅਤੇ ਕਰਜ਼ਾ ਲਗਾਤਾਰ ਚਿੰਤਾ ਦਾ ਕਾਰਨ ਬਣ ਗਿਆ। ਬਹੁਤ ਸਾਰੇ ਗਰੀਬ ਹੋ ਗਏ ਅਤੇ ਪੇਂਡੂ ਭਾਈਚਾਰਿਆਂ ਵਿੱਚ ਸਮਾਜਿਕ ਸੰਬੰਧਾਂ ਨੂੰ ਮੂਲ ਰੂਪ ਵਿੱਚ ਬਦਲ ਦਿੱਤਾ ਗਿਆ। ਪਹਿਲਾਂ ਕਿਸਾਨ ਬੀਜਾਂ ਦੀ ਬਚਤ ਅਤੇ ਵਟਾਂਦਰਾ ਕਰਦੇ ਸਨ।

ਜਿੱਥੇ ਧਰਤੀ ਹੇਠਲੇ ਪਾਣੀ ਦਾ ਰੀਚਾਰਜ ਬਹੁਤ ਘਟ ਗਿਆ ਹੈ, ਉੱਥੇ ਇਸ ਦੀ ਨਿਕਾਸੀ ਵਧਦੀ ਜਾ ਰਹੀ ਹੈ। ਭਾਰਤ ਇਸ ਵੇਲੇ 1950 ਦੇ ਮੁਕਾਬਲੇ ਹਰ ਦਿਨ 20 ਗੁਣਾਂ ਜ਼ਿਆਦਾ ਧਰਤੀ ਹੇਠਲੇ ਪਾਣੀ ਦੀ ਨਿਕਾਸੀ ਕਰ ਰਿਹਾ ਹੈ, ਪਰ ਭਾਰਤ ਦੇ ਜ਼ਿਆਦਾਤਰ ਲੋਕ ਪਿੰਡਾਂ ਵਿੱਚ ਹੱਥੀਂ ਖਿੱਚੇ ਜਾਂ ਹੱਥ ਨਾਲ ਪੰਪ ਵਾਲੇ ਪਾਣੀ 'ਤੇ ਰਹਿੰਦੇ ਹਨ ਅਤੇ ਸਿਰ.ਫ ਮੀਂਹ ਅਧਾਰਤ ਖੇਤੀ ਦਾ ਅਭਿਆਸ ਕਰਦੇ ਹਨ। ਭਾਰਤ ਦੇ 80 ਫੀਸਦੀ ਤੋਂ ਵੱਧ ਪਾਣੀ ਦੀ ਖਪਤ ਸਿੰਚਾਈ ਲਈ ਹੁੰਦੀ ਹੈ, ਜਿਸ ਵਿੱਚ ਸਭ ਤੋਂ ਵੱਧ ਹਿੱਸਾ ਰਸਾਇਣਕ ਤੌਰ 'ਤੇ ਕਾਸ਼ਤ ਕੀਤੀਆਂ ਨਕਦੀ ਫਸਲਾਂ ਦੁਆਰਾ ਲਗਾਇਆ ਜਾਂਦਾ ਹੈ। ਸੰਸਾਰ ਵਿੱਚ ਭੋਜਨ ਦੀ ਕੋਈ ਕਮੀ ਨਹੀਂ। ਇੱਥੋਂ ਤੱਕ ਕਿ ਭਵਿੱਖ ਵਿੱਚ ਕਿਸੇ ਵੀ ਸੰਭਾਵੀ ਆਬਾਦੀ ਦੇ ਦ੍ਰਿਸ਼ਟੀਕੋਣ ਦੇ ਤਹਿਤ, ਕੋਈ ਕਮੀ ਨਹੀਂ ਹੋਵੇਗੀ।

ਇਹ ਸਪੱਸ਼ਟ ਹੈ ਜੇਕਰ ਅਸੀਂ ਭਾਰਤ ਵਿੱਚ ਬੀਟੀ ਕਪਾਹ ਦੇ ਰੋਲਆਊਟ ਨੂੰ ਵੇਖਦੇ ਹਾਂ, ਜਿਸ ਨੇ ਮੌਨਸੈਂਟੋ ਦੀ ਸਭ ਤੋਂ ਹੇਠਲੀ ਲਾਈਨ ਦੀ ਸੇਵਾ ਕੀਤੀ, ਪਰ ਭਾਰਤ ਦੇ ਬਹੁਤ ਸਾਰੇ ਛੋਟੇ ਅਤੇ ਸੀਮਾਂਤ ਲੋਕਾਂ ਲਈ ਨਿਰਭਰਤਾ, ਸੰਕਟ ਪੈਦਾ ਕੀਤਾ ਅਤੇ ਬੀਟੀ ਕਪਾਹ ਨੇ ਪ੍ਰਭਾਵਸ਼ਾਲੀ ਢੰਗ ਨਾਲ ਇਹਨਾਂ ਕਿਸਾਨਾਂ ਨੂੰ ਕਾਰਪੋਰੇਟ ਫਾਹੇ ਵਿੱਚ ਪਾ ਦਿੱਤਾ ਹੈ। ਮੌਨਸੈਂਟੋ ਨੇ ਇਨ੍ਹਾਂ ਕਪਾਹ ਕਿਸਾਨਾਂ ਤੋਂ ਲੱਖਾਂ ਡਾਲਰਾਂ ਦਾ ਮੁਨਾਫਾ ਚੂਸਿਆ, ਜੀ ਐੱਮ ਫਸਲਾਂ ਦੀ ਅੱਜ ਤੱਕ ਦੀ ਕਾਰਗੁਜ਼ਾਰੀ ਸ਼ੱਕੀ ਰਹੀ ਹੈ, ਪਰ ਜੀ ਐੱਮ ਓ ਪੱਖੀ ਲਾਬੀ ਨੇ ਭੁੱਖਮਰੀ ਅਤੇ ਗਰੀਬੀ ਦੇ ਮੁੱਦਿਆਂ ਨੂੰ ਆਪਣੇ ਰਾਜਨੀਤਕ ਸੰਦਰਭਾਂ ਤੋਂ 'ਕਿਸਾਨਾਂ ਦੀ ਮਦਦ ਕਰਨ' ਅਤੇ 'ਦੁਨੀਆ ਨੂੰ ਭੋਜਨ ਦੇਣ' ਦੀਆਂ ਧਾਰਨਾਵਾਂ ਦੀ ਵਰਤੋਂ ਕਰਨ ਵਿੱਚ ਕੋਈ ਸਮਾਂ ਬਰਬਾਦ ਨਹੀਂ ਕਰਦੀ, ਪਰ ਬਹੁਤ ਸਾਰੇ ਭਾਰਤੀਆਂ ਲਈ ਭੋਜਨ ਸੁਰੱਖਿਆ ਇੱਕ ਦੂਰ ਦਾ ਸੁਪਨਾ ਹੈ। ਭਾਰਤ ਦੀ ਆਬਾਦੀ ਦੇ ਵੱਡੇ ਹਿੱਸੇ ਕੋਲ ਸਿਹਤਮੰਦ ਰਹਿਣ ਲਈ ਲੋੜੀਂਦਾ ਭੋਜਨ ਉਪਲੱਬਧ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਕੋਲ ਲੋੜੀਂਦੇ ਵੰਨ-ਸੁਵੰਨੇ ਭੋਜਨ ਹਨ, ਜੋ ਸੂਖਮ ਪੌਸ਼ਟਿਕ ਤੱਤਾਂ ਦੇ ਢੁਕਵੇਂ ਪੱਧਰ ਪ੍ਰਦਾਨ ਕਰਦੇ ਹਨ।

ਭਾਰਤ ਵਿੱਚ ਲੋਕਾਂ ਲਈ ਭੋਜਨ ਕਾਫੀ ਹੈ, ਫਿਰ ਵੀ ਭੁੱਖਮਰੀ ਅਤੇ ਕੁਪੋਸ਼ਣ ਵੱਖ-ਵੱਖ ਕਾਰਕਾਂ ਦੇ ਨਤੀਜੇ ਵਜੋਂ ਹੁੰਦੇ ਹਨ, ਜਿਸ ਵਿੱਚ ਅਢੁਕਵੇਂ ਭੋਜਨ ਦੀ ਵੰਡ, ਅਸਮਾਨਤਾ ਅਤੇ ਗਰੀਬੀ ਸ਼ਾਮਲ ਹੈ; ਅਸਲ ਵਿੱਚ, ਦੇਸ਼ ਅਨਾਜ ਨਿਰਯਾਤ ਕਰਨਾ ਜਾਰੀ ਰੱਖਦਾ ਹੈ ਜਦੋਂ ਕਿ ਲੱਖਾਂ ਲੋਕ ਭੁੱਖੇ ਰਹਿੰਦੇ ਹਨ।

ਵੱਡੀਆਂ ਕਾਰਪੋਰੇਸ਼ਨਾਂ ਨੇ ਆਪਣੇ ਬੀਜਾਂ ਅਤੇ ਸਿੰਥੈਟਿਕ ਰਸਾਇਣਕ ਇਨਪੁਟਸ/ਨਿਵੇਸ਼ ਨਾਲ ਬੀਜਾਂ ਦੇ ਆਦਾਨ-ਪ੍ਰਦਾਨ ਦੀਆਂ ਰਵਾਇਤੀ ਪ੍ਰਣਾਲੀਆਂ ਨੂੰ ਖ਼ਤਮ ਕਰ ਦਿੱਤਾ ਹੈ। ਖੁਰਾਕੀ ਫਸਲਾਂ ਵਿੱਚ ਜੈਨੇਟਿਕ ਵਿਭਿੰਨਤਾ ਬਹੁਤ ਘੱਟ ਗਈ ਹੈ। ਬੀਜ ਵਿਭਿੰਨਤਾ ਦਾ ਖਾਤਮਾ ਸਿਰ.ਫ ਕਾਰਪੋਰੇਟ ਬੀਜਾਂ ਨੂੰ ਤਰਜੀਹ ਦੇਣ ਨਾਲੋਂ ਬਹੁਤ ਅੱਗੇ ਗਿਆ। ਹਰੀ ਕ੍ਰਾਂਤੀ ਨੇ ਜਾਣਬੁੱਝ ਕੇ ਕਿਸਾਨਾਂ ਦੁਆਰਾ ਰੱਖੇ ਗਏ ਰਵਾਇਤੀ ਬੀਜਾਂ ਨੂੰ ਸਾਈਡ-ਲਾਈਨ ਕੀਤਾ, ਜੋ ਅਸਲ ਵਿੱਚ ਵੱਧ ਝਾੜ ਦੇਣ ਵਾਲੇ ਅਤੇ ਮੌਸਮ ਦੇ ਅਨੁਕੂਲ ਸਨ।

ਕਾਰਪੋਰੇਟ ਕਬਜ਼ਾ ਅਤੇ ਲੁੱਟ : ਵਿਸ਼ਵ ਬੈਂਕ ਆਪਣੀ 'ਖੇਤੀ ਦੇ ਕਾਰੋਬਾਰ ਨੂੰ ਸਮਰੱਥ ਬਣਾਉਣ' ਦੀ ਰਣਨੀਤੀ ਰਾਹੀਂ ਖੇਤੀਬਾੜੀ ਦੇ ਇੱਕ ਕਾਰਪੋਰੇਟ-ਅਗਵਾਈ ਵਾਲੇ ਉਦਯੋਗਿਕ ਮਾਡਲ ਨੂੰ ਅੱਗੇ ਵਧਾ ਰਿਹਾ ਹੈ ਅਤੇ ਕਾਰਪੋਰੇਸ਼ਨਾਂ ਨੂੰ ਨੀਤੀਆਂ ਲਿਖਣ ਦੀ ਖੁੱਲ੍ਹ ਦਿੱਤੀ ਜਾਂਦੀ ਹੈ। ਮੌਨਸੈਂਟੋ ਨੇ ਬੀਜ ਏਕਾਧਿਕਾਰ ਬਣਾਉਣ ਲਈ ਬੌਧਿਕ ਸੰਪਤੀ ਅਧਿਕਾਰਾਂ ਦੇ ਵਪਾਰ ਨਾਲ ਸੰਬੰਧਤ ਪਹਿਲੂਆਂ 'ਤੇ ਡਬਲਯੂ ਟੀ ਓ ਸਮਝੌਤੇ ਦਾ ਖਰੜਾ ਤਿਆਰ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ ਅਤੇ ਗਲੋਬਲ ਫੂਡ ਪ੍ਰੋਸੈਸਿੰਗ ਉਦਯੋਗ ਨੇ ਸੈਨੇਟਰੀ ਅਤੇ ਫਾਈਟੋ ਸੈਨੇਟਰੀ ਮਾਪਾਂ ਦੀ ਵਰਤੋਂ 'ਤੇ ਡਬਲ ਯੂ ਟੀ ਓ ਸਮਝੌਤੇ ਨੂੰ ਰੂਪ ਦੇਣ ਵਿੱਚ ਮੋਹਰੀ ਭੂਮਿਕਾ ਨਿਭਾਈ।

ਨਵਉਦਾਰਵਾਦੀ ਨੀਤੀਆਂ ਮੌਤ ਦੀ ਘੰਟੀ ਬਰਾਬਰ ਹਨ। ਇਹ ਭਾਰਤ ਵਿੱਚ ਦੇਸੀ ਖੇਤੀ ਲਈ ਇੱਕ ਅੰਤਮ ਮੌਤ ਦੀ ਘੰਟੀ ਨੂੰ ਦਰਸਾਉਂਦਾ ਹੈ। ਇਹ ਮੰਡੀਆਂ ਤੋਂ ਬਾਹਰ ਕੰਮ ਕਰ ਰਹੇ ਕਾਰਪੋਰੇਟ ਸੈਕਟਰ ਨੂੰ ਕਿਸਾਨਾਂ ਨੂੰ ਬਿਹਤਰ ਕੀਮਤਾਂ ਦੀ ਪੇਸ਼ਕਸ਼ ਕਰਨ ਲਈ ਉਤਸ਼ਾਹਤ ਕਰ ਸਕਦਾ ਹੈ; ਹਾਲਾਂਕਿ ਜਿਵੇਂ ਕਿ ਮੰਡੀ ਪ੍ਰਣਾਲੀ ਪੂਰੀ ਤਰ੍ਹਾਂ ਨਾਲ ਚੱਲ ਰਹੀ ਹੈ, ਇਹ ਕਾਰਪੋਰੇਸ਼ਨਾਂ ਵਪਾਰ 'ਤੇ ਏਕਾਧਿਕਾਰ ਬਣਾਉਣਗੀਆਂ, ਖੇਤੀ ਕਾਰੋਬਾਰ 'ਤੇ ਕਬਜ਼ਾ ਕਰਨਗੀਆਂ ਅਤੇ ਆਪ ਹੀ ਕਿਸਾਨੀ ਜਿਣਸਾਂ ਦਾ ਭਾਅ ਤੈਅ ਕਰਨਗੀਆਂ।

ਰਿਲਾਇੰਸ ਅਤੇ ਅਡਾਨੀ ਵਰਗੇ ਭਾਰਤੀ ਕਾਰੋਬਾਰੀ ਦਿੱਗਜ਼ ਵਿਦੇਸ਼ੀ ਨਿਵੇਸ਼ ਦੇ ਪ੍ਰਮੁੱਖ ਪ੍ਰਾਪਤ ਕਰਤਾ ਹਨ, ਜਿਵੇਂ ਕਿ ਅਸੀਂ ਦੂਰਸੰਚਾਰ, ਪ੍ਰਚੂਨ ਅਤੇ ਊਰਜਾ ਵਰਗੇ ਖੇਤਰਾਂ ਵਿੱਚ ਦੇਖਿਆ ਹੈ। ਇਸ ਦੇ ਨਾਲ ਹੀ ਖੇਤੀਬਾੜੀ, ਲੌਜਿਸਟਿਕਸ ਅਤੇ ਪ੍ਰਚੂਨ ਦੇ ਖੇਤਰਾਂ ਵਿੱਚ ਬਹੁ-ਰਾਸ਼ਟਰੀ ਕਾਰਪੋਰੇਸ਼ਨਾਂ ਅਤੇ ਹੋਰ ਵਿੱਤੀ ਨਿਵੇਸ਼ਕ ਵੀ ਭਾਰਤ ਵਿੱਚ ਆਪਣੇ ਅਪਰੇਸ਼ਨ ਸਥਾਪਤ ਕਰ ਰਹੇ ਹਨ।

ਮੋਦੀ ਸਰਕਾਰ ਨਾਟਕੀ ਢੰਗ ਨਾਲ ਉਪਰੋਕਤ ਪ੍ਰੋਗਰਾਮ ਨੂੰ ਲਾਗੂ ਕਰਨ ਵਿੱਚ ਤੇਜ਼ੀ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ, ਬਹੁ-ਕੌਮੀ ਕਾਰਪੋਰੇਸ਼ਨਾਂ ਨੇ ਭਾਰਤ ਨੂੰ ਟ੍ਰਿਲੀਅਨ ਡਾਲਰ ਦਾ ਬਾਜ਼ਾਰ ਦੱਸਿਆ ਹੈ। ਇਹ ਅੰਤਰਰਾਸ਼ਟਰੀ ਫੰਡਾਂ ਦੀ ਸਥਿਤੀ ਅਤੇ ਕਾਰਪੋਰੇਸ਼ਨਾਂ ਦੀ ਬਜ਼ਾਰਾਂ ਦਾ ਸ਼ੋਸ਼ਣ ਕਰਨ, ਉਤਪਾਦ ਵੇਚਣ ਅਤੇ ਮੁਨਾਫੇ ਨੂੰ ਸੁਰੱਖਿਅਤ ਕਰਨ ਦੀ ਸਮਰੱਥਾ ਦੀ ਸਹੂਲਤ ਬਾਰੇ ਗੱਲ ਕਰਦੀਆਂ ਹਨ। ਇਨ੍ਹਾਂ ਵਿੱਚੋਂ ਕੋਈ ਵੀ ਰਾਸ਼ਟਰੀ ਪ੍ਰਭੂਸੱਤਾ ਲਈ ਨੁਸਖਾ ਨਹੀਂ ਹੈ, ਭੋਜਨ ਸੁਰੱਖਿਆ ਨੂੰ ਛੱਡ ਦਿਓ।

ਪ੍ਰਸਿੱਧ ਖੇਤੀ ਵਿਗਿਆਨੀ ਐੱਮ ਐੱਸ ਸਵਾਮੀਨਾਥਨ ਨੇ ਕਿਹਾ ਹੈ, 'ਸੁਤੰਤਰ ਵਿਦੇਸ਼ ਨੀਤੀ ਸਿਰਫ ਖੁਰਾਕ ਸੁਰੱਖਿਆ ਨਾਲ ਹੀ ਸੰਭਵ ਹੈ। ਇਸ ਲਈ ਭੋਜਨ ਦਾ ਸਿਰ.ਫ ਖਾਣਾ ਖਾਣ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਹੈ। ਇਹ ਰਾਸ਼ਟਰੀ ਪ੍ਰਭੂਸੱਤਾ, ਰਾਸ਼ਟਰੀ ਅਧਿਕਾਰਾਂ ਅਤੇ ਰਾਸ਼ਟਰੀ ਵੱਕਾਰ ਦੀ ਰੱਖਿਆ ਕਰਦਾ ਹੈ।'

ਇਹ ਦੇਖਦੇ ਹੋਏ ਕਿ ਭਾਰਤ ਅਜੇ ਵੀ ਖੇਤੀ-ਅਧਾਰਤ ਸਮਾਜ ਹੈ, ਪ੍ਰਸਿੱਧ ਪੱਤਰਕਾਰ ਪੀ ਸਾਈਨਾਥ ਦਾ ਕਹਿਣਾ ਹੈ ਕਿ ਜੋ ਵਾਪਰ ਰਿਹਾ ਹੈ, ਉਸ ਨੂੰ ਸਭਿਅਤਾ ਅਨੁਪਾਤ ਦੇ ਸੰਕਟ ਵਜੋਂ ਦਰਸਾਇਆ ਜਾ ਸਕਦਾ ਹੈ ਅਤੇ ਸਿਰਫ ਪੰਜ ਸ਼ਬਦਾਂ ਵਿੱਚ ਵਿਆਖਿਆ ਕੀਤੀ ਜਾ ਸਕਦੀ ਹੈ: 'ਕਾਰਪੋਰੇਸ਼ਨਾਂ ਦੁਆਰਾ ਖੇਤੀਬਾੜੀ ਦਾ ਹਾਈਜੈਕ।' ਉਹ ਉਸ ਪ੍ਰਕਿਰਿਆ ਨੂੰ ਨੋਟ ਕਰਦਾ ਹੈ, ਜਿਸ ਦੁਆਰਾ ਇਹ ਪੰਜ ਸ਼ਬਦਾਂ ਵਿੱਚ ਵੀ ਕੀਤਾ ਜਾ ਰਿਹਾ ਹੈ:' ਪੇਂਡੂ ਖੇਤਰਾਂ ਦਾ ਸ਼ਿਕਾਰਖੋਰੀ ਵਪਾਰੀਕਰਨ ਅਤੇ ਨਤੀਜੇ ਦਾ ਵਰਣਨ ਕਰਨ ਲਈ ਹੋਰ ਪੰਜ ਸ਼ਬਦ: ਸਾਡੇ ਇਤਿਹਾਸ ਵਿੱਚ ਸਭ ਤੋਂ ਵੱਡਾ ਉਜਾੜਾ।'

ਭਾਰਤੀ ਕਿਸਾਨ ਲਈ ਇਕੱਲੇ ਇਸ ਦਾ ਮੁਕਾਬਲਾ ਕਰਨਾ ਹਾਲ ਦੀ ਘੜੀ ਮੁਸ਼ਕਲ ਜਾਪਦਾ ਹੈ। ਇਸ ਕਾਰਜ ਲਈ ਵਿਸ਼ਵ-ਵਿਆਪੀ ਕਿਸਾਨੀ ਨੂੰ ਵੀ ਜਾਗਰੂਕ ਕਰਨ ਦਾ ਜ਼ਿੰਮਾ ਵੀ ਲੈਣਾ ਪਵੇਗਾ। ਵਿਸ਼ਵ ਬੈਂਕ, ਵਿਸ਼ਵ ਵਪਾਰ ਸੰਗਠਨ ਅਤੇ ਭਾਰਤ ਵਿੱਚ ਦੇਸੀ ਖੇਤੀ ਸੈਕਟਰ ਨੂੰ ਕਮਜ਼ੋਰ ਕਰਨ ਲਈ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰ ਰਿਹਾ ਹੈ।

ਹੁਣ ਨਵੀਆਂ ਖੇਤੀ ਨੀਤੀਆਂ ਲਿਆ ਕੇ ਜਨਤਕ ਖੇਤਰ ਦੇ ਬਫਰ ਸਟਾਕਾਂ ਨੂੰ ਘਟਾ ਕੇ ਅਤੇ ਕਾਰਪੋਰੇਟ-ਨਿਯੁਕਤ ਕੰਟਰੈਕਟ ਫਾਰਮਿੰਗ ਅਤੇ ਉਤਪਾਦਾਂ ਦੀ ਵਿਕਰੀ ਅਤੇ ਖਰੀਦ ਲਈ ਪੂਰੇ ਪੈਮਾਨੇ ਦੇ ਨਵਉਦਾਰਵਾਦੀ ਮੰਡੀਕਰਨ ਦੀ ਸਹੂਲਤ ਦੇ ਕੇ ਭਾਰਤ ਆਪਣੇ ਕਿਸਾਨਾਂ ਅਤੇ ਆਪਣੀ ਖੁਰਾਕ ਸੁਰੱਖਿਆ ਲਈ ਬਲੀਦਾਨ ਕਰ ਰਿਹਾ ਹੈ ਮੁੱਠੀਭਰ ਅਰਬਪਤੀਆਂ ਦੇ ਫਾਇਦੇ ਲਈ।

ਭਾਰਤੀ ਕਿਸਾਨ ਇਸ ਸਮੇਂ ਗਲੋਬਲ ਪੂੰਜੀਵਾਦ ਅਤੇ ਅਰਥਚਾਰੇ ਦੇ ਬਸਤੀਵਾਦੀ ਸ਼ੈਲੀ ਦੇ ਗੈਰ-ਉਦਯੋਗੀਕਰਨ ਵਿਰੁੱਧ ਮੋਹਰੀ ਲਾਈਨ 'ਤੇ ਹਨ। ਇਹ ਉਹ ਥਾਂ ਹੈ, ਜਿੱਥੇ ਆਖਰਕਾਰ ਲੋਕਤੰਤਰ ਅਤੇ ਭਾਰਤ ਦੇ ਭਵਿੱਖ ਲਈ ਸੰਘਰਸ਼ ਹੋ ਰਿਹਾ ਹੈ।

ਭਾਰਤ ਦੀ ਕਿਸਾਨੀ ਤੱਦ ਹੀ ਬਚ ਸਕਦੀ ਹੈ, ਜੇਕਰ ਇਹ ਆਪਣੇ ਸੰਘਰਸ਼ ਨੂੰ ਬਹੁ-ਕੌਮੀ ਕਾਰਪੋਰੇਸ਼ਨਾਂ ਦੇ ਖਾਤਮੇ ਨਾਲ ਜੋੜ ਲੈਣ। ਅੱਜ ਮਾਨਵਤਾ ਦਾ ਸਭ ਤੋਂ ਵੱਡਾ ਦੁਸ਼ਮਣ ਕਾਰਪੋਰੇਟ ਘਰਾਣੇ ਹਨ।

(ਸਮਾਪਤ)

**# ਸੰਪਰਕ : 98550-04500**

# ਪੱਤਰਕਾਰਾਂ ਨੂੰ ਸਰੇਆਮ ਦਿੱਤੀਆਂ ਧਮਕੀਆਂ, ਅੱਗੋਂ ਪੱਤਰਕਾਰ ਵੀ ਹੋ ਗਏ ਸਿੱਧੇ

## ਪੱਤਰਕਾਰ ਭਾਈਚਾਰੇ ਨੇ ਪੁਲਸ ਪ੍ਰਸ਼ਾਸਨ ਤੇ ਸਰਕਾਰ ਖਿਲਾਫ਼ ਕੱਢਿਆ ਰੋਸ ਮਾਰਚ



**ਜਲਾਲਾਬਾਦ (ਜੀਤ ਕੁਮਾਰ/ਪਰਮਜੀਤ ਢਾਬਾਂ)**-ਅਜ਼ਾਦੀ ਦਿਹਾੜੇ ਦੇ ਮੌਕੇ ਮਲਟੀਪਰਪਜ ਖੇਡ ਸਟੇਡੀਅਮ ਦਾ ਤਹਿਸੀਲ ਪੱਧਰੀ ਪ੍ਰੋਗਰਾਮ ਆਯੋਜਤ ਕੀਤਾ ਗਿਆ ਸੀ, ਜਿਸ ਵਿੱਚ ਪੱਤਰਕਾਰ ਭਾਈਚਾਰੇ ਨੂੰ ਕਵਰੇਜ ਕਰਨ ਲਈ ਸੱਦਾ ਪੱਤਰ ਭੇਜਿਆ ਗਿਆ ਸੀ। ਇਸ ਸਰਕਾਰੀ ਸਮਾਗਮ ਵਿੱਚ ਪਹੁੰਚੇ ਪੱਤਰਕਾਰ ਭਾਈਚਾਰੇ ਨੂੰ ਉਸ ਸਮੇਂ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ, ਜਦੋਂ ਉਨ੍ਹਾਂ ਦੇ ਬੈਠਣ ਲਈ ਬਣਾਈ ਗਈ ਪ੍ਰੈੱਸ ਗੈਲਰੀ ਵਿੱਚ ਸੱਤਾਧਾਰੀ ਤੇ ਸਿਵਲ ਪ੍ਰਸ਼ਾਸਨ ਵੱਲੋਂ ਆਪਣੇ ਚਹੇਤਿਆਂ ਨੂੰ ਬਿਠਾਇਆ ਗਿਆ ਸੀ। ਜਦੋਂ ਪੱਤਰਕਾਰ ਭਾਈਚਾਰੇ ਨੇ ਮੌਜੂਦਾ ਐਮ.ਐਲ.ਏ ਤੇ ਐਸ.ਡੀ.ਐੱਮ ਨੂੰ ਬੇਨਤੀ ਕੀਤੀ ਤਾਂ ਮੌਜੂਦਾ ਸਿਵਲ ਪ੍ਰਸ਼ਾਸਨ ਦੇ ਕੁੱਝ ਅਧਿਕਾਰੀਆਂ ਵੱਲੋਂ ਪ੍ਰੈਸ ਨੂੰ ਭੁੰਜੇ ਬੈਠਣ ਲਈ ਆਖਿਆ ਗਿਆ, ਜਿਸ ਦੇ ਰੋਸ ਵਜੋਂ ਪੱਤਰਕਾਰ ਭਾਈਚਾਰੇ ਵੱਲੋਂ ਆਜ਼ਾਦੀ ਦਿਹਾੜੇ ਦਾ ਬਾਈਕਾਟ ਕੀਤਾ ਗਿਆ, ਆਜ਼ਾਦੀ ਦਿਹਾੜੇ ਦੇ ਕਈ ਦਿਨ ਬੀਤ ਜਾਣ ਮਗਰੋਂ ਵੀ ਜਦੋਂ ਸੱਤਾਧਾਰੀ ਪੁਲਸ ਪ੍ਰਸ਼ਾਸਨ ਅਤੇ ਸਿਵਲ ਪ੍ਰਸ਼ਾਸਨ ਵੱਲੋਂ ਪੱਤਰਕਾਰ ਭਾਈਚਾਰੇ ਨਾਲ ਕੋਈ ਰਾਬਤਾ ਕਾਇਮ ਨਹੀਂ ਕੀਤਾ ਗਿਆ, ਜਿਸ ਦੇ ਰੋਸ ਵਜੋਂ ਦੇ ਪੱਤਰਕਾਰਾਂ ਵੱਲੋਂ ਸ਼ਹਿਰ ਅੰਦਰ ਕਾਲੀਆਂ ਪੱਟੀਆਂ ਬੰਨ੍ਹ ਕੇ ਰੋਸ ਮਾਰਚ ਕੱਢਿਆ ਗਿਆ। ਪੱਤਰਕਾਰਾਂ ਵੱਲੋਂ ਕੱਢੇ ਗਏ ਇਸ ਰੋਸ ਮਾਰਚ ਦੀ ਅਗਵਾਈ ਕੁਲਦੀਪ ਬਰਾੜ, ਹੈਪੀ ਕਾਠਪਾਲ, ਅਰਵਿੰਦਰ ਤਨੇਜਾ, ਹਰਪ੍ਰੀਤ ਮਹਿਮੀ, ਪਰਮਜੀਤ ਢਾਬਾ, ਰਾਜਾ ਵਾਟਸ ਅਤੇ ਬਿੱਟੂ ਡੂਮੜਾ ਵੱਲੋਂ ਕੀਤੀ ਗਈ। ਇਸ ਰੋਸ ਮਾਰਚ 'ਚ ਜਲਾਲਾਬਾਦ ਤੋਂ ਇਲਾਵਾ ਫ਼ਾਜ਼ਿਲਕਾ, ਗੁਰੂਹਰਸਹਾਏ, ਮੱਖੂ, ਮੰਡੀ ਰੋੜਾਂਵਾਲੀ, ਮੰਡੀ ਲਾਧੂਕਾ, ਘੁਬਾਇਆ, ਮੰਡੀ ਅਰਨੀਵਾਲਾ ਦੇ ਪੱਤਰਕਾਰਾਂ ਵਲੋਂ ਭਾਗ ਲਿਆ ਗਿਆ। ਇਸ ਰੋਸ ਮਾਰਚ ਵਿੱਚ ਪੱਤਰਕਾਰਾਂ ਵੱਲੋਂ ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ, ਸਿਵਲ ਤੇ ਪੁਲਿਸ ਪ੍ਰਸ਼ਾਸਨ ਖਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਪੱਤਰਕਾਰਾਂ ਦੀ ਹਮਾਇਤ ਤੇ ਕਿਰਤੀ ਕਿਸਾਨ ਯੂਨੀਅਨ, ਦੇ ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਸੈਦੋਕਾ, ਸ਼੍ਰੋਮਣੀ ਅਕਾਲੀ ਦਲ ਦੇ ਆਗੂ ਜੰਗੀਰ ਸਿੰਘ ਕੱਟੀਆਂ ਵਾਲਾ, ਬੇਰੁਜ਼ਗਾਰ ਪੀ ਟੀ ਅਧਿਆਪਕ ਯੂਨੀਅਨ ਵੱਲੋਂ ਅਸ਼ੋਕ ਲਾਧੂਕਾ, ਕੁੱਲ ਹਿੰਦ ਕਿਸਾਨ ਸਭਾ ਵੱਲੋਂ ਕਾਮਰੇਡ ਸੁਰਿੰਦਰ ਢੰਡੀਆ, ਸੀ ਪੀ ਆਈ ਵੱਲੋਂ ਕਾਮਰੇਡ ਹੰਸ ਰਾਜ ਗੋਲਡਨ, ਕਿਸਾਨ ਸਭਾ ਪੰਜਾਬ ਦੇ ਅਸ਼ੋਕ ਕੰਬੋਜ, ਮੋਟਰਸਾਈਕਲ ਟਰਾਲੀ ਯੂਨੀਅਨ ਦੇ ਬੰਤਾ ਸਿੰਘ ਢੰਡੀਆ, ਕਿਸਾਨ ਆਗੂ ਨਰਿੰਦਰਪਾਲ ਵੈਰੜ, ਭੱਠਾ ਮਜ਼ਦੂਰ ਯੂਨੀਅਨ ਤੇਜਾ ਸਿੰਘ ਅਮੀਰ ਖਾਸ ਨੇ ਪਹੁੰਚ ਕੇ ਸਾਥ ਦਿੱਤਾ। ਪੱਤਰਕਾਰਾਂ ਵੱਲੋਂ ਕੀਤੇ ਜਾ ਰਹੇ ਰੋਡ ਜਾਮ ਮੌਕੇ ਮਾਹੌਲ ਉਸ ਮੌਕੇ ਤਣਾਅਪੂਰਨ ਬਣ ਗਿਆ, ਜਦੋਂ ਥਾਣਾ ਸਿਟੀ ਦੇ ਐਸ ਐਚ ਓ ਜਤਿੰਦਰ ਸਿੰਘ ਨੇ ਸ਼ਾਂਤਮਈ ਧਰਨੇ ਨੂੰ ਖਿਦੇੜਨ ਦੀ ਨਾਕਾਮ ਕੋਸ਼ਿਸ਼ ਕਰਦਿਆਂ ਆਰਮੀ ਦੇ ਦੂਜੇ ਰਸਤੇ ਤੋਂ ਲੰਘ ਰਹੀਆਂ ਗੱਡੀਆਂ ਨੂੰ ਧਰਨੇ ਵਾਲੀ ਤੋਂ ਜਾਣ-ਬੁੱਝ ਕੇ ਲੰਘਾਉਣ ਦੀ ਕੋਸ਼ਿਸ਼ ਕੀਤੀ ਗਈ। ਵਿਰੋਧ ਕਰਨ 'ਤੇ ਸਿਟੀ ਐਸ ਐਚ ਓ ਨੇ ਪੱਤਰਕਾਰਾਂ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ, ਜਿਸ 'ਤੇ ਸਮੂਹ ਪੱਤਰਕਾਰ ਗੁੱਸੇ ਵਿਚ ਆ ਗਏ ਅਤੇ ਐਸ ਐਚ ਓ ਖਿਲਾਫ ਨਆਰੇਬਾਜ਼ੀ ਸ਼ੁਰੂ ਕਰ ਦਿੱਤੀ। ਉਧਰ ਹਾਲਾਤ ਵਿਗੜਦੇ ਦੇਖ ਕੇ ਮੌਕੇ 'ਤੇ ਪਹੁੰਚੇ ਡੀ.ਐਸ.ਪੀ.ਏ ਆਰ ਸ਼ਰਮਾ ਨੇ ਸਥਿਤੀ ਨੂੰ ਕਾਬੂ ਕਰਦਿਆਂ ਠਰੰਮੇ ਨਾਲ ਗੱਲਬਾਤ ਕੀਤੀ। ਪੱਤਰਕਾਰਾਂ ਨੇ ਮੰਗ ਕੀਤੀ ਕਿ ਧਮਕੀਆਂ ਦੇਣ ਵਾਲੇ ਹੈਂਕੜਬਾਜ਼ ਸਿਟੀ ਐਸ ਐਚ ਉ ਖਿਲਾਫ ਵਿਭਾਗੀ ਕਰਵਾਈ ਕੀਤੀ। ਇਸ ਮੌਕੇ ਡੀ ਐਸ ਪੀ ਏ ਆਰ ਸ਼ਰਮਾ ਵਲੋਂ ਪੱਤਰਕਾਰਾਂ ਨੂੰ ਮਸਲੇ ਦਾ ਜਲਦ ਕਰਾਉਣ ਦਾ ਵਿਸ਼ਵਾਸ ਦਿਵਾਇਆ ਗਿਆ, ਜਿਸ ਤੋਂ ਬਾਅਦ ਪੱਤਰਕਾਰਾਂ ਵੱਲੋਂ ਧਰਨੇ ਸਮਾਪਤ ਕਰ ਦਿੱਤਾ ਗਿਆ।

# ਲੱਦਾਖ 'ਚ ਸ਼ਹੀਦ ਫੌਜੀ ਜਵਾਨਾਂ ਦੀ ਵੱਧ ਤੋਂ ਵੱਧ ਮਦਦ ਕਰੇ ਸਰਕਾਰ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਕੁੱਝ ਦਿਨ ਪਹਿਲਾਂ ਲੱਦਾਖ ਦੇ ਇਲਾਕੇ 'ਚ ਫੌਜ ਦੀ ਗੱਡੀ ਇੱਕ ਡੂੰਘੀ ਖੱਡ ਵਿੱਚ ਡਿੱਗ ਜਾਣ ਕਾਰਨ ਫੌਜ ਦੇ 9 ਨੌਜਵਾਨ ਮਾਂਵਾਂ ਦੇ ਪੁੱਤ, ਭੈਣਾਂ ਦੇ ਭਰਾ, ਸੁਹਾਗਣਾਂ ਦੇ ਸੁਹਾਗ ਉਸ ਅਕਾਲ ਪੁਰਖ ਨੂੰ ਪਿਆਰੇ ਹੋ ਗਏ ਹਨ, ਜਿਨ੍ਹਾਂ ਦੇ ਚਲੇ ਜਾਣ ਨਾਲ ਸੰਬੰਧਤ 9 ਪਰਵਾਰਾਂ ਦੇ ਮੈਂਬਰਾਂ, ਸੰਬੰਧੀਆਂ ਨੂੰ ਗਹਿਰਾ ਸਦਮਾ ਪਹੁੰਚਣਾ ਕੁਦਰਤੀ ਹੈ। ਇਹ ਖ਼ਬਰ ਸੁਣ ਕੇ ਸਾਨੂੰ ਵੀ ਡੂੰਘਾ ਸਦਮਾ ਪਹੁੰਚਿਆ ਹੈ, ਜੋ ਨੌਜਵਾਨ ਆਪਣੇ ਪਰਵਾਰਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਜ਼ੋਖ਼ਮ ਭਰੀ ਜ਼ਿੰਮੇਵਾਰੀ ਨਿਭਾਉਂਦੇ ਆ ਰਹੇ ਸਨ। ਉਨ੍ਹਾਂ ਦੇ ਚਲੇ ਜਾਣ ਨਾਲ ਕੇਵਲ ਇਨ੍ਹਾਂ ਪੀੜਤ ਪਰਵਾਰਾਂ ਨੂੰ ਹੀ ਇੱਕ ਅਸਹਿ ਤੇ ਅਕਹਿ ਘਾਟਾ ਨਹੀਂ ਪਿਆ, ਬਲਕਿ ਇਨ੍ਹਾਂ ਵਿੱਚ ਪੰਜਾਬ ਦੇ 2 ਨੌਜਵਾਨ ਤਰਨਦੀਪ ਸਿੰਘ ਵਾਸੀ ਕਮਾਲੀ ਫ਼ਤਹਿਗੜ੍ਹ ਸਾਹਿਬ ਤੇ ਜੇ.ਸੀ.ਓ ਰਮੇਸ਼ ਲਾਲ ਵਾਸੀ ਸਿਰਸੜੀ ਵੀ ਇਸ ਹਾਦਸੇ ਦੌਰਾਨ ਸ਼ਹੀਦ ਹੋਏ ਨੌਜਵਾਨਾਂ ਦੇ ਪਰਵਾਰਾਂ ਨਾਲ ਡੂੰਘੀ ਹਮਦਰਦੀ ਪ੍ਰਗਟ ਕਰਦੇ ਹੋਏ ਸਮੁੱਚੇ ਨੌਜਵਾਨਾਂ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰਦੇ ਹਾਂ।'

ਇਸ ਦੁੱਖ ਦਾ ਪ੍ਰਗਟਾਵਾ ਸਿਮਰਨਜੀਤ ਸਿੰਘ ਮਾਨ ਐਮ.ਪੀ ਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਲੱਦਾਖ 'ਚ ਇਕ ਹਾਦਸੇ ਦੌਰਾਨ ਸ਼ਹੀਦ ਹੋਏ ਫੌਜ ਦੇ 9 ਨੌਜਵਾਨਾਂ ਦੇ ਪਰਵਾਰਾਂ ਨਾਲ ਆਤਮਿਕ ਹਮਦਰਦੀ ਜ਼ਾਹਰ ਕਰਦੇ ਹੋਏ ਤੇ ਸ਼ਹੀਦਾਂ ਦੀ ਸ਼ਾਂਤੀ ਲਈ ਉਸ ਅਕਾਲ ਪੁਰਖ ਦੇ ਚਰਨਾਂ 'ਚ ਅਰਦਾਸ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿਉਂਕਿ ਸਾਡੇ ਫੌਜੀ ਆਪਣੇ ਪਰਵਾਰਾਂ ਤੋਂ ਸੈਂਕੜੇ ਮੀਲ ਦੂਰ ਉੱਚੀਆਂ ਪਹਾੜੀਆਂ ਤੇ ਜ਼ੋਖ਼ਮ ਭਰੇ ਰਸਤਿਆਂ ਵਿੱਚ ਸਰਹੱਦਾਂ ਉਤੇ ਜ਼ਿੰਮੇਵਾਰੀ ਨਿਭਾਉਂਦੇ ਹੋਏ ਉਸ ਅਕਾਲ ਪੁਰਖ ਨੂੰ ਪਿਆਰੇ ਹੋ ਗਏ ਹਨ। ਇਸ ਲਈ ਇੰਡੀਅਨ ਸਰਕਾਰ ਵੱਲੋਂ ਇਨ੍ਹਾਂ ਸ਼ਹੀਦ ਹੋਏ ਨੌਜਵਾਨਾਂ ਦੇ ਪਰਵਾਰਾਂ ਨੂੰ ਇੱਕ-ਇੱਕ ਕਰੋੜ ਰੁਪਏ ਦੀ ਸੈਂਟਰ ਦੇ ਖ਼ਜ਼ਾਨੇ ਵਿੱਚੋਂ ਮਾਇਕ ਸਹਾਇਤਾ ਤੇ ਇਨ੍ਹਾਂ ਦੇ ਪਰਿਵਾਰਾਂ ਦੇ ਇੱਕ-ਇੱਕ ਮੈਂਬਰ ਨੂੰ ਫੌਜ ਵਿਚ ਜਾਂ ਹੋਰ ਕਿਸੇ ਵੀ ਵਿਭਾਗ ਵਿੱਚ ਨੌਕਰੀ ਦੇਣ ਦਾ ਫੌਰੀ ਐਲਾਨ ਕੀਤਾ ਜਾਵੇ ਤੇ ਇਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਮੁਫਤ ਪ੍ਰਬੰਧ ਕੀਤਾ ਜਾਵੇ।

# ਪਰਮਿੰਦਰ ਸਿੰਘ ਸਿੱਧੂ ਡਾਇਰੈਕਟਰ ਐਡਮਨਿਸਟ੍ਰੇਸ਼ਨ ਨਿਯੁਕਤ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਤਾ ਸੁੰਦਰੀ ਗਰੁੱਪ ਆਫ਼ ਇੰਸਟੀਚਿਊਸਨਜ ਢੱਡੇ ਵਿਖੇ ਮੈਨੇਜਿੰਗ ਕਮੇਟੀ ਦਾ ਵਿਸਥਾਰ ਕਰਦੇ ਹੋਏ ਪਰਮਿੰਦਰ ਸਿੰਘ ਸਿੱਧੂ ਨੂੰ ਸ਼ਾਮਲ ਕਰਕੇ ਡਾਇਰੈਕਟਰ ਐਡਮਨਿਸਟ੍ਰੇਸ਼ਨ ਨਿਯੁਕਤ ਕੀਤਾ ਗਿਆ। ਚੇਅਰਮੈਨ ਕੁਲਵੰਤ ਸਿੰਘ ਸਿੱਧੂ ਤੇ ਐਮ ਡੀ ਗੁਰਬਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਉਨ੍ਹਾਂ ਨੂੰ ਬਹੁਤ ਖੁਸ਼ੀ ਹੋਈ ਕਿ ਸਾਡਾ ਭਰਾ ਪਰਮਿੰਦਰ ਸਿੰਘ ਸਿੱਧੂ ਸੰਸਥਾ ਵਿੱਚ ਸਾਡੇ ਨਾਲ ਸ਼ਾਮਲ ਹੋ ਗਿਆ ਹੈ ਤੇ ਉੱਚ ਸਿੱਖਿਆ ਖੇਤਰ ਵਿੱਚ ਉਨ੍ਹਾਂ ਦੇ ਵੱਡੇ ਤਜਰਬੇ ਹਨ। ਇਸ ਦਾ ਸੰਸਥਾ ਨੂੰ ਭਵਿੱਖ ਵਿੱਚ ਵਡਮੁੱਲਾ ਫ਼ਾਇਦਾ ਮਿਲੇਗਾ।

ਪਰਮਿੰਦਰ ਸਿੰਘ ਸਿੱਧੂ ਡਾਇਰੈਕਟਰ ਐਡਮਨਿਸਟ੍ਰੇਸ਼ਨ ਮਾਤਾ ਸੁੰਦਰੀ ਗਰੁੱਪ ਆਫ਼ ਇੰਸਟੀਚਿਊਸਨਜ ਢੱਡੇ ਨੇ ਕਿਹਾ ਕਿ ਉਨ੍ਹਾਂ ਲਈ ਖੁਸ਼ੀ ਦੇ ਨਾਲ-ਨਾਲ ਇਹ ਭਾਵੁਕ ਪਲ ਵੀ ਹਨ ਕਿ ਅਸੀਂ ਪੁਰਾਣੇ ਸਾਥੀ ਇੱਕ ਵਾਰ ਫਿਰ ਇਕੱਠੇ ਚੱਲ ਕੇ ਇਸ ਖੇਤਰ ਵਿੱਚ ਉੱਚ ਸਿੱਖਿਆ ਖੇਤਰ ਵਿੱਚ ਆਪਣੀ ਸੰਸਥਾ ਰਾਹੀਂ ਯੋਗਦਾਨ ਪਾਵਾਂਗੇ।

ਸੰਸਥਾ ਦੇ ਪ੍ਰਿੰਸੀਪਲ ਰਾਜ ਸਿੰਘ ਬਾਘਾ ਤੇ ਕਾਨਵੈਂਟ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਮਨਪ੍ਰੀਤ ਕੌਰ ਨੇ ਕਿਹਾ ਕਿ ਪਰਮਿੰਦਰ ਸਿੰਘ ਸਿੱਧੂ ਦੇ ਸੰਸਥਾ ਵਿੱਚ ਸ਼ਾਮਲ ਹੋਣ 'ਤੇ ਸਾਡੀ ਸਮੁੱਚੀ ਟੀਮ ਨੂੰ ਕੰਮ ਕਰਨ ਦਾ ਹੋਰ ਵੀ ਬਲ ਮਿਲੇਗਾ ਤੇ ਸੰਸਥਾ ਆਪਣੀਆਂ ਪ੍ਰਾਪਤੀਆਂ ਵੱਲ ਹੋਰ ਅੱਗੇ ਵਧੇਗੀ। ਇਸ ਸਮੇਂ ਸੰਸਥਾ ਦੇ ਸਲਾਹਕਾਰ ਬੋਰਡ ਦੇ ਮੈਂਬਰ ਅਮਰਜੀਤ ਸਿੰਘ ਸਰਾਂ ਤੇ ਗੁਰਪ੍ਰੀਤ ਸਿੰਘ ਸਿੱਧੂ ਵੀ ਮੌਜੂਦ ਸਨ।

# ਫ਼ਰਜ਼ੀ ਏਜੰਟਾਂ ਤੇ ਇਮੀਗ੍ਰੇਸ਼ਨ ਦਫ਼ਤਰਾਂ ਵੱਲੋਂ ਵਿਦਿਆਰਥੀਆਂ ਦੇ ਭਵਿੱਖ ਨਾਲ ਕੀਤਾ ਜਾ ਰਿਹਾ ਖਿਲਵਾੜ

**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਧਰਮਕੋਟ ਪ੍ਰਸ਼ਾਸਨ ਨੂੰ ਸਮੇਂ-ਸਮੇਂ ਸਿਰ ਆਈਲੈਟਸ ਸੈਂਟਰਾਂ ਤੇ ਇਮੀਗ੍ਰੇਸ਼ਨ ਦਫ਼ਤਰਾਂ ਦੀ ਜਾਂਚ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੁ ਭੋਲੇ ਭਾਲੇ ਨੌਜਵਾਨ ਵਿਦਿਆਰਥੀਆਂ ਦੇ ਭਵਿੱਖ ਨਾਲ ਕੋਈ ਖਿਲਵਾੜ ਨਾ ਹੋਵੇ। ਬਿਨਾਂ ਲਾਇਸੰਸ ਜਾਂ ਫਿਰ ਕਿਸੇ ਰੈਗੂਲੇਟਰੀ ਅਥਾਰਟੀ ਦੀ ਅਣਹੋਂਦ ਵਿੱਚ ਗੈਰ ਕਾਨੂੰਨੀ ਤਰੀਕੇ ਨਾਲ ਚਲਾਏ ਜਾਂਦੇ ਆਈਲੈਟਸ ਸੈਂਟਰਾਂ ਨੂੰ ਬੰਦ ਕੀਤਾ ਜਾਵੇ। ਜ਼ਿਕਰਯੋਗ ਹੈ ਕਿ ਕੁਝ ਆਈਲੈਟਸ ਸੈਂਟਰਾਂ ਕੋਲ ਵਿਦਿਆਰਥੀਆਂ ਨੂੰ ਸਿਖਲਾਈ ਦੇਣ ਲਈ ਨਾ ਤਾਂ ਯੋਗ ਸਟਾਫ਼ ਹੈ ਤੇ ਨਾ ਹੀ ਵਿਦਿਆਰਥੀਆਂ ਦੀ ਸਿਖਲਾਈ ਲਈ ਖੁੱਲ੍ਹੀ ਜਗ੍ਹਾ ਹੈ, ਜਿੱਥੇ ਵਿਦਿਆਰਥੀਆਂ ਨੂੰ ਕਬੂਤਰਾਂ ਵਾਂਗ ਤਾੜ ਦਿੱਤਾ ਜਾਂਦਾ ਹੈ।

ਜੇਕਰ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਵਿਦਿਆਰਥੀਆਂ ਦੇ ਬਾਹਰ ਨਿਕਲਣ ਦਾ ਕੋਈ ਦੂਜਾ ਰਸਤਾ ਵੀ ਨਹੀਂ ਹੈ। ਵਿਦੇਸ਼ ਜਾਣ ਦੇ ਚਾਹਵਾਨ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵੀ ਫ਼ਰਜ਼ੀ ਏਜੰਟਾਂ ਤੇ ਆਈਲੈਟਸ ਸੈਂਟਰਾਂ ਤੋਂ ਸਾਵਧਾਨ ਰਹਿਣ ਦੀ ਲੋੜ ਹੈ, ਜੋ ਘੱਟ ਨੰਬਰਾਂ ਵਾਲੇ ਵਿਦਿਆਰਥੀਆਂ ਨੂੰ ਵਿਦੇਸ਼ ਭੇਜਣ ਲਈ ਲੁਭਾਉਂਦੇ ਹਨ ਤੇ ਮੋਟੀਆਂ ਰਕਮਾਂ ਵਸੂਲਣ ਤੋਂ ਬਾਅਦ ਧੋਖਾ ਦਿੰਦੇ ਹਨ।

# ਹੈਰੋਇਨ ਨਾਲ ਔਰਤ ਸਮੇਤ ਦੋ ਵਿਅਕਤੀ ਕਾਬੂ

**ਮਲੋਟ (ਗੁਰਮੀਤ ਸਿੰਘ ਮੱਕੜ)**-ਥਾਣਾ ਸਿਟੀ ਪੁਲਸ ਨੇ ਹੈਰੋਇਨ ਨਾਲ ਔਰਤ ਸਮੇਤ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਪਲਿਸ ਪਾਰਟੀ ਗਸ਼ਤ ਦੇ ਦੌਰਾਨ ਟਰੱਕ ਯੂਨੀਅਨ ਵਾਲੀ ਗਲੀ ਵਿਚ ਜਾ ਰਹੇ ਸੀ ਤਾਂ ਸਾਹਮਣੇ ਤੋਂ ਇੱਕ ਔਰਤ ਸੁਖਪ੍ਰੀਤ ਕੌਰ ਵਾਸੀ ਨਿਊ ਗੋਬਿੰਦ ਨਗਰੀ ਮਲੋਟ ਅਤੇ ਇੱਕ ਨੌਜਵਾਨ ਬਰਜਿੰਦਰਪਾਲ ਸਿੰਘ ਵਾਸੀ ਖਾਨੇ ਕੀ ਢਾਬ ਖੜੇ ਸੀ, ਜੋ ਇੱਕ ਮੋਮੀ ਲਿਫ਼ਾਫ਼ੇ ਦੀ ਫਰੋਲਾ ਫਰਾਲੀ ਕਰ ਰਹੇ ਸੀ, ਜੋ ਪੁਲਸ ਪਾਰਟੀ ਨੂੰ ਸਾਹਮਣੇ ਦੇਖ ਕੇ ਘਬਰਾ ਗਏ ਤੇ ਮੌਕੇ 'ਤੇ ਖਿਸਕਣ ਲੱਗੇ। ਸ਼ੱਕ ਹੋਣ 'ਤੇ ਪੁਲਸ ਪਾਰਟੀ ਨੇ ਦੋਵਾਂ ਨੂੰ ਰੋਕ ਕੇ ਤਲਾਸ਼ੀ ਲਈ ਤਾਂ 13 ਗ੍ਰਾਮ ਹੈਰੋਇਨ ਬਰਾਮਦ ਕਰ ਹੋਈ। ਪੁਲਸ ਨੇ ਉਨ੍ਹਾਂ 'ਤੇ ਮੁਕੱਦਮਾ ਨੰ. 152 ਧਾਰਾ 21ਬੀ/61/85 ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਕਾਤਰਾਂ

### ਚੰਦਰਯਾਨ-3 ਦੇ ਲੈਂਡਿੰਗ ਨਾਲ ਭਾਰਤ ਦਾ ਕੱਦ ਵਧਿਆ : ਸੀ ਏ ਸਿੰਗਲ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਚੰਦਰਯਾਨ-3 ਦੀ ਸਫ਼ਲ ਲੈਂਡਿੰਗ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਜੈਨੇਸਿਸ ਡੈਂਟਲ ਕਾਲਜ ਤੇ ਹਸਪਤਾਲ ਦੇ ਚੇਅਰਮੈਨ ਸੀਏ ਵਰਿੰਦਰ ਮੋਹਨ ਸਿੰਗਲ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਦੇਸ਼ ਦੇ ਵਿਗਿਆਨੀਆਂ ਨੂੰ ਤਹਿ ਦਿਲੋਂ ਵਧਾਈ ਦਿੱਤੀ ਹੈ।ਸੀਏ ਵਰਿੰਦਰ ਮੋਹਨ ਸਿੰਗਲ ਨੇ ਕਿਹਾ ਕਿ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ, ਜਦੋਂ ਚੰਦਰਯਾਨ-3 ਚੰਦਰਮਾ 'ਤੇ ਉਤਰਿਆ ਹੈ।ਮੈਨੂੰ ਮਾਣ ਹੈ ਕਿ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਨ, ਜੋ ਦੇਸ਼ ਨੂੰ ਹਰ ਖੇਤਰ ਵਿੱਚ ਬੁਲੰਦੀਆਂ 'ਤੇ ਲੈ ਕੇ ਜਾ ਰਹੇ ਹਨ।ਇਹ ਹਰ ਭਾਰਤੀ ਲਈ ਮਾਣ ਵਾਲਾ ਪਲ ਹੈ ਤੇ ਭਾਰਤੀ ਵਿਗਿਆਨੀ ਵਧਾਈ ਦੇ ਹੱਕਦਾਰ ਹਨ।ਉਨ੍ਹਾਂ ਕਿਹਾ ਕਿ ਚੰਦਰਯਾਨ-3 ਦੇ ਲੈਂਡਿੰਗ ਨਾਲ ਭਾਰਤ ਚੰਦਰਮਾ ਦੇ ਦੱਖਣੀ ਧਰੁਵ 'ਤੇ ਉਤਰਨ ਵਾਲਾ ਦੁਨੀਆਂ ਦਾ ਪਹਿਲਾ ਦੇਸ਼ ਬਣ ਗਿਆ ਹੈ।ਭਾਰਤ ਚੰਦਰਮਾ 'ਤੇ ਸਾਫਟ ਲੈਂਡਿੰਗ ਕਰਨ ਵਾਲਾ ਚੌਥਾ ਦੇਸ਼ ਬਣ ਗਿਆ ਹੈ।ਚੰਦਰਯਾਨ-3 ਭਾਰਤੀ ਪੁਲਾੜ ਉਦਯੋਗ ਨੂੰ ਵੱਡਾ ਹੁਲਾਰਾ ਦੇਵੇਗਾ।ਪੁਲਾੜ ਸ਼ਕਤੀ ਵਜੋਂ ਭਾਰਤ ਦੀ ਭਰੋਸੇਯੋਗਤਾ ਮਜ਼ਬੂਤ ਹੋਈ ਹੈ।ਇਸ ਦਾ ਅਸਰ ਭਵਿੱਖ ਦੇ ਭਾਰਤੀ ਚੰਦ ਮਿਸ਼ਨਾਂ 'ਤੇ ਵੀ ਪਵੇਗਾ।ਇਹ ਭਾਰਤ ਦੀ ਵੱਡੀ ਕਾਮਯਾਬੀ ਹੈ।

### ਹੜ੍ਹ ਪੀੜਤਾਂ ਨੂੰ ਮੁਆਵਜ਼ਾ ਨਾ ਮਿਲਣ 'ਤੇ ਰੋਸ ਮੁਜ਼ਾਹਰਾ 28 ਨੂੰ

**ਮਮਦੋਟ (ਜਸਬੀਰ ਸਿੰਘ ਕੰਬੋਜ)**-ਦਰਿਆ ਸਤਲੁਜ ਨਾਲ ਲੱਗਦੇ ਵਿਧਾਨ ਸਭਾ ਹਲਕਾ ਫ਼ਿਰੋਜ਼ਪੁਰ, ਫ਼ਿਰੋਜ਼ਪੁਰ ਦਿਹਾਤੀ ਹਲਕਾ ਗੁਰੂਹਰਸਹਾਏ ਤੇ ਫ਼ਾਜ਼ਿਲਕਾ ਅਬੋਹਰ ਦੇ ਹੜ੍ਹ ਪੀੜਤਾਂ ਨੂੰ ਮੁਆਵਜ਼ਾ ਨਾ ਮਿਲਣ ਦੇ ਰੋਸ ਵਜੋਂ ਪੰਜਾਬ ਸਰਕਾਰ ਵਿਰੁੱਧ ਰੋਸ ਮੁਜ਼ਾਹਰਾ 28 ਅਗਸਤ ਨੂੰ ਕੀਤਾ ਜਾਵੇਗਾ। ਹਲਕਾ ਫਿਰੋਜ਼ਪੁਰ ਦਿਹਾਤੀ ਦੇ ਇੰਚਾਰਜ ਅਮਰਦੀਪ ਸਿੰਘ ਆਸ਼ੂ ਬੰਗੜ ਨੇ ਦੱਸਿਆ ਕਿ 28 ਅਗਸਤ ਨੂੰ ਸਵੇਰੇ 10 ਵਜੇ ਡੀ. ਸੀ ਦਫਤਰ ਫ਼ਿਰੋਜ਼ਪੁਰ ਵਿਖੇ ਦਿੱਤੇ ਜਾ ਰਹੇ ਰੋਸ ਧਰਨੇ ਦੀ ਅਗਵਾਈ ਆਲ ਇੰਡੀਆ ਕਾਂਗਰਸ ਕਮੇਟੀ ਪੰਜਾਬ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਸਮੇਤ ਕਾਂਗਰਸ ਪਾਰਟੀ ਦੇ ਸੂਬਾ ਪੱਧਰ ਦੇ ਲੀਡਰ ਸਹਿਬਾਨਾਂ ਵੱਲੋਂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਐਲਾਨ ਕਰਨ ਮੌਕੇ ਮੁੱਖ ਮੰਤਰੀ ਪੰਜਾਬ ਵੱਲੋਂ ਜਾਨੀ-ਮਾਲੀ ਨੁਕਸਾਨ ਦੇ ਨਾਲ-ਨਾਲ ਪਸ਼ੂ ਧਨ ਦੇ ਨੁਕਸਾਨ ਦੀ ਭਰਪਾਈ ਵਾਸਤੇ ਬਿਆਨ ਦਿੱਤੇ ਜਾ ਰਹੇ ਹਨ, ਪਰ ਹੜ੍ਹਾਂ ਨਾਲ ਪ੍ਰਭਾਵਤ ਪਰਵਾਰਾਂ ਨੂੰ ਜ਼ਮੀਨੀ ਪੱਧਰ 'ਤੇ ਸਰਕਾਰੀ ਸਹਾਇਤਾ ਨਾ-ਮਾਤਰ ਹੀ ਪਹੁੰਚ ਰਹੀ ਹੈ, ਜਿਸ ਕਾਰਨ ਇਹ ਰੋਸ ਧਰਨਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਸੋਮਵਾਰ ਨੂੰ ਦਿੱਤੇ ਜਾ ਰਹੇ ਰੋਸ ਧਰਨੇ ਵਿੱਚ ਵੱਧ ਤੋਂ ਵੱਧ ਵਰਕਰਾਂ ਨੂੰ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਹੈ।

### ਸਿਹਤ ਵਿਭਾਗ ਦੀ ਟੀਮ ਨੇ ਕੀਤੀ ਡੇਂਗੂ ਸੰਬੰਧੀ ਚੈਕਿੰਗ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਤਹਿਤ ਸਿਵਲ ਸਰਜਨ ਡਾ. ਮੀਨਾਕਸ਼ੀ ਅਬਰੋਲ, ਜ਼ਿਲ੍ਹਾ ਐਪੀਡਿਮਾਲੋਜਿਸਟ ਸ਼ਵਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਰੇਲਵੇ ਸਟੇਟਸ਼ਨ ਸਿਟੀ, ਭਾਰਤ ਨਗਰ, ਹਾਊਸਿੰਗ ਬੋਰਡ ਕਲੋਨੀ ਵਿਖੇ ਡੇਂਗੂ ਸਬੰਧੀ ਚੈਕਿੰਗ ਕੀਤੀ ਗਈ, ਜਿਸ ਵਿੱਚ ਸਿਹਤ ਵਿਭਾਗ ਦੀ ਟੀਮ ਵੱਲੋਂ ਡਾ. ਆਸ਼ੂਤੋਸ ਮਿੱਤਲ, ਗੁਰਲਾਲ ਸਿੰਘ ਏਐੱਮਓ, ਰਮਨ ਕੁਮਾਰ ਮਪਹਵ (ਮੇਲ), ਰਾਮ ਪ੍ਰਤਾਪ ਸਵਾਸਥ ਸਹਾਇਕ ਅਤੇ ਹੋਰ ਕ੍ਰਮਚਾਰੀਆਂ ਵੱਲੋਂ ਉਪਰੋਕਤ ਜਗ੍ਹਾ 'ਤੇ ਡੇਂਗੂ ਲਾਰਵੇ ਦੀ ਚੈਕਿੰਗ ਕੀਤੀ ਗਈ। ਗੁਰਲਾਲ ਸਿੰਘ ਏਐੱਮਓ ਨੇ ਦੱਸਿਆ ਕਿ ਡੇਂਗੂ ਤੋਂ ਬਚਾਓ ਸੰਬੰਧੀ ਸਾਫ਼ ਪਾਣੀ ਕਿਤੇ ਵੀ ਖੜ੍ਹਾ ਨਾ ਰਹਿਣ ਦਿੱਤਾ ਜਾਵੇ, ਕੂਲਰਾਂ ਅਤੇ ਫਰਿਜਾਂ ਦੀ ਬੈਕਸਾਈਡ ਤੇ ਲੱਗੀ ਵੇਸਟ ਪਾਣੀ ਦੀ ਟਰੇਅ ਨੂੰ ਹਫਤੇ ਵਿਚ ਇਕ ਵਾਰ ਜ਼ਰੂਰ ਸਾਫ ਕੀਤਾ ਜਾਵੇ, ਕੱਪੜੇ ਪੂਰੀ ਬਾਜੂ ਦੇ ਪਾਏ ਜਾਣ।

# 1972 ਦੇ ਪੈਨਸ਼ਨ ਨਿਯਮਾਂ ਅਨੁਸਾਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰੇ ਪੰਜਾਬ ਸਰਕਾਰ



**ਜਗਰਾਉਂ (ਨਛੱਤਰ ਸੰਧੂ)**-ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਦੇ ਆਗੂਆਂ ਦੀ ਅਹਿਮ ਮੀਟਿੰਗ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਯਾਦਗਾਰੀ ਭਵਨ ਜਗਰਾਉਂ ਵਿਖੇ ਜਗਸੀਰ ਸਿੰਘ ਨੇਗੀ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਜਗਰਾਉਂ ਡਿਪੂ ਦੇ ਅੰਮ੍ਰਿਤਪਾਲ ਸਿੰਘ ਜਨਰਲ ਸਕੱਤਰ ਤੇ ਕੁਲਦੀਪ ਸਿੰਘ ਖੈਰਾ ਕੈਸ਼ੀਅਰ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ 28 ਅਗਸਤ ਦੀ ਪੰਜਾਬ ਕੈਬਨਿਟ ਦੀ ਮੀਟਿੰਗ 'ਚ 1972 ਦੇ ਪੈਨਸ਼ਨ ਨਿਯਮਾਂ ਅਨੁਸਾਰ ਪੁਰਾਣੀ ਪੈਨਸ਼ਨ ਸਕੀਮ ਅਮਲੀ ਰੂਪ 'ਚ ਲਾਗੂ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣ। ਆਗੂਆਂ ਦੱਸਿਆ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਦੀਆਂ ਹੋਈਆਂ ਮੀਟਿੰਗਾਂ 'ਚ ਆਗੂਆਂ ਵੱਲੋਂ 1972 ਦੇ ਪੈਨਸ਼ਨ ਨਿਯਮਾਂ ਅਤੇ 01 ਜਨਵਰੀ 2004 ਤੋਂ ਪਹਿਲਾਂ ਚਲਦੀ ਪੈਨਸ਼ਨ ਸਕੀਮ ਇੰਨ-ਬਿੰਨ ਲਾਗੂ ਕਰਨ ਦੀ ਗੱਲ ਤੱਥਾਂ ਅਤੇ ਦਸਤਾਵੇਜ਼ ਸਮੇਤ ਰੱਖੀ ਹੈ। ਇਸ ਉਪਰੰਤ 22 ਅਗਸਤ ਨੂੰ ਪੰਜਾਬ ਊਰਜਾ ਵਿਕਾਸ ਏਜੰਸੀ,ਚੰਡੀਗੜ੍ਹ ਵਿਖੇ ਕੈਬਨਟ ਸਬ ਕਮੇਟੀ ਮੈਂਬਰ ਕੁਲਦੀਪ ਸਿੰਘ ਧਾਲੀਵਾਲ ਕੈਬਨਿਟ ਮੰਤਰੀ ਨਾਲ ਮੀਟਿੰਗ 'ਚ ਜਲਦੀ ਤੋਂ ਜਲਦੀ ਜਨਵਰੀ 2004 ਤੋਂ ਬਾਅਦ ਨਿਯੁਕਤ ਸਮੂਹ ਮੁਲਾਜ਼ਮਾਂ ਉਪਰ ਪੁਰਾਣੀ ਪੈਨਸ਼ਨ ਸਕੀਮ ਅਮਲੀ ਰੂਪ ਵਿੱਚ ਲਾਗੂ ਕਰਨ ਅਤੇ ਐਨ ਪੀ ਸੀ ਐਸ ਕਟੌਤੀ ਦਾ ਲਗਭਗ 190 ਕਰੋੜ ਪੰਜਾਬ ਸਰਕਾਰ ਦੇ ਖਜ਼ਾਨੇ ਵਿੱਚ ਹੀ ਰਹੇਗਾ। ਜਿਸ ਨਾਲ ਸਾਨੂੰ ਸਗਭਗ 4000 ਕਰੋੜ ਸਾਲਾਨਾ ਦਾ ਮਾਲੀਆ ਇਕੱਠਾ ਹੋਵੇਗਾ ਤੇ ਪੰਜਾਬ ਸਰਕਾਰ ਦੇ ਆਰਥਕ ਬਜਟ ਨੂੰ ਵੱਡਾ ਬਲ ਮਿਲੇਗਾ। ਮੋਰਚੇ ਵੱਲੋਂ ਰੱਖੇ ਗਏ ਤੱਥਾਂ ਭਰਪੂਰ ਪੱਤਰਾਂ ਅਤੇ ਵੇਰਵੇ ਉਤੇ ਮੰਤਰੀ ਵੱਲੋਂ ਹਾਂ ਪੱਖੀ ਹੁੰਗਾਰਾ ਭਰਿਆ ਸੀ। ਉਨ੍ਹਾਂ ਕਿਹਾ ਕਿ ਪੰਜਾਬ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ 100 ਫੀਸਦੀ ਲਾਗੂ ਕਰਨੀ ਹੈ। ਆਗੂਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਜਨਵਰੀ 2004 ਤੋਂ ਨਿਯੁਕਤ ਮੁਲਾਜ਼ਮਾਂ ਦੀ ਜੀ ਪੀ ਐਫ ਕਟੌਤੀ ਸ਼ੁਰੂ ਨਾ ਕੀਤੀ ਤਾਂ ਪੁਰਾਣੀ ਪੈਨਸ਼ਨ ਪ੍ਰਾਪਤ ਮੋਰਚੇ ਵੱਲੋਂ 1 ਸਤੰਬਰ ਤੋਂ 15 ਸਤੰਬਰ ਤੱਕ ਪੂਰੇ ਪੰਜਾਬ ਵਿੱਚ "ਪੁਰਾਣੀ ਪੈਨਸ਼ਨ ਲੂਗੂ ਕਰੋ, ਐਨ ਪੀ ਐਸ ਕਟੌਤੀ ਬੰਦ ਕਰੋ, ਜੀ ਪੀ ਐਫ ਕਟੌਤੀ ਸ਼ੁਰੂ ਕਰੋ" ਮੁਹਿੰਮ ਸ਼ੁਰੂ ਕੀਤੀ ਜਾਵੇਗੀ। ਜਿਸ ਅਧੀਨ ਪੂਰੇ ਪੰਜਾਬ 'ਚ ਬਲਾਕਾਂ, ਤਹਿਸੀਲਾਂ, ਡਿਪੂਆਂ, ਦਫਤਰਾਂ 'ਚ ਐਕਸ਼ਨ ਕੀਤੇ ਜਾਣਗੇ। ਇਸ ਸਮੇਂ ਅਰੁਣਦੀਪ ਸਿੰਘ, ਇੰਦਰਜੀਤ ਸਿੰਘ ਮੋਗਾ, ਸੁਖਵਿੰਦਰ ਸਿੰਘ ਸੁੱਖੀ, ਗੁਰਦੀਪ ਸਿੰਘ, ਅਮਰਜੀਤ ਮੱਲ੍ਹਾਂ, ਬਿੰਦਰ ਸਿੰਘ ਮਹਿਰੋ, ਬਲਵਿੰਦਰ ਸਿੰਘ, ਕੁਲਵੀਰਪਾਲ ਸਿੰਘ, ਸਲੀਮ ਮਹੁੰਮਦ, ਜਸਵੀਰ ਸਿੰਘ, ਇੰਦਰਜੀਤ ਸਿੰਘ, ਕੁਲਵੀਰ ਸਿੰਘ, ਨਰੇਸ਼ ਕੁਮਾਰ ਸਟੇਨੋ ਮੋਗਾ ਹਾਜ਼ਰ ਸਨ।

# ਮਨਪ੍ਰੀਤ ਸਿੰਘ ਨੇ ਗਿੰਨੀਜ਼ ਬੁੱਕ 'ਚ ਦਰਜ ਕਰਵਾਇਆ ਆਪਣਾ ਨਾਂਅ

## ਸਭ ਤੋਂ ਤੇਜ਼ ਡੰਡ ਮਾਰਨ ਲਈ ਨਾਂਅ ਦਰਜ ਕਰਵਾਉਣ ਵਾਲਾ ਸ੍ਰੀ ਮੁਕਤਸਰ ਸਾਹਿਬ ਦਾ ਪਹਿਲਾ ਨੌਜਵਾਨ ਬਣਿਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਥਾਨਕ ਭਾਈ ਜਰਨੈਲ ਸਿੰਘ ਨਗਰ ਗਲੀ ਨੰਬਰ 4 ਦੇ ਵਾਸੀ ਮਨਪ੍ਰੀਤ ਸਿੰਘ ਗਿੱਲ ਉਰਫ ਬਿੱਲਾ ਪੁੱਤਰ ਕੁਲਵੰਤ ਸਿੰਘ ਨੇ ਡੰਡ ਮਾਰਨ ਲਈ ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡਜ਼ 'ਚ ਆਪਣਾ ਨਾਂਅ ਦਰਜ ਕਰਵਾ ਕੇ ਸ੍ਰੀ ਮੁਕਤਸਰ ਸਾਹਿਬ ਦਾ ਨਾਂਅ ਚਮਕਾਇਆ ਹੈ। ਉਸ ਦੀ ਇਸ ਕਾਮਯਾਬੀ ਲਈ ਇਲਾਕੇ ਦੇ ਲੋਕਾਂ ਵੱਲੋਂ ਉਸ ਨੂੰ ਮਿਲ ਕੇ ਤੇ ਸੋਸ਼ਲ ਮੀਡੀਆ ਰਾਹੀਂ ਵਧਾਈ ਸੰਦੇਸ਼ ਭੇਜੇ ਜਾ ਰਹੇ ਹਨ। ਇਸ ਦੌਰਾਨ ਉਸ ਨੇ ਹੋਰਨਾਂ ਲੋਕਾਂ ਨੂੰ ਵੀ ਆਪਣੀ ਸਿਹਤ ਦਾ ਖਿਆਲ ਰੱਖਦਿਆਂ ਚੰਗੀ ਖੁਰਾਕ ਖਾਣ ਦੇ ਨਾਲ ਨਾਲ ਕਸਰਤ ਕਰਨ ਤੇ ਨਸ਼ਿਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਹੈ। ਮਨਪ੍ਰੀਤ ਸਿੰਘ ਉਰਫ ਬਿੱਲਾ ਨੇ ਦੱਸਿਆ ਕਿ ਉਹ 1 ਮਿੰਟ 'ਚ 124 ਡੰਡ ਮਾਰ ਦਿੰਦਾ ਹੈ ਤੇ ਉਸ ਨੇ ਇਟਲੀ ਦੇ ਇਕ ਵਿਅਕਤੀ ਦਾ 116 ਡੰਡ ਮਾਰਨ ਦਾ ਪਹਿਲਾਂ ਬਣਿਆ ਰਿਕਾਰਡ ਤੋੜ ਦਿੱਤਾ ਹੈ। ਹੁਣ ਉਹ ਸਭ ਤੋਂ ਤੇਜ਼ ਡੰਡ ਮਾਰਨ ਵਾਲਾ ਸ੍ਰੀ ਮੁਕਤਸਰ ਸਾਹਿਬ ਏਰੀਏ ਦਾ ਪਹਿਲਾ ਨੌਜਵਾਨ ਬਣ ਚੁੱਕਾ ਹੈ। ਉਸ ਨੇ ਦੱਸਿਆ ਕਿ ਇਸ ਦੌਰਾਨ ਉਸ ਨੇ ਚਾਰ ਪੰਜ ਮਹੀਨੇ ਸਖਤ ਮਿਹਨਤ ਕੀਤੀ ਤੇ ਕਿਸੇ ਵੀ ਤਰ੍ਹਾਂ ਦੇ ਬਜ਼ਾਰੀ ਪ੍ਰੋਡਕਟਸ ਦਾ ਆਸਰਾ ਨਹੀਂ ਲਿਆ ਸਗੋਂ ਘਰ ਦਾ ਦੁੱਧ, ਘਿਓ ਆਦਿ ਖੁਰਾਕ ਖਾ ਕੇ ਹੀ ਇਹ ਟੀਚਾ ਹਾਸਲ ਕੀਤਾ ਹੈ। ਉਸ ਨੂੰ ਸ਼ੁਰੂ ਤੋਂ ਹੀ ਚੰਗੀ ਸਿਹਤ ਬਣਾਉਣ ਦਾ ਸ਼ੌਕ ਰਿਹਾ ਹੈ। ਉਸ ਨੇ ਦੱਸਿਆ ਕਿ ਭਵਿੱਖ 'ਚ ਵੀ ਉਹ ਵਧੇਰੇ ਮਿਹਨਤ ਕਰਦਿਆਂ ਹੋਰ ਰਿਕਾਰਡ ਆਪਣੇ ਨਾਂਅ ਦਰਜ ਕਰਵਾਉਣਾ ਚਾਹੁੰਦਾ ਹੈ।

# ਨਾਨਕਸਰ ਸੰਪਰਦਾਇ ਦੇ ਬਾਨੀ ਬਾਬਾ ਨੰਦ ਸਿੰਘ ਦੀ ਸਾਲਾਨਾ ਬਰਸੀ ਆਰੰਭ



**ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)**-ਨਾਨਕਸਰ ਕਲੇਰਾਂ ਵਿਖੇ ਨਾਨਕਸਰ ਸੰਪਰਦਾਇ ਦੇ ਬਾਨੀ ਤਿਆਗੀ ਵੈਰਾਗੀ ਧੰਨ-ਧੰਨ ਬਾਬਾ ਨੰਦ ਸਿੰਘ ਜੀ ਦੀ ਸਾਲਾਨਾ 80ਵੀਂ ਬਰਸੀ ਨੂੰ ਸਮਰਪਤ ਭਗਤੀ ਤੇ ਸ਼ਕਤੀ ਦੇ ਮੁੱਖ ਅਸਥਾਨ ਨਾਨਕਸਰ ਕਲੇਰਾਂ ਵਿਖੇ 101 ਸ੍ਰੀ ਗੁਰੂ ਗ੍ਰੰਥ ਸਾਹਿਬ ਤੇ 18 ਜਪੁਜੀ ਸਾਹਿਬ ਕੁੱਲ 119 ਅਖੰਡ ਪਾਠ ਦੀ ਆਰੰਭਤਾ ਦੀ ਅਰਦਾਸ ਬਾਬਾ ਸੇਵਾ ਸਿੰਘ ਦੁਆਰਾ ਕੀਤੀ ਗਈ ਤੇ ਬਰਸੀ ਦੇ ਸਲਾਨਾ ਸਮਾਗਮ ਆਰੰਭ ਹੋਏ। ਇਸ ਸਮੇਂ ਗੁਰੂ ਸਾਹਿਬ ਨੂੰ ਚੌਰ ਦੀ ਸੇਵਾ ਨਾਨਕਸਰ ਸੰਪਰਦਾਇ ਦੇ ਮੌਜੂਦਾ ਮਹਾਪੁਰਸ਼ ਸੰਤ ਬਾਬਾ ਗੁਰਚਰਨ ਸਿੰਘ, ਸੰਤ ਬਾਬਾ ਘਾਲਾ ਸਿੰਘ, ਸੰਤ ਬਾਬਾ ਲੱਖਾ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਦੁਆਰਾ ਕੀਤੀ ਗਈ। ਇਸ ਸਮੇਂ ਸੰਤ ਬਾਬਾ ਗੁਰਜੀਤ ਸਿੰਘ ਦੁਆਰਾ ਸੰਗਤਾਂ ਨੂੰ ਵੱਖ-ਵੱਖ ਸੇਵਾਵਾਂ ਲਈ ਪ੍ਰੇਰਤ ਕੀਤਾ ਗਿਆ ਤੇ ਬਾਬਾ ਭਾਗ ਸਿੰਘ ਦੁਆਰਾ ਬਾਬਾ ਜੀ ਦੇ ਜੀਵਨ ਬਾਰੇ ਜਾਣਨਾ ਪਾਇਆ ਤੇ ਕਵੀਸ਼ਰੀ ਜਥੇ ਦੁਆਰਾ ਪ੍ਰਸੰਗ ਸੁਣਾਏ ਗਏ। ਨਾਨਕਸਰ ਦੇ ਮੌਜੂਦਾ ਮਹਾਪੁਰਸ਼ਾਂ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਬਾਬਾ ਨੰਦ ਸਿੰਘ ਜੀ ਦੀ ਸਾਲਾਨਾ ਬਰਸੀ ਨੂੰ ਸਮਰਪਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼੍ਰੀ ਅਖੰਡ ਪਾਠਾਂ ਦੀ ਪਹਿਲੀ ਲੜੀ ਸਵੇਰੇ 11 ਵਜੇ ਅਰੰਭ ਹੋਏ ਤੇ ਜਿਨ੍ਹਾਂ ਦੇ ਭੋਗ 27 ਅਗਸਤ ਨੂੰ 11 ਵਜੇ ਦੇ ਕਰੀਬ ਸ੍ਰੀ ਅਖੰਡ ਪਾਠਾਂ ਦੇ ਭੋਗ ਪੈਣ ਉਪਰੰਤ ਦੂਜੀ ਲੜੀ ਦੇ ਸ੍ਰੀ ਅਖੰਡ ਪਾਠਾਂ ਦੀ ਦੂਜੀ ਲੜੀ ਆਰੰਭ ਹੋਵੇਗੀ ਤੇ 28 ਅਗਸਤ ਨੂੰ ਹਰ ਸਾਲ ਦੀ ਤਰ੍ਹਾਂ ਸਵੇਰੇ 10 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਸਜਾਇਆ ਜਾਵੇਗਾ ਤੇ 29 ਅਗਸਤ ਨੂੰ ਸ੍ਰੀ ਅਖੰਡ ਪਾਠਾਂ ਦੇ ਭੋਗ ਪੈਣ ਉਪਰੰਤ ਰੈਣ ਸਬਾਈ ਕੀਰਤਨ ਸਮਾਗਮ ਹੋਣਗੇ। ਉਨ੍ਹਾਂ ਦੱਸਿਆ ਕਿ 26, 27 ਤੋਂ 28 ਅਗਸਤ ਨੂੰ ਰਾਤ ਸਮੇਂ ਰੈਣ ਸੁਬਾਈ ਕੀਰਤਨ ਦਰਬਾਰ ਹੋਵੇਗਾ। ਨਾਨਕਸਰ ਦੇ ਸਾਲਾਨਾ ਸਮਾਗਮ ਦੇ ਸਟੇਜ ਦੀ ਸੇਵਾ ਸੰਤ ਬਾਬਾ ਸੁਖਦੇਵ ਸਿੰਘ ਭੁੱਚੋ ਕਲਾਂ ਵਾਲਿਆਂ ਦੁਆਰਾ ਕੀਤੀ ਗਈ।

ਸੰਤ ਬਾਬਾ ਗੁਰਚਰਨ ਸਿੰਘ ਨੇ ਕਿਹਾ ਕਿ ਇਹ ਗੁਰੂ ਨਾਨਕ ਦਾ ਘਰ ਹੈ, ਬਾਬਾ ਨੰਦ ਸਿੰਘ ਦੀ ਸਾਲਾਨਾ ਬਰਸੀ ਤੇ ਆਉਣ ਵਾਲੀਆਂ ਸੰਗਤਾਂ ਲਈ ਡਾਕਟਰੀ ਸਹਾਇਤਾ, ਲੰਗਰ ਤੇ ਆਵਾਜਾਈ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ।

# ਪੱਤਰਕਾਰ ਧਰਮਪਾਲ ਪੁੰਨੀ ਨੂੰ ਸਦਮਾ, ਭਰਾ ਦਾ ਦੇਹਾਂਤ



**ਜੈਤੋ (ਸਤੀਸ਼ ਕੁਮਾਰ ਭੀਰੀ)**-ਧਰਮਪਾਲ ਸਿੰਘ ਪੁੰਨੀ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ, ਜਦ ਉਨ੍ਹਾਂ ਦੇ ਭਰਾ ਸਿਕੰਦਰਜੀਤ ਸਿੰਘ ਉਰਫ਼ ਤੋਤੀ (45) ਦਾ ਇੱਕ ਲੰਮੀ ਬਿਮਾਰੀ ਉਪਰੰਤ ਦਿਹਾਂਤ ਹੋ ਗਿਆ। ਉਹ ਪਿਛਲੇ ਲੰਮੇ ਸਮੇਂ ਤੋਂ ਚਮੜੀ ਰੋਗ ਤੋਂ ਪੀੜਤ ਸਨ ਤੇ ਬਠਿੰਡਾ ਦੇ ਏਮਜ਼ ਹਸਪਤਾਲ ਵਿੱਚ ਜੇਰੇ ਇਲਾਜ ਸਨ। ਉਨ੍ਹਾਂ ਨਮਿਤ ਪਾਠ ਦਾ ਭੋਗ ਤੇ ਅੰਤਮ ਅਰਦਾਸ 30 ਅਗਸਤ ਨੂੰ ਗੁਰਦੁਆਰਾ ਟਿੱਬੀ ਸਾਹਿਬ ਵਿਖੇ ਹੋਵੇਗੀ। ਇਸ ਮੌਕੇ ਪਰਵਾਰ ਨਾਲ ਸੀਨੀਅਰ ਕਾਂਗਰਸੀ ਆਗੂ ਪਵਨ ਗੋਇਲ, ਸੀਨੀਅਰ ਅਕਾਲੀ ਆਗੂ ਲਖਵਿੰਦਰ ਸਿੰਘ ਲੱਖਾ, ਮਾਰਕਿਟ ਕਮੇਟੀ ਦੇ ਚੇਅਰਮੈਨ ਡਾਕਟਰ ਲਛਮਨ ਭਗਤੂਆਣਾ, ਜਗਰੂਪ ਸਿੰਘ ਬਰਾੜ ਸਾਬਕਾ ਚੇਅਰਮੈਨ ਪੀ ਏ ਡੀ ਬੀ, ਪੱਤਰਕਾਰ ਮਨਜੀਤ ਸਿੰਘ ਢੱਲਾ, ਬੌਬੀ ਜਿੰਦਲ, ਸਤਵਿੰਦਰ ਪਾਲ ਸਿੰਘ ਸੱਤੀ, ਕੋਮਲ ਸ਼ਰਮਾ, ਵੀਰਪਾਲ ਸ਼ਰਮਾ, ਗੁਰਚਰਨ ਸਿੰਘ ਗਾਬੜੀਆ, ਨਰੇਸ਼ ਸੇਠੀ, ਹਰਵਿੰਦਰ ਪਾਲ ਸ਼ਰਮਾ, ਸੁਰਿੰਦਰ ਕੁਮਾਰ ਵਿਕਾਸ ਅਧਿਕਾਰੀ ਭਾਰਤੀ ਜੀਵਨ ਬੀਮਾ ਨਿਗਮ, ਮਾਸਟਰ ਹਰਭਜਨ ਸਿੰਘ, ਆਤਮਜੀਤ ਸਿੰਘ ਰੰਜਨ, ਅਕਾਲੀ ਆਗੂ ਬਲਵੰਤ ਸਿੰਘ ਕਰੀਰਵਾਲੀ, 'ਆਪ' ਆਗੂ ਰੌਸ਼ਨ ਲਾਲ ਸ਼ਰਮਾ, ਸੋਨੀ ਕਾਂਸਲ ਆਦਿ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

# ਮੱਖਣ ਸਿੰਘ ਪਿੰਡ ਸੱਦਾ ਸਿੰਘ ਵਾਲਾ ਇਕਾਈ ਦੇ ਪ੍ਰਧਾਨ ਤੇ ਭਗਵੰਤ ਸਿੰਘ ਸਕੱਤਰ ਚੁਣੇ



**ਮੋਗਾ (ਅਮਰਜੀਤ ਬੱਬਰੀ)**-ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਗੁਰਭਾਗ ਸਿੰਘ ਮਰੂੜ ਪ੍ਰੈਸ ਸਕੱਤਰ ਫਿਰੋਜ਼ਪੁਰ ਦੀ ਅਗਵਾਈ ਵਿੱਚ ਜ਼ਿਲ੍ਹਾ ਮੋਗਾ ਦੇ ਪਿੰਡ ਸੱਦਾ ਸਿੰਘ ਵਾਲਾ ਇਕਾਈ ਦਾ ਗਠਨ ਲਈ ਟੀਮ ਜਿਸ ਵਿੱਚ ਬਲਾਕ ਪ੍ਰਧਾਨ ਜਗਮੋਹਨ ਸਿੰਘ ਕੰਗ, ਜ਼ਿਲ੍ਹਾ ਕੈਸ਼ੀਅਰ ਹਰਬੰਸ ਸਿੰਘ ਨਿਧਾਂਵਾਲਾ, ਸੱਤਪਾਲ ਡਗਰੂ ਅਤੇ ਗੁਰਲਾਭ ਸਿੰਘ ਮਨਸੂਰਵਾਲ ਸ਼ਾਮਲ ਸਨ ਪਹੁੰਚੇ। ਪਿੰਡ ਦੀ ਸੰਗਤ ਨੂੰ ਬੀ ਕੇ ਯੂ ਕ੍ਰਾਂਤੀਕਾਰੀ ਦੀਆਂ ਨੀਤੀਆਂ ਅਤੇ ਸੰਘਰਸ਼ ਬਾਰੇ ਜਾਣਕਾਰੀ ਦਿੱਤੀ ਗਈ। ਪ੍ਰੈਸ ਸਕੱਤਰ ਗੁਰਭਾਗ ਸਿੰਘ ਮਰੂੜ ਨੇ ਦੱਸਿਆ ਕਿ ਯੂਨੀਅਨ ਲੋਕਾਂ ਦੀ ਤਾਕਤ 'ਤੇ ਵਿਸ਼ਵਾਸ ਕਰਦੀ ਹੈ, ਕਿਸੇ ਵੋਟ ਪਾਰਟੀ ਦਾ ਅੰਗ ਬਣ ਕੇ ਨਹੀਂ ਚੱਲਦੀ। ਕਿਸਾਨਾਂ ਦੇ ਮੰਗਾਂ ਮਸਲੇ ਲੋਕ ਤਾਕਤ ਦੇ ਸਿਰ ਤੇ ਸੰਘਰਸ਼ ਨਾਲ ਹੱਲ ਕਰਵਾਏ ਜਾਂਦੇ ਹਨ। ਕੰਮ ਕਰਨ ਵਾਲੇ ਅਗਵਾਈ ਕਰਨ ਲਈ ਆਗੂ ਬਣਾਏ ਜਾਂਦੇ ਹਨ। ਜ਼ਿਲ੍ਹਾ ਕੈਸ਼ੀਅਰ ਹਰਬੰਸ ਸਿੰਘ ਨਿਧਾਂਵਾਲਾ ਨੇ ਦੱਸਿਆ ਕਿ ਹੜ੍ਹ ਪੀੜਤਾਂ ਦੀਆਂ ਮੰਗਾਂ, 23 ਫਸਲਾਂ 'ਤੇ ਘੱਟੋ ਘੱਟ ਸਮਰਥਨ ਮੁੱਲ ਲੈਣ ਅਤੇ ਨਰੇਗਾ ਦਾ ਕੰਮ ਸਾਲ ਵਿੱਚ 100 ਦਿਨਾਂ ਤੋਂ 200 ਦਿਨ ਕਰਾਉਣ ਲਈ 22 ਅਗਸਤ ਨੂੰ ਚੰਡੀਗੜ੍ਹ ਪੱਕਾ ਮੋਰਚਾ ਲਾਉਣਾ ਸੀ, ਪਰ ਸਾਨੂੰ ਰਸਤਿਆਂ 'ਚ ਰੋਕ ਲਿਆ। ਜਥੇਬੰਦੀ ਵਲੋਂ ਪੰਜ ਦਿਨ ਤੋਂ ਮਹਿਣੇ ਸੜਕ 'ਤੇ ਪੱਕਾ ਮੋਰਚਾ ਚਲ ਰਿਹਾ ਹੈ। ਗੁਰਲਾਭ ਸਿੰਘ ਮਨਸੂਰਵਾਲ ਨੇ ਦੱਸਿਆ ਕਿ ਲੌਂਗੋਵਾਲ ਸਾਡੇ ਕਿਸਾਨਾਂ 'ਤੇ ਪੁਲਸ ਨੇ ਹਕੂਮਤੀ ਜਬਰ ਨਾਲ ਕਿਸਾਨ ਪ੍ਰੀਤਮ ਸਿੰਘ ਨੂੰ ਸ਼ਹੀਦ ਕਰ ਦਿੱਤਾ। ਸੈਂਕੜੇ ਆਗੂ ਵੀ ਗ੍ਰਿਫਤਾਰ ਕਰ ਲਏ ਸਨ। ਲੋਕ ਤਾਕਤ ਨਾਲ ਸਰਕਾਰ ਨੂੰ ਝੁਕਾ ਕੇ ਸ਼ਹੀਦ ਪਰਵਾਰ ਨੂੰ ਇਨਸਾਫ ਦਿਵਾਇਆ ਅਤੇ ਜੇਲ੍ਹਾਂ ਵਿੱਚੋਂ ਆਗੂ ਰਿਹਾਅ ਕਰਵਾਏ। ਅਖੀਰ ਉੱਤੇ ਚੋਣ ਕੀਤੀ ਗਈ। ਪ੍ਰਧਾਨ ਮੱਖਣ ਸਿੰਘ, ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ, ਮੀਤ ਪ੍ਰਧਾਨ ਗੁਰਮੁਖ ਸਿੰਘ, ਸਕੱਤਰ ਭਗਵੰਤ ਸਿੰਘ, ਕੈਸ਼ੀਅਰ ਮਨਦੀਪ ਸਿੰਘ ਅਤੇ ਕੈਸ਼ ਸਕੱਤਰ ਸਮਰਥ ਸਿੰਘ ਸਰਵਸੰਮਤੀ ਨਾਲ ਚੁਣੇ ਗਏ। ਅਹੁਦੇਦਾਰਾਂ ਨੇ ਇਮਾਨਦਾਰੀ ਨਾਲ ਕੰਮ ਕਰਨ ਦਾ ਪ੍ਰਣ ਕੀਤਾ।

# ਗੁਰਦੁਆਰਾ ਕਾਲਾਮਾਲਾ ਸਾਹਿਬ 'ਚ ਇਕੋਤਰੀ ਸਮਾਗਮ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਇਤਿਹਾਸਕ ਗੁਰਦੁਆਰਾ ਸਿੱਧਸਰ ਕਾਲਾਮਾਲਾ ਸਾਹਿਬ ਛਾਪਾ ਵਿਖੇ ਸਾਲਾਨਾ ਇਕੋਤਰੀ ਧਾਰਮਿਕ ਸਮਾਗਮ ਗੁਰਦੁਆਰਾ ਕਮੇਟੀ ਦੀ ਅਗਵਾਈ ਹੇਠ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਸ਼ਰਧਾ ਭਾਵਨਾ ਨਾਲ ਕਰਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਜੱਸਾ ਸਿੰਘ ਆਹਲੂਵਾਲੀਆ ਗੁਰਮਤਿ ਸੰਗੀਤ ਵਿਦਿਆਲਾ ਦੇ ਵਿਦਿਆਰਥੀਆਂ ਅਤੇ ਵੱਖ-ਵੱਖ ਰਾਗੀ ਜਥਿਆਂ ਨੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਗੁਰਸਿੱਖੀ 'ਚ ਪ੍ਰਪੱਕ ਹੋਣ ਦੀ ਅਪੀਲ ਕੀਤੀ। ਭਾਈ ਜਸਵੀਰ ਸਿੰਘ ਮਾਨਕੀ, ਪ੍ਰਧਾਨ ਨਾਜਰ ਸਿੰਘ, ਬਲਵਿੰਦਰ ਸਿੰਘ ਛਾਪਾ, ਸਫਾਈ ਸੇਵਾ ਕਲੱਬ ਦੇ ਗੁਰਪ੍ਰੀਤ ਸਿੰਘ ਪੀਤਾ, ਵਿਦਿਆਲਾ ਇੰਚਾਰਜ ਭਾਈ ਗੁਰਪ੍ਰੀਤ ਸਿੰਘ ਨੂਰ ਨੇ ਇਸ ਇਤਿਹਾਸਕ ਧਾਰਮਿਕ ਅਸਥਾਨ ਦੇ ਇਤਿਹਾਸ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਸੱਚਖੰਡ ਵਾਸੀ ਬਾਬਾ ਮੱਲ ਸਿੰਘ, ਸੰਤ ਜਸਵੀਰ ਸਿੰਘ ਖਾਲਸਾ ਵੱਲੋਂ ਸ਼ੁਰੂ ਕੀਤੀ ਗਈ ਪ੍ਰੰਪਰਾ ਨੂੰ ਨਿਰੰਤਰ ਜਾਰੀ ਰੱਖਿਆ ਜਾਵੇਗਾ।

ਇਸ ਮੌਕੇ ਜਥੇ: ਧੰਨਾ ਸਿੰਘ ਰਾਜਸਥਾਨ, ਭਾਈ ਪਾਲ ਸਿੰਘ, ਭਾਈ ਹਰਜੀਤ ਸਿੰਘ ਕੈਰੇ, ਬਾਬਾ ਵਰਿਆਮ ਸਿੰਘ, ਬਾਬਾ ਗੁਰਦੀਪ ਸਿੰਘ ਕਾਰ ਸੇਵਾ, ਪ੍ਰਧਾਨ ਜਗਤਾਰ ਸਿੰਘ ਪੰਡੋਰੀ, ਮਨਦੀਪ ਸਿੰਘ, ਬਲਵੰਤ ਸਿੰਘ, ਬਲਰਾਜ ਸਿੰਘ ਫੌਜੀ, ਹਰਨੇਕ ਸਿੰਘ ਛਾਪਾ, ਮਨਜੀਤ ਸਿੰਘ, ਹਰਜੰਟ ਸਿੰਘ ਫੌਜੀ, ਬਾਬਾ ਬਖਸ਼ੀਸ਼ ਸਿੰਘ, ਬੀਬੀ ਪਰਮਜੀਤ ਕੌਰ ਭੱਠਲ, ਬਲਜੀਤ ਸਿੰਘ ਸਿੱਧੂ ਕੈਨੇਡੀਅਨ, ਹਰਜਿੰਦਰ ਸਿੰਘ ਫੀਡ ਵਾਲੇ, ਗੁਰਦੀਪ ਸਿੰਘ ਬਾਬਾ, ਜਥੇ: ਧਰਮ ਸਿੰਘ, ਭਾਈ ਆਗਿਆਪਾਲ ਸਿੰਘ, ਮੁਖਤਿਆਰ ਸਿੰਘ ਛਾਪਾ, ਇੰਦਰਜੀਤ ਸਿੰਘ, ਗੁਰਦੀਪ ਸਿੰਘ ਪਿੱਲਾ ਮੱਲੀਆਂ ਆਦਿ ਹਾਜ਼ਰ ਸਨ।

# ਆਸ਼ਾ ਵਰਕਰਾਂ ਦੀ ਖੱਜਲ-ਖੁਆਰੀ ਬੰਦ ਹੋਵੇ : ਜ਼ਿਲ੍ਹਾ ਪ੍ਰਧਾਨ

## ਟੀਕਾਕਰਨ ਸਰਵੇ ਦਾ ਕੀਤਾ ਬਾਈਕਾਟ, ਲਾਇਆ ਧਰਨਾ



**ਬੁਢਲਾਡਾ (ਅਸ਼ੋਕ ਲਾਕੜਾ)**

ਸਿਹਤ ਵਿਭਾਗ ਅਧੀਨ ਕੰਮ ਕਰਦੀਆਂ ਆਸ਼ਾ ਵਰਕਰਾਂ ਨੂੰ ਗਰਭਵਤੀ ਔਰਤਾਂ, ਜੱਚਾ ਬੱਚਾ ਦੀ ਸਿਹਤ ਸੰਭਾਲ ਲਈ ਕੀਤੇ ਜਾ ਰਹੇ ਖੱਜਲ ਖੁਆਰ ਖਿਲਾਫ ਸਿਵਲ ਹਸਪਤਾਲ ਬੁਢਲਾਡਾ ਵਿਖੇ ਧਰਨਾ ਦੇ ਕੇ ਆਈ.ਐਮ.ਆਈ. ਸਰਵੇ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ ਗਿਆ। ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਰੁਪਿੰਦਰ ਕੌਰ ਸਰਦੂਲਗੜ੍ਹ ਨੇ ਕਿਹਾ ਕਿ ਆਸ਼ਾ ਵਰਕਰ ਆਪਣੇ ਏਰੀਏ ਦੇ ਸਾਰੇ ਬੱਚਿਆਂ ਦੇ ਟੀਕਾਕਰਨ ਅਤੇ ਗਰਭਵਤੀ ਮਾਤਾਵਾਂ ਦੇ ਚੈਕਅੱਪ ਸੰਬੰਧੀ ਪੂਰੀ ਜਾਣਕਾਰੀ ਹੈ। ਆਸ਼ਾ ਵਰਕਰਾਂ ਨੇ ਇਹ ਸਰਵੇ ਸਾਲ ਵਿੱਚ 2 ਵਾਰ ਕਰਨਾ ਹੁੰਦਾ ਹੈ ਪ੍ਰੰਤੂ ਵਿਭਾਗ ਵੱਲੋਂ ਵੈਕਸੀਨੇਸ਼ਨ ਨੂੰ ਨਾਲ ਲੈ ਕੇ ਜਾਣ ਲਈ ਮਜਬੂਰ ਨਾ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਆਸ਼ਾ ਵਰਕਰ ਜਦੋਂ ਰਾਤ ਸਮੇਂ ਜਣੇਪੇ ਲਈ ਆਉਂਦੀਆਂ ਹਨ ਤਾਂ ਉਨ੍ਹਾਂ ਲਈ ਲੇਬਰ ਰੂਮ ਵੀ ਨਹੀਂ ਦਿੱਤਾ ਜਾਂਦਾ ਅਤੇ ਰੋਜ਼ਾਨਾ ਐਮਰਜੈਂਸੀ ਦੌਰਾਨ ਦੇਰ ਸਵੇਰ ਆਸ਼ਾ ਵਰਕਰਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਆਸ਼ਾ ਵਰਕਰਾਂ ਦੀ ਖੱਜਲ ਖੁਆਰੀ ਬੰਦ ਕੀਤੀ ਜਾਵੇ। ਜੇਕਰ ਸਰਕਾਰ ਨੇ ਇਸ ਪਾਸੇ ਵੱਲ ਫੌਰੀ ਤੌਰ 'ਤੇ ਧਿਆਨ ਨਾ ਦਿੱਤਾ ਤਾਂ ਤਿੱਖਾ ਸੰਘਰਸ਼ ਕੀਤਾ ਜਾਵੇਗਾ।

ਇਸ ਮੌਕੇ ਕਰਮਜੀਤ ਕੌਰ ਬੋਹਾ, ਬਲਜੀਤ ਕੌਰ ਬਹਾਦਰਪੁਰ, ਜਗਪਾਲ ਕੌਰ, ਸਵਰਨ ਲਤਾ, ਜਰਿਨਾ ਬੇਗਮ, ਕਰਮਜੀਤ ਕੌਰ ਹਾਕਮਵਾਲਾ, ਅਮਨਦੀਪ ਕੌਰ ਬਰੇਟਾ, ਮਨਜੀਤ ਕੌਰ ਕਾਹਨਗੜ੍ਹ, ਨਿਰਮਲ ਰਾਣੀ, ਸਤਵੀਰ ਕੌਰ, ਲਛਵਿੰਦਰ ਕੌਰ ਹੀਰੋ ਖੁਰਦ, ਬੰਤ ਕੌਰ ਕਣਕਵਾਲ ਤੋਂ ਇਲਾਵਾ ਵੱਡੀ ਗਿਣਤੀ ਆਸ਼ਾ ਵਰਕਰ ਹਾਜ਼ਰ ਸਨ।

# ਵਿਧਾਇਕ ਰਣਬੀਰ ਭੁੱਲਰ ਨੇ ਹੜ੍ਹ ਪ੍ਰਭਾਵਤ ਪਿੰਡ ਦਾ ਦੌਰਾ ਕਰਕੇ ਰਾਹਤ ਕਾਰਜਾਂ ਦਾ ਲਿਆ ਜਾਇਜ਼ਾ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹੜ੍ਹ ਪ੍ਰਭਾਵਤ ਲੋਕਾਂ ਦੀ ਮਦਦ ਲਈ ਹਰ ਸੰਭਵ ਯਤਨ ਕਰ ਰਹੀ ਹੈ ਤੇ ਲੋਕਾਂ ਲਈ ਜ਼ਰੂਰੀ ਵਰਤੋਂ ਦੀਆਂ ਚੀਜ਼ਾਂ ਜਿਵੇਂ ਕਿ ਰਾਸ਼ਨ, ਪਸ਼ੂਆਂ ਦੀ ਫੀਡ, ਚਾਰਾ, ਦਵਾਈਆਂ ਆਦਿ ਲਗਾਤਾਰ ਪ੍ਰਭਾਵਤ ਲੋਕਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਦੀ ਮਦਦ ਨਾਲ ਮੁਹੱਈਆ ਕਰਾ ਰਹੀ ਹੈ।ਇਹ ਪ੍ਰਗਟਾਵਾ ਵਿਧਾਨ ਸਭਾ ਹਲਕਾ ਫ਼ਿਰੋਜ਼ਪੁਰ ਸ਼ਹਿਰੀ ਦੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਹੜ੍ਹ ਪ੍ਰਭਾਵਤ ਪਿੰਡ ਨਿਹਾਲਾ ਲਵੇਰਾ, ਰੁਕਨੇਵਾਲਾ, ਧੀਰਾ ਘਾਰਾ ਵਿੱਚ ਰਾਹਤ ਕੰਮਾਂ ਦਾ ਜਾਇਜ਼ਾ ਲੈਣ ਮੌਕੇ ਕੀਤਾ।

ਵਿਧਾਇਕ ਭੁੱਲਰ ਨੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਪਹੁੰਚ ਕੇ ਸਥਾਨਕ ਵਸਨੀਕਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਰਕਾਰ ਤੇ ਪ੍ਰਸ਼ਾਸਨ ਉਨ੍ਹਾਂ ਦੇ ਨਾਲ ਹੈ।ਉਨ੍ਹਾਂ ਲੋਕਾਂ ਨੂੰ ਭਰੋਸਾ ਦਿੱਤਾ ਕਿ ਹੜ੍ਹਾਂ ਕਾਰਨ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਆਪਸੀ ਸਹਿਯੋਗ ਨਾਲ ਹੀ ਕੁਦਰਤੀ ਆਫ਼ਤ ਨਾਲ ਨਜਿੱਠਿਆ ਜਾਵੇਗਾ।ਪ੍ਰਸ਼ਾਸਨ ਵੱਲੋਂ ਟੀਮਾਂ ਬਣਾ ਕੇ ਰਾਹਤ ਕਾਰਜ ਜਾਰੀ ਹਨ ਤੇ ਸਿਹਤ ਵਿਭਾਗ ਵੱਲੋਂ ਵੀ ਹੜ੍ਹ ਪ੍ਰਭਾਵਤ ਖੇਤਰਾਂ ਵਿੱਚ ਲਗਾਤਾਰ ਮੁਫ਼ਤ ਮੈਡੀਕਲ ਕੈਂਪ ਲਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਨਾਗਰਿਕਾਂ ਨੂੰ ਸੁਰੱਖਿਅਤ ਰੱਖਣਾ ਉਨ੍ਹਾਂ ਦੀ ਤਰਜੀਹ ਹੈ ਤੇ ਲੋਕਾਂ ਨੂੰ ਖਾਣ-ਪੀਣ, ਸਿਹਤ ਸੇਵਾਵਾਂ ਅਤੇ ਪਸ਼ੂਆਂ ਲਈ ਚਾਰੇ, ਇਲਾਜ ਦੀ ਘਾਟ ਨਹੀਂ ਆਵੇਗੀ।ਉਨ੍ਹਾਂ ਪਿੰਡਾਂ ਦੇ ਵਸਨੀਕਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪਿੰਡ ਵਾਸੀਆਂ ਨੂੰ ਹੜ੍ਹ ਰਾਹਤ ਕਾਰਜਾਂ ਵਿੱਚ ਆ ਰਹੀਆਂ ਮੁਸ਼ਕਲਾਂ ਦਾ ਮੌਕੇ 'ਤੇ ਹੀ ਹੱਲ ਕੀਤਾ ਜਾਵੇ। ਵਿਧਾਇਕ ਰਣਬੀਰ ਭੁੱਲਰ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਲੰਗਰ, ਮੈਡੀਕਲ ਸੇਵਾਵਾਂ, ਪਸ਼ੂਆਂ ਦਾ ਚਾਰਾ ਆਦਿ ਲਈ ਸਮੂਹ ਧਾਰਮਿਕ ਅਤੇ ਸਮਾਜ ਸੇਵੀ ਸੰਸਥਾਵਾਂ ਦਾ ਵੀ ਧੰਨਵਾਦ ਕੀਤਾ, ਜਿਹੜੇ ਇਸ ਔਖੀ ਘੜੀ ਵਿੱਚ ਲੋਕਾਂ ਦੀ ਵੱਡੀ ਪੱਧਰ 'ਤੇ ਮਦਦ ਕਰ ਰਹੇ ਹਨ ਤੇ ਸਰਕਾਰ ਤੇ ਪ੍ਰਸ਼ਾਸਨ ਨਾਲ ਮੋਢੇ ਨਾਲ ਮੋਢਾ ਜੋੜ ਕੇ ਰਾਹਤ ਕਾਰਜਾਂ ਵਿੱਚ ਯੋਗਦਾਨ ਪਾ ਰਹੇ ਹਨ।

# ਬਾਲੀਬਾਲ ਖੇਡ ਮੁਕਾਬਲਿਆਂ 'ਚ ਛਾਹੜ ਤੇ ਮਹਿਲਾਂ ਜੇਤੂ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)**

ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਗਰਮ ਰੁੱਤ ਦੇ ਖੇਡ ਮੁਕਾਬਲਿਆਂ ਦਾ ਆਯੋਜਨ ਵੱਖ-ਵੱਖ ਸਕੂਲਾਂ 'ਚ ਕੀਤਾ ਜਾ ਰਿਹਾ ਹੈ। ਇਸ ਕੜੀ ਤਹਿਤ ਦਿੜ੍ਹਬਾ ਜ਼ੋਨ ਦੇ ਬਾਲੀਬਾਲ ਖੇਡ ਮੁਕਾਬਲਿਆਂ ਦਾ ਆਯੋਜਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਲਾਂ 'ਚ ਪ੍ਰਿੰਸੀਪਲ ਨਵਰਾਜ ਕੌਰ ਦੀ ਅਗਵਾਈ 'ਚ ਰਕੇਸ਼ ਕੁਮਾਰ ਲੈਕਚਰਾਰ ਸਰੀਰਕ ਸਿੱਖਿਆ ਦੀ ਦੇਖ ਰੇਖ 'ਚ ਕੀਤਾ ਗਿਆ। ਇਸ ਮੁਕਾਬਲੇ 'ਚ ਵੱਖ ਵੱਖ ਸਕੂਲਾਂ ਦੇ ਖਿਡਾਰੀਆਂ ਨੇ ਵੱਖ ਵੱਖ ਪੱਧਰਾਂ 'ਤੇ ਭਾਗ ਲੈ ਕੇ ਮੁਕਾਬਲਾ ਦਿਲਚਸਪ ਬਣਾ ਦਿੱਤਾ। ਖੇਡ ਕਨਵੀਨਰ ਰਕੇਸ਼ ਕੁਮਾਰ ਨੇ ਸਮੂਹ ਖਿਡਾਰੀਆਂ ਤੇ ਉਨ੍ਹਾਂ ਦੇ ਅਧਿਆਪਕ ਸਹਿਬਾਨ ਦਾ ਸਵਾਗਤ ਕੀਤਾ। ਇਨ੍ਹਾਂ ਖੇਡ ਮੁਕਾਬਲਿਆਂ ਦਾ ਉਦਘਾਟਨ ਕਰਦੇ ਹੋਏ ਪ੍ਰਿੰਸੀਪਲ ਨਵਰਾਜ ਕੌਰ ਨੇ ਕਿਹਾ ਕਿ ਖੇਡਾਂ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਹਨ। ਇਨ੍ਹਾਂ ਵਿੱਚ ਭਾਗ ਲੈਣ ਨਾਲ ਸਾਡੇ ਅੰਦਰ ਆਪਸੀ ਸਾਂਝ, ਸਹਿਯੋਗ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ। ਇਸ ਮੌਕੇ ਜ਼ੋਨ ਸਕੱਤਰ ਕੰਵਲਦੀਪ ਸਿੰਘ, ਬਾਲੀਬਾਲ ਖੇਡ ਦੇ ਮਾਹਰ ਅਧਿਆਪਕ ਗੁਰਦੀਪ ਸਿੰਘ ਮਾਨ ਨੇ ਪੂਰੀ ਤਨਦੇਹੀ ਨਾਲ ਡਿਊਟੀ ਨਿਭਾਈ। ਇਨ੍ਹਾਂ ਮੁਕਾਬਲਿਆਂ 'ਚ ਸ ਸ ਸ ਸ ਮਹਿਲਾਂ ਬਾਸਕਟਬਾਲ ਅੰਡਰ 14, 17, 19 ਲੜਕੇ ਅਤੇ ਲੜਕੀਆਂ ਜੇਤੂ, ਸਾਫਟਬਾਲ ਦੇ ਅੰਡਰ 17, 19 ਲੜਕੇ ਜੇਤੂ ਰਹੇ ਜਦਕਿ ਲੜਕੀਆਂ ਦੀ ਜ਼ਿਲ੍ਹਾ ਪੱਧਰੀ ਟੀਮ ਲਈ ਚੋਣ ਹੋਈ। ਲਾਅਨ ਟੈਨਿਸ ਦੇ ਅੰਡਰ 14, 17 ਅਤੇ 19 ਵਿੱਚ ਲੜਕੇ ਅਤੇ ਲੜਕੀਆਂ ਜ਼ਿਲ੍ਹਾ ਪੱਧਰੀ ਟੀਮ ਲਈ ਚੁਣੇ ਗਏ। ਬਾਲੀਬਾਲ 'ਚ ਅੰਡਰ 17 ਲੜਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਲਾਂ ਫਸਟ ਅਤੇ ਸੰਤ ਈਸ਼ਰ ਸਿੰਘ ਪਬਲਿਕ ਸਕੂਲ ਛਾਹੜ ਸੈਕਿੰਡ, ਅੰਡਰ 19 ਲੜਕੇ ਸੰਤ ਈਸ਼ਰ ਸਿੰਘ ਪਬਲਿਕ ਸਕੂਲ ਛਾਹੜ ਫਸਟ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਲਾਂ ਸੈਕਿੰਡ ਰਹੇ। ਇਨ੍ਹਾਂ ਖੇਡਾਂ ਦੇ ਓਵਰਆਲ ਇੰਚਾਰਜ ਪਰਮਿੰਦਰ ਕੁਮਾਰ ਲੌਂਗੋਵਾਲ ਨੇ ਸਮੂਹ ਜੇਤੂ ਅਤੇ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਵਧਾਈ ਦਿੱਤੀ। ਇਸ ਮੌਕੇ ਸੰਦੀਪ ਸਿੰਘ ਮੁੱਕਰ, ਰਾਜੇਸ਼ ਕੁਮਾਰ ਲੈਕਚਰਾਰ ਹਿਸਟਰੀ, ਗੁਰਦੀਪ ਸਿੰਘ ਲੈਕਚਰਾਰ ਪੰਜਾਬੀ, ਕਰਨੈਲ ਸਿੰਘ ਸੰਸਕ੍ਰਿਤ ਮਾਸਟਰ, ਹਰਵਿੰਦਰ ਸਿੰਘ, ਨਵਜੋਤ ਇੰਦਰ ਕੌਰ, ਮੁਨੀਸ਼ ਕੰਵਲਦੀਪ ਸਿੰਘ, ਮਨਦੀਪ ਸਿੰਘ, ਰਮਨਦੀਪ ਸਿੰਘ, ਮੁਕੇਸ਼ ਕੁਮਾਰ, ਕਰਮ ਸਿੰਘ, ਜਸਵਿੰਦਰ ਸਿੰਘ, ਰਾਜਵੀਰ ਕੌਰ, ਰਜ਼ੀਆ ਕੁਮਾਰੀ, ਬਲਵਿੰਦਰ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ।

# ਬਾਬਾ ਫਰੀਦ ਲਾਅ ਕਾਲਜ 'ਚ ਕਰਵਾਇਆ ਕਰੀਮੀਨਲ ਮੂਟ ਕੋਰਟ ਕੰਪੀਟੀਸ਼ਨ



ਇੰਟਰਾ-ਕਾਲਜ ਕਰੀਮੀਨਲ ਮੂਟ ਕੋਰਟ ਕੰਪੀਟੀਸ਼ਨ 2023 ਦੌਰਾਨ ਕਾਲਜ ਦੇ ਵਿਦਿਆਰਥੀ।

**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**

ਬਾਬਾ ਫਰੀਦ ਲਾਅ ਕਾਲਜ ਫਰੀਦਕੋਟ ਵਿੱਚ ਚੇਅਰਮੈਨ ਇੰਦਰਜੀਤ ਸਿੰਘ ਖਾਲਸਾ ਦੀ ਰਹਿਨੁਮਾਈ ਅਤੇ ਪ੍ਰਿੰਸੀਪਲ ਪੰਕਜ ਕੁਮਾਰ ਗਰਗ ਦੀ ਅਗਵਾਈ ਹੇਠ ਸਾਲ 2023 ਦਾ ਕਰੀਮੀਨਲ ਮੂਟ ਕੋਰਟ ਕੰਪਿਟੀਸ਼ਨ ਕਰਵਾਇਆ ਗਿਆ। ਇਸ ਕੰਪੀਟੀਸ਼ਨ 'ਚ ਕਾਲਜ ਦੇ ਬੀ.ਏ.ਐਲ.ਐਲ.ਬੀ, ਭਾਗ ਚੌਥਾ ਅਤੇ ਪੰਜਵਾਂ ਦੀਆਂ 2 ਟੀਮਾਂ ਨੇ ਭਾਗ ਲਿਆ। ਫਾਈਨਲ ਰਾਊਂਡ 'ਚ ਪ੍ਰਿੰਸੀਪਲ ਪੰਕਜ ਕੁਮਾਰ ਗਰਗ ਅਤੇ ਅਜੀਤਪਾਲ ਸਿੰਘ (ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸੈਕਰੇਟਰੀ ਲੀਗਲ ਸਰਵਿਸ ਅਥਾਰਟੀ) ਨੇ ਜੱਜ ਵਜੋਂ ਸੁਣਿਆ। ਇਹ ਮੂਟ ਕੰਪੀਟੀਸ਼ਨ ਫੌਜਦਾਰੀ ਕਾਨੂੰਨ ਦੇ ਨਾਲ ਸੰਬੰਧਤ ਸੀ। ਇਸ ਵਿੱਚ ਮੁਸਕਾਨ ਮਿੱਤਲ, ਨਵਦੀਪ ਕੌਰ, ਹਰਕਿਰਨ ਕੌਰ ਦੀ ਟੀਮ ਵਿਜੇਤਾ ਰਹੀ ਅਤੇ ਕੋਮਲਪ੍ਰੀਤ ਕੌਰ, ਹਰਮਨਦੀਪ ਕੌਰ, ਨਿਕਿਤਾ ਰਾਣੀ ਦੀ ਟੀਮ ਦੂਜੇ ਸਥਾਨ 'ਤੇ ਰਹੀ। ਕੋਮਲਪ੍ਰੀਤ ਕੌਰ ਨੂੰ ਬੈਸਟ ਸਪੀਕਰ ਚੁਣਿਆ ਗਿਆ। ਅਜੀਤਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਉਤਸ਼ਾਹਤ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਕੰਪੀਟੀਸ਼ਨਾਂ 'ਚ ਵਿਦਿਆਰਥੀਆਂ ਨੂੰ ਹਿੱਸਾ ਲੈਣਾ ਚਾਹੀਦਾ ਹੈ। ਪ੍ਰਿੰਸੀਪਲ ਪੰਕਜ ਕੁਮਾਰ ਗਰਗ ਨੇ ਵਿਦਿਆਰਥੀਆਂ ਦੀ ਹੌਸਲਾ-ਅਫਜ਼ਾਈ ਕੀਤੀ ਅਤੇ ਜ਼ਿੰਦਗੀ 'ਚ ਕਾਮਯਾਬੀ ਹਾਸਲ ਕਰਨ ਲਈ ਮਿਹਨਤ ਅਤੇ ਦ੍ਰਿੜ੍ਹਤਾ ਨਾਲ ਪੜ੍ਹਨ ਦੀ ਸਿੱਖਿਆ ਦਿੱਤੀ। ਇਸ ਉਪਰੰਤ ਕਾਲਜ ਦੇ ਡਾ. ਨਵਜੋਤ ਕੌਰ (ਇੰਚਾਰਜ ਅਕੈਡਮਿਕ) ਨੇ ਕਿਹਾ ਕਿ ਅਸੀਂ ਸਲਾਨਾ ਮੂਟ ਕੰਪੀਟੀਸ਼ਨ ਕਰਵਾ ਰਹੇ ਹਾਂ। ਅੰਤ 'ਚ ਅਸਿਸਟੈਂਟ ਪ੍ਰੋਫੈਸਰ ਪੰਕਜ (ਮੂਟ ਇੰਚਾਰਜ) ਨੇ ਵਿਦਿਆਰਥੀਆਂ ਦੀ ਸ਼ਲਾਘਾ ਕਰਨ ਦੇ ਨਾਲ ਕਾਲਜ 'ਚ ਮੂਟ ਸੰਬੰਧੀ ਕੰਪੀਟੀਸ਼ਨ ਕਰਵਾਉਣ ਲਈ ਕਾਲਜ ਅਥਾਰਟੀ ਦਾ ਧੰਨਵਾਦ ਕੀਤਾ। ਇਸ ਸਮੇਂ ਅਸਿਸਟੈਂਟ ਪ੍ਰੋਫੈਸਰ ਮਨਪ੍ਰੀਤ ਕੌਰ ਵੀ ਹਾਜ਼ਰ ਰਹੇ।

26-AUG-PAGE-7.qxd add.qxd 8/25/2023 11:04 PM Page 1



# ਡਰੋਨ ਤੇ 3 ਕਿਲੋ 200 ਗ੍ਰਾਮ ਹੈਰੋਇਨ ਬਰਾਮਦ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਭਗਵੰਤ ਮਾਨ ਵੱਲੋਂ ਨਸ਼ਿਆਂ ਦੇ ਖਿਲਾਫ ਵਿੱਢੀ ਮੁਹਿੰਮ ਨੂੰ ਉਸ ਵੇਲੇ ਬਹੁਤ ਵੱਡਾ ਬਲ ਮਿਲਿਆ, ਜਦ ਭੁਪਿੰਦਰ ਸਿੰਘ ਏਆਈਜੀ ਐੱਸਟੀਐੱਫ ਫ਼ਿਰੋਜ਼ਪੁਰ ਰੇਂਜ ਨੂੰ ਇਤਲਾਹ ਮਿਲੀ ਕਿ ਭਾਰਤ-ਪਾਕਿਸਤਾਨ ਸਰਹੱਦ ਪਰ ਹੁਸੈਨੀਵਾਲਾ ਬਾਰਡਰ, ਪਰ ਡਰੋਨ ਰਾਹੀਂ ਹੈਰੋਇਨ ਡਰੋਪ ਹੋਣੀ ਹੈ, ਜੋ ਏਆਈਜੀ ਦੀ ਇਤਲਾਹ ਤੇ ਹਦਾਇਤ ਮੁਤਾਬਕ ਰਾਜਬੀਰ ਸਿੰਘ, ਪੀਪੀਐੱਸ. ਉਪ ਕਪਤਾਨ ਪੁਲਿਸ, ਐੱਸਟੀਐੱਫ ਫ਼ਿਰੋਜ਼ਪੁਰ ਰੇਂਜ ਦੀ ਅਗਵਾਈ ਵਿੱਚ ਏਐੱਸਆਈ ਸਤਪਾਲ ਸਮੇਤ ਪੁਲਸ ਪਾਰਟੀ ਦੇ ਏਆਈਜੀ ਐੱਸਟੀਐੱਫ ਫ਼ਿਰੋਜ਼ਪੁਰ ਰੇਂਜ ਦੀ ਸੁਪਰਵੀਜਨ ਹੇਠ ਆਰਮੀ ਤੇ ਬੀਐੱਸਐੱਫ ਨਾਲ ਸਾਂਝਾ ਅਪ੍ਰੇਸ਼ਨ ਚਲਾਇਆ ਗਿਆ। ਜੋ ਦੌਰਾਨੇ ਅਪ੍ਰੇਸ਼ਨ ਆਰਮੀ ਦੇ ਜਵਾਨਾਂ ਵੱਲੋਂ ਇੱਕ ਡਰੋਨ ਤੇ ਇੱਕ ਸੰਤਰੀ ਰੰਗ ਦਾ ਬੈਗ ਮਮੂਲਾ ਹੈਰੋਇਨ ਹੁਸੈਨੀਵਾਲਾ ਬਾਰਡਰ ਪਿੰਡ ਹਜਾਰਾ ਸਿੰਘ ਵਾਲਾ ਦੇ ਏਰੀਆ ਵਿੱਚ ਕੰਡਿਆਲੀ ਤਾਰ ਤੋਂ ਕਰੀਬ 700/800 ਮੀਟਰ ਭਾਰਤ ਵਾਲੀ ਸਾਈਡ ਵਿੱਚੋਂ ਬਰਾਮਦ ਕੀਤਾ ਗਿਆ ਹੈ। ਬਰਾਮਦ ਡਰੋਨ ਅਤੇ ਸੰਤਰੀ ਰੰਗ ਦਾ ਬੈਗ ਮਮੂਲਾ ਹੈਰੋਇਨ ਨੂੰ ਆਰਮੀ ਵੱਲੋਂ ਆਪਣੀ ਕਾਰਵਾਈ ਕਰਨ ਉਪਰੰਤ ਐਸਟੀਐੱਫ ਫ਼ਿਰੋਜ਼ਪੁਰ ਰੇਂਜ ਦੇ ਹਵਾਲੇ ਕੀਤਾ।ਬੈਗ ਵਿੱਚੋਂ 3 ਕਿਲੋ 200 ਗ੍ਰਾਮ ਹੈਰੋਇਨ ਬ੍ਰਾਮਦ ਹੋਈ।ਡਰੋਨ ਨੂੰ ਆਰਮੀ ਨੇ ਆਪਣੇ ਕਬਜ਼ੇ ਵਿੱਚ ਰੱਖ ਲਿਆ।ਇਸ ਬਰਾਮਦਗੀ ਸਬੰਧੀ ਮੁਕੱਦਮਾ ਨੰਬਰ 259 ਮਿਤੀ 23-08-2023 ਅ/ਧ 21 (ਸੀ) ਐੱਨਡੀਪੀਐੱਸ ਐਕਟ ਥਾਣਾ ਐੱਸਟੀਐੱਫ ਐਸਏਐੱਸ ਨਗਰ ਦਰਜ ਰਜਿਸਟਰ ਕੀਤਾ ਗਿਆ ਹੈ।ਮੁਕੱਦਮੇ ਦੀ ਤਫ਼ਤੀਸ਼ ਜਾਰੀ ਹੈ। ਪਾਕਿਸਤਾਨ ਤੋਂ ਹੈਰੋਇਨ ਮੰਗਵਾਉਣ ਵਾਲੇ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ।

## ਜਲ ਸਪਲਾਈ ਵਿਭਾਗ ਦੇ ਮੁਲਾਜ਼ਮਾਂ ਵੱਲੋਂ ਮੈਨੇਜਮੈਂਟ ਖਿਲਾਫ਼ ਸੰਘਰਸ਼ ਦਾ ਐਲਾਨ

**ਸਮਰਾਲਾ (ਸੁਰਜੀਤ ਸਿੰਘ)**-ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ 'ਚ ਲੰਮੇ ਅਰਸੇ ਤੋਂ ਸੇਵਾਵਾਂ ਦੇ ਰਹੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਵਿਭਾਗ 'ਚ ਸ਼ਾਮਲ ਕਰਕੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ ਦੀ ਮੰਗ ਨੂੰ ਲੈ ਕੇ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਮੈਨੇਜਮੈਂਟ ਦੇ ਖਿਲਾਫ਼ ਸੰਘਰਸ਼ਾਂ ਦਾ ਐਲਾਨ ਕੀਤਾ ਗਿਆ ਹੈ। ਜ਼ਿਲ੍ਹਾ ਜਨਰਲ ਸਕੱਤਰ ਰਵਿੰਦਰ ਸਿੰਘ ਮਾਣਕੀ, ਬ੍ਰਾਂਚ ਪ੍ਰਧਾਨ ਕਰਮ ਚੰਦ ਫਰੌਰ, ਪ੍ਰੈੱਸ ਸਕੱਤਰ ਗੁਰਪ੍ਰੀਤ ਸਮਰਾਲਾ ਨੇ ਦੱਸਿਆ ਕਿ ਸੂਬਾ ਕਮੇਟੀ ਵੱਲੋਂ ਪੰਜਾਬ ਸਰਕਾਰ ਦੀ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ-ਕਮ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਰਿਹਾਇਸ਼ ਅੱਗੇ ਸੰਗਰੂਰ ਵਿਖੇ 4 ਸਤੰਬਰ ਨੂੰ ਪਰਿਵਾਰਾਂ ਅਤੇ ਬੱਚਿਆਂ ਸਮੇਤ ਸੂਬਾ ਪੱਧਰੀ ਧਰਨਾ ਦੇਣ ਦਾ ਐਲਾਨ ਕੀਤਾ ਗਿਆ ਹੈ। ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ 28 ਅਗਸਤ ਨੂੰ ਪੰਜਾਬ ਭਰ 'ਚ ਜ਼ਿਲ੍ਹਾ ਪੱਧਰੀ ਪਰਵਾਰਾਂ ਅਤੇ ਬੱਚਿਆਂ ਸਮੇਤ ਕੈਬਨਿਟ ਮੰਤਰੀਆਂ ਤੇ ਡਿਪਟੀ ਕਮਿਸ਼ਨਰਾਂ ਦੇ ਦਫ਼ਤਰਾਂ ਅੱਗੇ ਰੋਹ ਭਰਪੂਰ ਮਾਰਚ ਪ੍ਰਦਰਸ਼ਨ ਕੀਤੇ ਜਾਣਗੇ। ਇਸ ਦੌਰਾਨ ਮੰਗ ਕੀਤੀ ਜਾਵੇਗੀ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਵਿਚ ਪਿਛਲੇ ਲੰਮੇ ਸਮੇਂ ਤੋਂ ਕੰਮ ਕਰ ਰਹੇ ਇਨਲਿਸਟਮੈਂਟ/ ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਤਜਰਬੇ ਨੂੰ ਮੁੱਖ ਰੱਖ ਕੇ ਵਿਭਾਗ 'ਚ ਸ਼ਾਮਲ ਕਰਕੇ ਰੁਜ਼ਗਾਰ ਪੱਕਾ ਕੀਤਾ ਜਾਵੇ। ਜਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਵੱਲੋਂ ਠੇਕਾ ਮੁਲਾਜ਼ਮਾਂ ਦੀਆਂ ਤਨਖਾਹਾਂ ਘਟਾਉਣ ਲਈ ਜਾਰੀ ਕੀਤੇ ਗਏ ਪੱਤਰ ਨੂੰ ਤੁਰੰਤ ਪ੍ਰਭਾਵ ਰੱਦ ਕੀਤਾ ਜਾਵੇ।

# ਹੱਕੀ ਮੰਗਾਂ ਲਈ ਬਿਜਲੀ ਮੰਤਰੀ ਦੇ ਹਲਕੇ 'ਚ ਕੂਚ ਕਰਨਗੇ ਮੁਲਾਜ਼ਮ

**ਬੁਢਲਾਡਾ (ਅਸ਼ੋਕ ਲਾਕੜਾ)**-ਸਰਕਾਰ ਵੱਲੋਂ ਲਗਾਤਾਰ ਲੋਕ ਮਾਰੂ ਨੀਤੀਆਂ ਅਤੇ ਮੁਲਾਜ਼ਮਾਂ ਵਿੱਚ ਫੁੱਟ ਪਾ ਕੇ ਆਪਣੀਆਂ ਨੀਤੀਆਂ ਨੂੰ ਅੱਗੇ ਵਧਾਇਆ ਜਾ ਰਿਹਾ ਹੈ। ਅੱਜ ਟੈਕਨੀਕਲ ਸਰਵਿਸ ਯੂਨੀਅਨ ਵੱਲੋਂ ਮੀਟਿੰਗ ਡਵੀਜ਼ਨ ਆਗੂ ਦੀ ਪ੍ਰਧਾਨਗੀ ਹੇਠ ਹੋਈ । ਜਿਸ ਵਿੱਚ ਸਾਂਝੀਆਂ ਮੰਗਾਂ ਸੰਬੰਧੀ 21 ਸਤੰਬਰ ਨੂੰ ਬਿਜਲੀ ਮੰਤਰੀ ਦੇ ਹਲਕੇ ਵਿੱਚ ਕੂਚ ਕਰਨ ਦਾ ਵੀ ਫੈਸਲਾ ਕੀਤਾ ਗਿਆ। ਇਸ ਮੀਟਿੰਗ ਵਿੱਚ ਸਬ ਡਵੀਜ਼ਨ ਭੀਖੀ, ਬੋਹਾ, ਬਰੇਟਾ ਅਤੇ ਬੁਢਲਾਡਾ ਦੇ ਸਾਥੀ ਸ਼ਾਮਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਆਗੂਆਂ ਨੇ ਕਿਹਾ ਕਿ ਨਵੀਂ ਭਰਤੀ ਕੀਤੀ ਸਹਾਇਕ ਲਾਈਨਮੈਨ 295/19 ਦੇ ਸਾਥੀਆਂ ਨੂੰ ਕੋਰਟ ਕੇਸਾਂ ਵਿੱਚ ਉਲਝਾ ਕੇ ਉਨ੍ਹਾਂ ਨੂੰ ਰੈਗੂਲਰ ਨਾ ਕਰਕੇ ਉਨ੍ਹਾਂ ਨੂੰ ਪੂਰੀਆਂ ਤਨਖ਼ਾਹਾਂ ਨਾ ਦੇ ਕੇ ਉਨ੍ਹਾਂ ਦਾ ਆਰਥਕ ਸ਼ੋਸ਼ਣ ਕੀਤਾ ਜਾ ਰਿਹਾ ਹੈ। ਬਿਜਲੀ ਬੋਰਡ ਅੰਦਰ ਸੰਘਰਸ਼ ਕਰਦੇ ਪਟਿਆਲਾ ਸਰਕਲ ਦੇ ਸਾਥੀਆਂ 'ਤੇ ਪਾਏ ਕੇਸ ਡਿਸਮਿਸਲਾਂ ਅਤੇ ਪੈਨਸ਼ਨ ਕਟੌਤੀ ਦੇ ਮਸਲਿਆਂ ਨੂੰ ਵੀ ਉਸੇ ਤਰ੍ਹਾਂ ਉਲਝਾਇਆ ਹੋਇਆ ਹੈ। ਸਹਾਇਕ ਲਾਈਨਮੈਨਾਂ ਨੂੰ ਤੇ ਬਿਜਲੀ ਬੋਰਡ 'ਚ ਲੰਮੇ ਸਮੇਂ ਤੋਂ ਕੰਮ ਰਹੇ ਕੱਚੇ ਕਾਮਿਆਂ ਨੂੰ ਵੀ ਪੱਕਾ ਨਹੀਂ ਕੀਤਾ ਜਾ ਰਿਹਾ। ਮੀਟਿੰਗ ਵਿੱਚ ਟੈਕਨੀਕਲ ਸਰਵਿਸ ਯੂਨੀਅਨ ਅਤੇ ਪੈਨਸ਼ਨਰ ਐਸੋਸੀਏਸ਼ਨ ਅਜ਼ਾਦ ਦੇ ਸਾਥੀ ਜਗਤਾਰ ਸਿੰਘ ਨੇ ਕਿਹਾ ਕਿ ਸਾਂਝੀਆਂ ਮੰਗਾਂ ਮਨਵਾਉਣ ਲਈ ਸਾਂਝੇ ਸੰਘਰਸ਼ਾਂ ਦੀ ਲੋੜ ਹੈ। ਮੀਟਿੰਗ 'ਚ ਰਮਨ ਕੁਮਾਰ, ਚੰਦਰ ਪ੍ਰਸਾਦ, ਸਤਵਿੰਦਰ ਸਿੰਘ, ਸ਼ਮਸ਼ੇਰ ਸਿੰਘ ਬਰੇਟਾ, ਜਸਪਾਲ ਸਿੰਘ, ਜਸਵੀਰ ਜੱਸੀ, ਸੱਤ ਪਾਲ, ਰਾਮ ਸਿੰਘ, ਗੁਰਪ੍ਰੀਤ ਸਿੰਘ ਆਦਿ ਨੇ ਹਿੱਸਾ ਲਿਆ।



ਬੁਢਲਾਡਾ ਮੀਟਿੰਗ ਸੰਬੰਧੀ ਜਾਣਕਾਰੀ ਦਿੰਦੇ ਹੋਏ ਯੂਨੀਅਨ ਦੇ ਆਗੂ।

## ਸਕੂਲ ਦੀ ਛੱਤ ਡਿੱਗਣ ਨਾਲ ਅਧਿਆਪਕ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਸਮਰਾਲਾ (ਸੁਰਜੀਤ ਸਿੰਘ)**-ਜ਼ਿਲ੍ਹਾ ਲੁਧਿਆਣਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੱਦੋਵਾਲ ਸਕੂਲ ਆਫ਼ ਐਮੀਨੈਂਸ ਦੀ ਇਮਾਰਤ ਦੀ ਛੱਤ ਡਿੱਗਣ ਨਾਲ ਇੱਕ ਅਧਿਆਪਕਾ ਦੀ ਮੌਤ ਹੋ ਗਈ ਹੈ ਤੇ ਦੋ ਹੋਰ ਅਧਿਆਪਕ ਗੰਭੀਰ ਜ਼ਖ਼ਮੀ ਹੋ ਗਏ ਹਨ। ਡੈਮੋਕ੍ਰੈਟਿਕ ਟੀਚਰਜ ਫਰੰਟ ਲੁਧਿਆਣਾ ਪੰਜਾਬ ਵੱਲੋਂ ਵਾਪਰੀ ਇਸ ਦੁਰਘਟਨਾ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਇਸ ਘਟਨਾ 'ਚ ਵਿਛੋੜਾ ਦੇ ਗਈ ਅਧਿਆਪਕਾ ਰਵਿੰਦਰ ਕੌਰ ਸਸ ਮਿਸਟ੍ਰੈਸ ਦੇ ਪਰਵਾਰ ਨਾਲ ਆਪਣੀ ਹਮਦਰਦੀ ਪ੍ਰਗਟ ਕੀਤੀ ਹੈ। ਜਥੇਬੰਦੀ ਦੀ ਜ਼ਿਲ੍ਹਾ ਪ੍ਰਧਾਨ ਦਲਜੀਤ ਸਿੰਘ ਸਮਰਾਲਾ ਤੇ ਜਨਰਲ ਸਕੱਤਰ ਹਰਜੀਤ ਸਿੰਘ ਸੁਧਾਰ ਨੇ ਕਿਹਾ ਕਿ ਇਸ ਮੰਦਭਾਗੀ ਘਟਨਾ ਪਿੱਛੇ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਤੇ ਸਿੱਖਿਆ ਵਿਭਾਗ ਦੇ ਨਾਕਸ-ਪ੍ਰਬੰਧਾਂ ਨੂੰ ਕਸੂਰਵਾਰ ਠਹਿਰਾਉਂਦਿਆਂ ਕਿਹਾ ਕਿ ਪਿਛਲੀਆਂ ਸਰਕਾਰਾਂ ਸਮੇਤ ਮੌਜੂਦਾ ਸਰਕਾਰ ਵੱਲੋਂ ਵੀ ਨਾਕਾਮ ਪ੍ਰਬੰਧਾਂ ਨੂੰ ਛੁਪਾ ਕੇ ਖਸਤਾ ਹਾਲਤ ਇਮਾਰਤਾਂ ਤੇ ਰੰਗ ਰੋਗਨ ਕਰਾ ਕੇ ਸਮਾਰਟ ਸਕੂਲ/ਸਕੂਲ ਆਫ਼ ਐਮੀਨੈਂਸ ਦੇ ਬੋਰਡ ਟੰਗਣ ਦੀ ਨੀਤੀ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ।

ਜਥੇਬੰਦੀ ਦੇ ਆਗੂਆਂ ਦਵਿੰਦਰ ਸਿੰਘ ਸਿੱਧੂ, ਗੁਰਪ੍ਰੀਤ ਖੰਨਾ, ਗੁਰਦੀਪ ਸਿੰਘ ਹੇਰਾਂ, ਹੁਸ਼ਿਆਰ ਸਿੰਘ ਮਾਛੀਵਾੜਾ, ਗੁਰਬਚਨ ਸਿੰਘ ਖੰਨਾ ਵੱਲੋਂ ਜ਼ੋਰਦਾਰ ਮੰਗ ਕੀਤੀ ਗਈ ਹੈ ਕਿ ਸਮੂਹ ਸਕੂਲਾਂ ਦੀਆਂ ਇਮਾਰਤ ਤੇ ਸਮੁੱਚੇ ਰੱਖ ਰਖਾਵ ਦੇ ਪ੍ਰਬੰਧਾਂ ਦੀ ਤੁਰੰਤ ਚੈਕਿੰਗ ਕਰਾ ਕੇ ਲੋੜਵੰਦ ਸਕੂਲਾਂ ਨੂੰ ਮੁਰੰਮਤ ਤੇ ਉਸਾਰੀ ਲਈ ਫੰਡ ਜਾਰੀ ਕੀਤੇ ਜਾਣ ਤਾਂ ਜੁ ਭਵਿੱਖ ਅੰਦਰ ਅਜਿਹੀ ਦੁਖਦਾਈ ਘਟਨਾ ਦੁਬਾਰਾ ਨਾ ਵਾਪਰੇ।

## ਕਾਤਰਾਂ

### ਲੋਕ ਅਦਾਲਤ 'ਚ ਮਾਲ ਵਿਭਾਗ ਨਾਲ ਕੇਸਾਂ ਦਾ ਮੌਕੇ 'ਤੇ ਹੋਵੇਗਾ ਨਿਪਟਾਰਾ : ਈਸ਼ਾ ਸਿੰਗਲ

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਪੱਧਰ ਦੀਆਂ ਸਿਵਲ ਅਦਾਲਤਾਂ 'ਚ 9 ਸਤਬਰ ਨੂੰ ਨੈਸ਼ਨਲ ਲੋਕ ਅਦਾਲਤ ਨਿਸਚਤ ਕੀਤੀ ਗਈ ਹੈ, ਜਿਸ ਵਿੱਚ ਮਾਲ ਵਿਭਾਗ ਨਾਲ ਸੰਬੰਧਤ ਕੇਸਾਂ ਦਾ ਨਿਪਟਾਰਾ ਕੀਤਾ ਜਾਣਾ ਹੈ। ਇਸ ਲਈ ਵੱਧ ਤੋਂ ਵੱਧ ਲੋਕ ਇਸ ਦਾ ਲਾਹਾ ਲੈਣ ਤਾਂ ਜੋ ਵੱਧ ਤੋਂ ਵੱਧ ਲੋਕਾਂ ਦੇ ਮਾਲ ਵਿਭਾਗ ਨਾਲ ਸੰਬੰਧਤ ਕੇਸਾਂ ਦਾ ਮੌਕੇ 'ਤੇ ਨਿਪਟਾਰਾ ਕੀਤਾ ਜਾ ਸਕੇ। ਇਹ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ ਈਸ਼ਾ ਸਿੰਗਲ ਨੇ ਦੱਸਿਆ ਕਿ ਵੱਖੋ ਵੱਖ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਆਪਣੇ ਅਧੀਨ ਆਉਂਦੇ ਪਿੰਡਾਂ ਵਿੱਚ ਅਨਾਊਂਸਮੈਂਟਸ ਕਰਵਾਉਣ ਅਤੇ ਹਰ ਸੰਭਵ ਢੰਗ ਨਾਲ ਪ੍ਰਚਾਰ ਕਰਵਾ ਕੇ ਲੋਕਾਂ ਨੂੰ ਇਸ ਲੋਕ ਅਦਾਲਤ ਦਾ ਲਾਹਾ ਲੈਣ ਲਈ ਪ੍ਰੇਰਿਤ ਕਰਨ। ਸ਼ਹਿਰਾਂ ਵਿਚ ਸਾਰੇ ਕਾਰਜਸਾਧਕ ਅਫਸਰ ਵਾਰਡਾਂ ਵਿਚ ਇਹ ਯਕੀਨੀ ਬਣਾਉਣ ਕਿ ਇਸ ਲੋਕ ਅਦਾਲਤ ਸੰਬੰਧੀ ਵੱਧ ਤੋਂ ਵੱਧ ਲੋਕ ਜਾਗਰੂਕ ਹੋਣ। ਇਸ ਸੰਬੰਧੀ ਸਕੱਤਰ, ਜ਼ਿਲ੍ਹਾ ਲੀਗਲ ਸਰਵਿਸਜ਼ ਅਥਾਰਟੀ ਨਾਲ ਵੀ ਤਾਲਮੇਲ ਕੀਤਾ ਜਾਵੇ। ਵਧੀਕ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਕਿਹਾ ਕਿ ਲੋਕਾਂ ਨੂੰ ਜਾਗਰੂਕ ਕਰਨ ਦਾ ਕਾਰਜ ਪੂਰੀ ਮਿਹਨਤ ਨਾਲ ਕੀਤਾ ਜਾਵੇ ਤਾਂ ਜੋ ਵੱਧ ਤੋਂ ਵੱਧ ਲੋਕਾਂ ਦੇ ਇਸ ਲੋਕ ਅਦਾਲਤ ਵਿਚ ਮਾਲ ਵਿਭਾਗ ਨਾਲ ਸੰਬੰਧਤ ਕੇਸਾਂ ਦਾ ਮੌਕੇ ''ਤੇ ਨਿਪਟਾਰਾ ਕੀਤਾ ਜਾ ਸਕੇ।

### ਚੇਨੀ ਖੋਹ ਕੇ ਭੱਜ ਰਹੇ ਝਪਟਮਾਰ ਲੋਕਾਂ ਨੇ ਕਾਬੂ ਕਰਕੇ ਕੀਤੇ ਪੁਲਸ ਹਵਾਲੇ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ ਵਿਖੇ ਇੱਕ ਵਿਅਕਤੀ ਦੀ ਚੇਨੀ ਖੋਹ ਕੇ ਭੱਜ ਰਹੇ ਦੋ ਮੋਟਰਸਾਈਕਲ ਸਵਾਰ ਨੌਜਵਾਨਾਂ ਨੂੰ ਰਾਹਗੀਰਾਂ ਵੱਲੋਂ ਕਾਬੂ ਕਰਕੇ ਪੁਲਸ ਹਵਾਲੇ ਕੀਤੇ ਜਾਣ ਦਾ ਸਮਾਚਾਰ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਵਿੰਦਰ ਸਿੰਘ ਵਾਸੀ ਪਿੰਡ ਮਾਧੋਪੁਰ ਨੇ ਦੱਸਿਆ ਕਿ ਉਹ ਰਾਤ ਕਰੀਬ ਸਾਢੇ ਕੁ ਅੱਠ ਵਜੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਕੰਮ ਤੋਂ ਆਪਣੇ ਘਰ ਨੂੰ ਜਾ ਰਿਹਾ ਸੀ ਤਾਂ ਸਰਹਿੰਦ ਜੀ.ਟੀ. ਰੋਡ 'ਤੇ ਯਾਦਵ ਢਾਬੇ ਤੋਂ ਥੋੜ੍ਹਾ ਅੱਗੇ ਪਹੁੰਚਣ 'ਤੇ ਮੋਟਰਸਾਈਕਲ 'ਤੇ ਆਏ ਦੋ ਵਿਅਕਤੀਆਂ 'ਚੋਂ ਪਿੱਛੇ ਬੈਠੇ ਵਿਅਕਤੀ ਨੇ ਉਸ ਦੇ ਗਲ਼ 'ਚ ਪਾਈ ਚਾਂਦੀ ਦੀ ਚੇਨੀ ਝਪਟ ਲਈ, ਜਿਸ 'ਤੇ ਉਸ ਨੇ ਰੌਲਾ ਪਾ ਦਿੱਤਾ ਤੇ ਸੰਤੁਲਨ ਵਿਗੜਨ ਕਾਰਨ ਉਕਤ ਦੋਵੇਂ ਵਿਅਕਤੀ ਮੋਟਰਸਾਈਕਲ ਤੋਂ ਹੇਠਾਂ ਡਿੱਗ ਪਏ, ਜਿਨ੍ਹਾਂ ਨੂੰ ਇਕੱਠੇ ਹੋਏ ਰਾਹਗੀਰਾਂ ਨੇ ਕਾਬੂ ਕਰਕੇ ਪੁਲਸ ਹਵਾਲੇ ਕਰ ਦਿੱਤਾ, ਜਿਨ੍ਹਾਂ ਦੀ ਪਛਾਣ ਅਜੈ ਅਤੇ ਗੌਰਵ ਵਾਸੀਆਨ ਰਾਜਪੁਰਾ ਵਜੋਂ ਹੋਈ। ਥਾਣਾ ਸਰਹਿੰਦ ਦੀ ਪੁਲਿਸ ਵੱਲੋਂ ਅਜੈ ਤੇ ਗੌਰਵ ਨੂੰ ਅ/ਧ 379ਬੀ ਆਈ.ਪੀ.ਸੀ. ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ।

## ਯੂਥ ਕਲੱਬਾਂ ਦੇ ਮੈਂਬਰਾਂ ਲਈ ਲਵਾਏ ਜਾਣਗੇ 10 ਰੋਜ਼ਾ ਅੰਤਰਰਾਜੀ ਟੂਰ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਯੁਵਕ ਸੇਵਾਵਾਂ ਵਿਭਾਗ ਪੰਜਾਬ ਵੱਲੋਂ ਆਉਣ ਵਾਲੇ ਸਮੇਂ ਦੌਰਾਨ ਯੂਥ ਕਲੱਬਾਂ ਦੇ ਮੈਂਬਰਾਂ ਲਈ 10 ਰੋਜ਼ਾ ਅੰਤਰਰਾਜੀ ਟੂਰ ਤੇ ਹਾਈਕਿੰਗ ਟ੍ਰੈਕਿੰਗ ਕੈਂਪ ਲਵਾਏ ਜਾ ਰਹੇ ਹਨ।ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਪ੍ਰੀਤ ਕੋਹਲੀ ਨੇ ਦਿੱਤੀ।ਪ੍ਰੀਤ ਕੋਹਲੀ ਨੇ ਦੱਸਿਆ ਕਿ ਵਿਭਾਗ ਵੱਲੋਂ ਨੌਜਵਾਨਾਂ ਦੀ ਬਿਹਤਰੀ ਲਈ ਵੱਖ-ਵੱਖ ਪ੍ਰੋਗਰਾਮ ਕਰਾਏ ਜਾਂਦੇ ਹਨ, ਜਿਨ੍ਹਾਂ ਵਿੱਚ ਯੂਥ ਲੀਡਰਸ਼ਿਪ ਟ੍ਰੇਨਿੰਗ ਕੈਂਪ, ਹਾਈਕਿੰਗ ਟ੍ਰੇਨਿੰਗ ਕੈਂਪ ਤੇ ਇੰਟਰ-ਸਟੇਟ ਟੂਰ ਸ਼ਾਮਲ ਹਨ।ਉਨ੍ਹਾਂ ਦੱਸਿਆ ਕਿ ਸਤੰਬਰ-ਅਕਤੂਬਰ ਵਿੱਚ ਜ਼ਿਲ੍ਹਾ ਫ਼ਿਰੋਜ਼ਪੁਰ ਵੱਲੋਂ 24 ਯੁਵਕ ਸਮੇਤ ਸਟਾਫ਼ ਅੰਤਰਰਾਜੀ ਟੂਰ ਤੇ 10 ਯੁਵਕ ਹਾਈਕਿੰਗ ਟ੍ਰੇਨਿੰਗ ਕੈਂਪ ਲਈ ਭੇਜੇ ਜਾਣੇ ਹਨ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਫ਼ਿਰੋਜ਼ਪੁਰ ਨਾਲ ਸਬੰਧਤ ਯੁਵਕਾਂ ਦੀ ਉਮਰ 18 ਤੋਂ 35 ਵਿਚਕਾਰ ਹੋਣੀ ਚਾਹੀਦੀ ਹੈ ਅਤੇ ਯੂਥ ਕਲੱਬ, ਵਿਭਾਗ ਨਾਲ ਐਫੀਲੀਏਟਡ ਹੋਣਾ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਇਕ ਕਲੱਬ ਵਿੱਚੋਂ 3 ਤੋਂ ਵੱਧ ਯੁਵਕ ਨਹੀਂ ਜਾ ਸਕਣਗੇ ਤੇ ਭਾਗੀਦਾਰ ਵੱਲੋਂ ਪਹਿਲਾਂ ਵਿਭਾਗ ਦਾ ਕੋਈ ਟੂਰ ਨਾ ਲਾਇਆ ਗਿਆ ਹੋਵੇ।

# ਸੀਨੀਅਰ ਨੈਸ਼ਨਲ ਹੈਂਡਬਾਲ ਚੈਂਪੀਅਨਸ਼ਿਪ 'ਚ ਤੂਤ ਦੀ ਸੁਖਪ੍ਰੀਤ ਸੁੱਖੀ ਨੇ ਜਿੱਤਿਆ ਗੋਲਡ ਮੈਡਲ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਜੈਸਲਮੇਲ ਰਾਜਸਥਾਨ ਵਿੱਚ ਸੀਨੀਅਰ ਨੈਸ਼ਨਲ ਹੈਂਡਬਾਲ ਚੈਂਪੀਅਨਸ਼ਿਪ ਵਿੱਚ ਤੂਤ ਦੀ ਹੋਣਹਾਰ ਖਿਡਾਰਣ ਸੁਖਪ੍ਰੀਤ ਸੁੱਖੀ ਦੀ ਵਧੀਆ ਖੇਡ ਸਦਕਾ ਪੰਜਾਬ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਪੰਜਾਬ ਨੇ ਸੈਮੀਫਾਈਨਲ ਵਿਚ ਉੱਤਰ ਪ੍ਰਦੇਸ਼ ਨੂੰ 30-15 ਤੇ ਫਾਈਨਲ ਵਿੱਚ ਰਾਜਸਥਾਨ ਆਰਮੀ ਦੀ ਐੱਸਐੱਸਬੀ ਟੀਮ ਨੂੰ 32-36 ਨਾਲ ਹਰਾਇਆ। ਖਿਡਾਰਣ ਦੇ ਪਿੰਡ ਪਹੁੰਚਣ ਤੇ ਪਿੰਡ ਦੇ ਸਰਪੰਚ ਰਵਿੰਦਰ ਸਿੰਘ ਤੇ ਸਮੂਹ ਮੈਂਬਰ, ਸਕੂਲ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਜਗਸੀਰ ਸਿੰਘ ਸੀਰਾ, ਗੁਰਮੀਤ ਸਿੰਘ, ਹਵਲਦਾਰ ਅਵਤਾਰ ਸਿੰਘ, ਜਗਦੇਵ ਸਿੰਘ, ਲਖਵਿੰਦਰ ਸਿੰਘ ਲੱਖਾ, ਮਿਹਰ ਸਿੰਘ, ਭੁਪਿੰਦਰ ਸਿੰਘ ਅਤੇ ਜ਼ਿਲ੍ਹਾ ਹੈਂਡਬਾਲ ਐਸੋਸੀਏਸ਼ਨ ਦੇ ਪ੍ਰਧਾਨ ਰਾਜਪਾਲ ਸਿੰਘ, ਕੋਚ ਗੁਰਜੀਤ ਸਿੰਘ, ਹਰਪ੍ਰੀਤ ਸਿੰਘ, ਚਮਕੌਰ ਸਿੰਘ, ਰਮਨਦੀਪ ਸਿੰਘ ਅਰਮਾਨਪੁਰਾ ਵੱਲੋਂ ਭਰਵਾ ਸਵਾਗਤ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਹੈਂਡਬਾਲ ਐਸੋਸੀਏਸ਼ਨ ਵੱਲੋਂ ਅੰਡਰ-14, 17 ਦੇ ਲੜਕੇ ਤੇ ਲੜਕੀਆਂ ਦੇ ਦੋਸਤਾਨਾ ਮੈਚ ਤੂਤ ਅਤੇ ਨੱਥੇਸ਼ਾਹ ਵਾਲੀ ਪਿੰਡ ਵਿਚਕਾਰ ਕਰਾਏ ਗਏ। ਖਿਡਾਰਣ ਸੁਖਪ੍ਰੀਤ ਕੌਰ ਨੇ ਆਪਣੀ ਇਸ ਜਿੱਤ ਲਈ ਆਪਣੇ ਬਹੁਤ ਹੀ ਮਿਹਨਤੀ ਕੋਚਾਂ ਜਸਵੀਰ ਸਿੰਘ ਸਟੇਟ ਐਵਾਰਡੀ, ਜਗਮੀਤ ਸਿੰਘ ਜ਼ਿਲ੍ਹਾ ਹੈਂਡਬਾਲ ਕੋਚ, ਗੁਰਪ੍ਰੀਤ ਸਿੰਘ ਡੀਪੀਈ ਦਾ ਵਿਸ਼ੇਸ਼ ਧੰਨਵਾਦ ਕੀਤਾ। ਖਿਡਾਰਣ ਨੇ ਦੱਸਿਆ ਕਿ ਕੋਚਾਂ ਦੀ ਦਿਨ ਰਾਤ ਦੀ ਮਿਹਨਤ ਸਦਕਾ ਹੀ ਉਹ ਇਸ ਮੁਕਾਮ 'ਤੇ ਪਹੁੰਚੀ ਹੈ। ਫ਼ਿਰੋਜ਼ਪੁਰ ਦਿਹਾਤੀ ਦੇ ਵਿਧਾਇਕ ਐਡਵੋਕੇਟ ਰਜ਼ਨੀਸ਼ ਦਹੀਆ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਚਮਕੌਰ ਸਿੰਘ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਪ੍ਰਗਟ ਸਿੰਘ ਬਰਾੜ ਵੱਲੋਂ ਫੋਨ ਸੰਦੇਸ਼ਾਂ ਰਾਹੀਂ ਸਕੂਲ ਮੁਖੀ ਮਨਦੀਪ ਕੌਰ, ਖਿਡਾਰਣ ਸੁਖਪ੍ਰੀਤ ਕੌਰ, ਕੋਚ ਜਸਵੀਰ ਸਿੰਘ, ਜਗਮੀਤ ਸਿੰਘ, ਗੁਰਪ੍ਰੀਤ ਸਿੰਘ, ਮਲਕੀਤ ਸਿੰਘ ਤੇ ਸਮੂਹ ਸਟਾਫ ਮੈਂਬਰ ਜਸਪਾਲ ਕੌਰ, ਸੁਖਪ੍ਰੀਤ ਕੌਰ, ਸੁਖਜੀਤ ਕੌਰ, ਗੀਤੂ, ਪੂਜਾ, ਮੀਨੂੰ ਮਲਹੋਤਰਾ, ਵੀਰਪਾਲ ਕੌਰ, ਸੁਖਜੀਤ ਕੌਰ, ਚਰਨਜੀਤ ਕੌਰ, ਮਲਕੀਤ ਸਿੰਘ ਤੇ ਦਿਨੇਸ਼ ਚੌਹਾਨ ਨੂੰ ਵਧਾਈ ਦਿੱਤੀ ਗਈ।

# ਅੱਜ ਦੇ ਪ੍ਰਦਰਸ਼ਨ 'ਚ ਵੱਡੀ ਗਿਣਤੀ 'ਚ ਮੁਲਾਜ਼ਮ ਹੋਣਗੇ ਸ਼ਾਮਲ

**ਲਹਿਰਾਗਾਗਾ (ਪੱਤਰ ਪ੍ਰੇਰਕ)**-ਪੀ ਡਬਲਿਊ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ ਦੀ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ 26 ਅਗਸਤ ਨੂੰ ਜਲ ਸਪਲਾਈ ਸੈਨੀਟੇਸ਼ਨ ਮੰਤਰੀ ਦੇ ਹਲਕੇ ਵਿੱਚ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਵਿੱਚ ਲਹਿਰਾ-ਮੂਣਕ ਸਮੇਤ ਸੰਗਰੂਰ ਜ਼ਿਲ੍ਹੇ ਵਿੱਚੋਂ ਫੀਲਡ ਮੁਲਾਜ਼ਮ ਵੱਡੀ ਗਿਣਤੀ 'ਚ ਸ਼ਾਮਲ ਹੋਣਗੇ। ਰੋਸ ਪ੍ਰਦਰਸ਼ਨ ਦੀ ਤਿਆਰੀ ਸਬੰਧੀ ਬਾਬਾ ਹੀਰਾ ਸਿੰਘ ਭੱਠਲ ਕਾਲਜ ਵਿੱਚ ਹੋਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਆਗੂਆਂ ਸ਼੍ਰੀ ਦਰਸ਼ਨ ਚੀਮਾ, ਮਾਲਵਿੰਦਰ ਸਿੰਘ ਸੰਧੂ ਨੇ ਕਿਹਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਿੱਚ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਹਨ। ਕੈਬਨਿਟ ਮੰਤਰੀ ਤੇ ਵਿਭਾਗੀ ਮੁਖੀ ਵੱਲੋਂ ਮੀਟਿੰਗਾਂ ਵਿੱਚ ਦਿੱਤੇ ਭਰੋਸਿਆਂ ਦੇ ਬਾਵਜੂਦ ਮੁਲਾਜ਼ਮਾਂ ਦੇ ਮਸਲੇ ਹੱਲ ਨਹੀਂ ਕੀਤੇ ਜਾ ਰਹੇ ਹਨ। ਮਹਿਕਮੇ ਵਿੱਚ ਦਰਜਾ ਚਾਰ ਵਿੱਚੋਂ ਦਰਜਾ ਤਿੰਨ ਲਈ ਪ੍ਰਮੋਸ਼ਨ ਦੇਣ ਵਾਸਤੇ ਜੋ ਪੇਪਰ ਲਿਆ ਗਿਆ ਹੈ, ਉਸ ਦੀ ਸੱਠ ਫ਼ੀਸਦੀ ਪਾਸ ਦੀ ਸ਼ਰਤ ਜੋ ਰੱਖੀ ਗਈ ਹੈ, ਉਸ ਦੀ ਜਥੇਬੰਦੀ ਨੇ ਨਿਖੇਧੀ ਕੀਤੀ ਤੇ ਮੰਗ ਕੀਤੀ ਕੇ ਸਰਕਾਰ ਮੁਤਾਬਕ 33% ਵਾਲੇ ਮੁਲਾਜ਼ਮਾਂ ਨੂੰ ਪਾਸ ਕਰਕੇ ਪ੍ਰਮੋਸ਼ਨਾਂ ਦਿੱਤੀਆਂ ਜਾਣ। ਆਗੂਆਂ ਨੇ ਕਿਹਾ ਕਿ ਮ੍ਰਿਤਕ ਕਰਚਾਰੀਆਂ ਦੇ ਵਾਰਸਾਂ ਨੂੰ ਨੌਕਰੀਆਂ ਦੇਣਾ ਲੰਬੇ ਸਮੇਂ ਤੋਂ ਇਨ੍ਹਾਂ ਕੇਸਾਂ ਨੂੰ ਲਟਕਾਇਆ ਜਾ ਰਿਹਾ ਹੈ, ਜਦੋਂ ਕਿ ਬੜੇ ਦੁੱਖ ਦੀ ਗੱਲ ਹੈ ਕਿ ਮਹਿਕਮੇ ਵਿੱਚ ਕਰੀਬ 110 ਮੁਲਾਜ਼ਮਾਂ ਦੀ ਮੌਤ ਹੋ ਚੁੱਕੀ ਹੈ। ਕੰਨਟੈਕਟ, ਆਊਟਸੋਰਸਿੰਗ ਤੇ ਠੇਕੇ 'ਤੇ ਕੰਮ ਕਰਦੇ ਕ੍ਰਮਚਾਰੀਆਂ ਨੂੰ 15-15 ਸਾਲ ਕੰਮ ਕਰਦਿਆਂ ਹੋ ਗਏ। ਮਹਿਕਮਾ ਕੋਈ ਪਾਲਿਸੀ ਨਹੀਂ ਬਣਾ ਰਿਹਾ। ਇਨ੍ਹਾਂ ਨੂੰ ਮਹਿਕਮੇ ਵਿੱਚ ਲੈ ਕੇ ਰੈਗੂਲਰ ਕੀਤਾ ਜਾਵੇ, ਜਦੋਂ ਕਿ ਮਹਿਕਮੇ ਵਿੱਚ ਹਜ਼ਾਰਾਂ ਪੋਸਟਾਂ ਖਾਲੀ ਪਈਆਂ ਹਨ।

# ਗਾਂਜਾ, ਚਿੱਟਾ, ਪਾਬੰਦੀਸ਼ੁਦਾ ਗੋਲੀਆਂ ਤੇ ਟੀਕਿਆਂ ਸਮੇਤ ਚਾਰ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਪੁਲਸ ਮੁਖੀ ਡਾ. ਰਵਜੋਤ ਗਰੇਵਾਲ ਦੀ ਅਗਵਾਈ ਹੇਠ ਜ਼ਿਲ੍ਹੇ ਭਰ 'ਚ ਚਲਾਈ ਜਾ ਰਹੀ ਨਸ਼ਾ ਵਿਰੋਧੀ ਮੁਹਿੰਮ ਤਹਿਤ ਵੱਖ-ਵੱਖ ਥਾਣਿਆਂ ਦੀਆਂ ਪੁਲਸ ਪਾਰਟੀਆਂ ਵੱਲੋਂ 4 ਵਿਅਕਤੀਆਂ ਨੂੰ ਨਸ਼ੀਲੇ ਪਦਾਰਥਾਂ ਸਮੇਤ ਕਾਬੂ ਕੀਤੇ ਜਾਣ ਦਾ ਸਮਾਚਾਰ ਹੈ।

ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਇੱਕ ਪੁਲਸ ਪਾਰਟੀ ਵੱਲੋਂ ਕਾਬੂ ਕੀਤੇ ਗਏ ਰਣਜੀਤ ਸਿੰਘ ਵਾਸੀ ਸਰਹਿੰਦ ਦੀ ਜਦੋਂ ਥਾਣੇਦਾਰ ਅਵਤਾਰ ਸਿੰਘ ਵੱਲੋਂ ਤਲਾਸ਼ੀ ਲਈ ਗਈ ਤਾਂ ਉਸ ਦੇ ਕਬਜ਼ੇ 'ਚੋਂ 10 ਗ੍ਰਾਮ ਚਿੱਟਾ ਬਰਾਮਦ ਹੋਇਆ ਜਿਸ 'ਤੇ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕਰਵਾਏ ਗਏ ਮੁਕੱਦਮੇ 'ਚ ਰਣਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇੱਕ ਵੱਖਰੇ ਮਾਮਲੇ 'ਚ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ ਕਾਬੂ ਕੀਤੇ ਗਏ ਪ੍ਰਦੀਪ ਸਿੰਘ ਉਰਫ ਚੀਮਾ ਵਾਸੀ ਪਿੰਡ ਡਕੌਂਦਾ ਦੀ ਸਬ-ਇੰਸਪੈਕਟਰ ਸੁਪਿੰਦਰ ਸਿੰਘ ਵੱਲੋਂ ਲਈ ਗਈ ਤਲਾਸ਼ੀ ਦੌਰਾਨ ਉਸ ਦੇ ਕਬਜ਼ੇ 'ਚੋਂ 100 ਨਸ਼ੇ ਦੀਆਂ ਗੋਲੀਆਂ ਬਰਾਮਦ ਹੋਈਆਂ ਜਿਸ 'ਤੇ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਦਰਜ ਕਰਵਾਏ ਗਏ ਮੁਕੱਦਮੇ 'ਚ ਪ੍ਰਦੀਪ ਸਿੰਘ ਉਰਫ ਚੀਮਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇੱਕ ਵੱਖਰੇ ਮਾਮਲੇ 'ਚ ਸਰਹਿੰਦ ਮੰਡੀ ਚੌਂਕੀ ਦੀ ਪੁਲਸ ਪਾਰਟੀ ਵੱਲੋਂ ਰੋਕੇ ਗਏ ਲਵਪ੍ਰੀਤ ਸਿੰਘ ਉਰਫ ਆਸ਼ੂ ਵਾਸੀ ਧਨੌਲਾ (ਬਰਨਾਲਾ) ਦੀ ਚੌਂਕੀ ਇੰਚਾਰਜ ਥਾਣੇਦਾਰ ਰਾਜਵੰਤ ਸਿੰਘ ਵੱਲੋਂ ਤਲਾਸ਼ੀ ਲਈ ਗਈ ਤਾਂ ਉਸ ਦੇ ਕਬਜ਼ੇ 'ਚੋਂ ਅੱਧਾ ਕਿੱਲੋ ਗਾਂਜਾ ਬਰਾਮਦ ਹੋਇਆ ਜਿਸ 'ਤੇ ਲਵਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇੱਕ ਵੱਖਰੇ ਮਾਮਲੇ 'ਚ ਪਿੰਡ ਨਿਆਮੂਮਾਜਰਾ ਨਜ਼ਦੀਕ ਮੌਜੂਦ ਚੁੰਨੀ ਕਲਾਂ ਚੌਕੀ ਦੀ ਇੱਕ ਪੁਲਸ ਪਾਰਟੀ ਵੱਲੋਂ ਸ਼ੱਕ ਦੇ ਬਿਨਾਹ 'ਤੇ ਵਰਿੰਦਰਪਾਲ ਸਿੰਘ ਉਰਫ ਬੱਲੀ ਵਾਸੀ ਪਿੰਡ ਗਡਹੇੜਾ ਨੂੰ ਰੋਕਿਆ ਗਿਆ ਤੇ ਸਹਾਇਕ ਥਾਣੇਦਾਰ ਹਰਬੰਸ ਸਿੰਘ ਵੱਲੋਂ ਲਈ ਗਈ ਤਲਾਸ਼ੀ ਦੌਰਾਨ ਉਸ ਦੇ ਕਬਜ਼ੇ 'ਚੋਂ 7 ਟੀਕੇ ਬਿਊਪਰੋਨੌਰਫਿਨ ਅਤੇ 7 ਸ਼ੀਸ਼ੀਆਂ ਏਵਲ ਬਰਾਮਦ ਹੋਈਆਂ ਜਿਸ 'ਤੇ ਥਾਣਾ ਬਡਾਲੀ ਆਲਾ ਸਿੰਘ ਵਿਖੇ ਦਰਜ ਕਰਵਾਏ ਗਏ ਮੁਕੱਦਮੇ 'ਚ ਵਰਿੰਦਰਪਾਲ ਸਿੰਘ ਉਰਫ ਬੱਲੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

# ਤੀਆਂ ਦਾ ਤਿਉਹਾਰ ਮਨਾਇਆ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਡਾਕਟਰ ਕਰਤਾਰ ਸਿੰਘ ਮੈਮੋਰੀਅਲ ਪਬਲਿਕ ਸਕੂਲ ਘੱਗਾ ਵਿਖੇ ਤੀਆਂ ਦਾ ਤਿਉਹਾਰ ਬੜੇ ਜੋਸ਼ੋ-ਖਰੋਸ਼ ਨਾਲ ਮਨਾਇਆ ਗਿਆ। ਇਸ ਵਿੱਚ ਨਰਸਰੀ ਤੋਂ ਲੈ ਕੇ ਪਲੱਸ ਟੂ ਤੱਕ ਦੀਆਂ ਵਿਦਿਆਰਥਣਾਂ ਨੇ ਭਾਗ ਲਿਆ। ਤੀਆਂ ਦਾ ਤਿਉਹਾਰ ਮਨਾਉਣ ਲਈ ਵਿਦਿਆਰਥਣਾਂ ਰੰਗ-ਬਿਰੰਗੇ ਕੱਪੜਿਆਂ ਵਿੱਚ ਸਜ-ਧੱਜ ਕੇ ਆਈਆਂ, ਜਿਨ੍ਹਾਂ ਵਿੱਚੋਂ ਪੰਜਾਬੀ ਵਿਰਸੇ ਦੀ ਝਲਕ ਨਜ਼ਰ ਆ ਰਹੀ ਸੀ। ਸਕੂਲ ਦੇ ਪ੍ਰਿੰਸੀਪਲ ਪਰਮਜੀਤ ਸਿੰਘ ਕਾਲੇਕਾ ਤੇ ਵਾਈਸ ਪ੍ਰਿੰਸੀਪਲ ਸੁਪਿੰਦਰਪਾਲ ਕੌਰ ਨੇ ਬੱਚਿਆਂ ਨੂੰ ਦੱਸਿਆ ਕਿ ਪੰਜਾਬੀ ਮੁਟਿਆਰਾਂ ਦੀ ਖੁਸ਼ੀ ਦਾ ਸਭ ਤੋਂ ਵੱਡਾ ਤਿਉਹਾਰ ਤੀਆਂ ਪੰਜਾਬ ਵਿੱਚ ਪੂਰੇ ਜੋਸ਼ੋ ਖਰੋਸ਼ ਨਾਲ ਮਨਾਇਆ ਜਾਂਦਾ ਹੈ। ਇਸ ਮੌਕੇ ਜਸ਼ਨ, ਸੁਖਬੀਰ, ਮੀਨਾ, ਅਨੀਤਾ, ਸਿਮਰਨ ਤੋਂ ਇਲਾਵਾ ਸਾਰਾ ਸਕੂਲੀ ਸਟਾਫ ਹਾਜ਼ਰ ਸੀ।


**ਉੱਤਰ ਰੇਲਵੇ**

**ਈ-ਟੈਂਡਰ ਸੂਚਨਾ**

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਉਪ ਮੁੱਖ ਬਿਜਲੀ ਇੰਜੀਨੀਅਰ/ਨਿਰਮਾਣ, ਉੱਤਰ ਰੇਲਵੇ, ਜਲੰਧਰ ਸ਼ਹਿਰ ਹੇਠਾ ਲਿਖੇ ਕੰਮ ਦੇ ਲਈ ਇਕ ਪੈਕੇਟ ਪ੍ਰਣਾਲੀ ਦੇ ਅੰਤਰਗਤ **ਈ-ਟੈਂਡਰ** ਮੰਗ ਕਰਦੇ ਹਨ:-

| | |
|---|---|
| ਕੰਮ ਦਾ ਨਾਮ ਤੇ ਜਗ੍ਹਾਂ | ਫਿਰੋਜ਼ਪੁਰ ਮੰਡਲ ਵਿਚ ਸਾਨੇਹਵਾਲ, ਢੰਡਾਰੀ ਕਲਾਂ ਤੇ ਲਾਡੋਵਾਲ ਸਟੇਸ਼ਨਾਂ ਉਤੇ ਲੰਮਬੇ ਲੂਪ ਨਿਰਮਾਣ ਦੇ ਸਬੰਧ ਵਿਚ 25 ਕੇ.ਵੀ. ਏ.ਸੀ. ਸਿੰਗਲ ਫੇਜ ਓ.ਐਚ.ਈ. ਦੀ ਡਿਜ਼ਾਇਨ, ਸਪਲਾਈ, ਇਰੇਕਸ਼ਨ, ਟੇਸਟਿੰਗ, ਕਮੀਸ਼ਨਿੰਗ ਤੇ ਮਾਡਿਫਿਕੇਸ਼ਨ ਕੰਮ ਦਾ ਪ੍ਰਾਵਧਾਨ, ਅਤੇ ਅਵਾਸੀਯ ਰੇਲਵੇ ਕਵਾਟਰ/ਰੇਲਵੇ ਸਟੇਸ਼ਨਾਂ/ਸਰਵਿਸ ਬਿਲਡਿੰਗ/ਸੜਕ/ਸ਼ੇਡਸ ਆਦਿ ਦਾ ਵਿਦੁਯਤ ਪਾਵਰ ਵਾਯਰਿੰਗ ਦਾ ਡਿਜ਼ਾਇਨ, ਸਪਲਾਈ, ਇਰੇਕਸ਼ਨ, ਟੇਸਟਿੰਗ, ਕਮੀਸ਼ਨਿੰਗ ਤੇ ਮਾਡਿਫਿਕੇਸ਼ਨ ਕੰਮ ਦਾ ਪ੍ਰਾਵਧਾਨ। |

**ਕੰਮ ਪੂਰਾ ਕਰਨ ਦਾ ਸਮਾਂ :** 9 ਮਹੀਨੇ **ਕੰਮ ਦੀ ਅਨੁਮਾਨਿਤ ਲਾਗਤ : ਰੁ: 4,76,28,460.32 ਬੋਲੀ ਸੁਰੱਖਿਆ ਰਾਸ਼ੀ ਜੋ ਜਮਾਂ ਕੀਤੀ ਜਾਣੀ ਹੈ : ਰੁ: 3,88,200/- ਈ-ਟੈਂਡਰ ਜਮਾਂ ਕਰਨਾ ਅਤੇ ਈ-ਟੈਂਡਰ ਖੁਲਣ ਦੀ ਮਿਤੀ ਤੇ ਸਮਾਂ :** ਟੈਂਡਰਾ ਮਿਤੀ 18.09.2023 ਵਕਤ **11:30 ਵਜੇ** ਤਕ ਆਈਆਰਈਪੀਐਸ ਦੀ ਵੇਬਸਾਈਟ **www.ireps.gov.in** ਉਤੇ ਅਪਲੋਡ ਕਰ ਸਕਦੇ ਹਨ। ਟੈਂਡਰਕਰਤਾ ਈ-ਟੈਂਡਰ ਵਿਚ ਭਾਗ ਲੈ ਸਕਦੇ ਹਨ, ਟੈਂਡਰਾ ਮਿਤੀ **18.09.2023** ਵਕਤ 11:30 ਵਜੇ ਖੋਲੀ ਜਾਵੇਗੀ।

| | |
|---|---|
| ਟੈਂਡਰ ਸੂਚਨਾ ਅਤੇ ਟੈਂਡਰ ਪ੍ਰਪੱਤਰ ਦੀ ਜਾਣਕਾਰੀ | ਪੂਰੀ ਈ-ਟੈਂਡਰ ਸੂਚਨਾ ਉੱਤਰ ਰੇਲਵੇ ਦੀ ਵੇਬਸਾਈਟ **www.nr.indianrailway.gov.in** ਉਤੇ ਉਪਲਬਧ ਹੈ ਅਤੇ ਟੈਂਡਰ ਪ੍ਰਪੱਤਰ ਆਈਆਰਈਪੀਐਸ ਦੀ ਵੇਬਸਾਈਟ **www.ireps.gov.in** ਉਤੇ ਉਪਲਬਧ ਹੈ। ਉਪਰੋਕਤ ਟੈਂਡਰ ਪ੍ਰਪੱਤਰ ਆਈਆਰਈਪੀਐਸ ਦੀ ਵੇਬਸਾਈਟ **www.ireps.gov.in** ਉਤੇ ਮਿਤੀ **04.09.2023** ਤੋਂ ਮਿਤੀ **18.09.2023** ਤਕ ਜਮਾਂ ਕਰਨ ਦੇ ਲਈ ਉਪਲਬਧ ਰਹੇਗਾ। ਟੈਂਡਰਕਰਤਾ ਜੋ ਈ-ਟੈਂਡਰ ਵਿਚ ਭਾਗ ਲੈਣ ਨੂੰ ਇਛੁਕ ਹੈ ਉਨ੍ਹਾਂ ਨੂੰ ਸਲਾਹ ਦਿਤੀ ਜਾਂਦੀ ਹੈ ਕਿ ਉਪਰੋਕਤ ਵੇਬਸਾਈਟ ਉਤੇ ਅਪਨਾ ਈ-ਰਜਿਸਟਰੈਸ਼ਨ ਕਰਾ ਲਵੇ ਜਿਸਦੇ ਲਈ ਉਨ੍ਹਾਂ ਨੂੰ ਕਲਾਸ-III ਡਿਜੀਟਲ ਪ੍ਰਮਾਣਪੱਤਰ ਦੀ ਜ਼ਰੂਰਤ ਹੋਵੇਗੀ (ਜੇਕਰ ਪਹਿਲਾ ਤੋਂ ਉਪਲਬਧ ਨਹੀਂ ਹੈ), ਜੋ ਆਈ ਟੀ ਨਿਯਮ-2000 ਦੇ ਅੰਤਰਗਤ ਸੀਸੀਏ ਦੁਵਾਰਾ ਜਾਰੀ ਕੀਤੀ ਜਾਵੇਗੀ। ਉਪਰੋਕਤ ਟੈਂਡਰ ਦੇ ਹੋਰ ਸਾਰੇ ਨਿਯਮ ਐਂਡ ਸ਼ਰਤਾਂ ਟੈਂਡਰ ਪ੍ਰਪੱਤਰ ਵਿਚ ਦਿਤੇ ਗਏ ਹਨ। ਪੂਰੀ ਟੈਂਡਰ ਸੂਚਨਾ ਉਪਰੋਕਤ ਦਫਤਰ ਦੇ ਨੋਟਿਸ ਬੋਰਡ ਉਤੇ ਵੀ ਦੇਖੀ ਜਾਂ ਸਕਦੀ ਹੈ। |

**ਪ੍ਰਪੱਤਰ ਨੰ: : 17-ਬਿਜਲੀ/ਕਾਮਪੇ/ਜੇਯੂਸੀ/134ਸੀ ਮਿਤੀ 25.08.2023** 2638/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਸਕੂਲਾਂ 'ਚ ਅਚਾਨਕ ਛੁੱਟੀਆਂ ਕਰਨ ਦੇ ਫੈਸਲੇ 'ਤੇ ਸਿੱਖਿਆ ਮਾਹਰ ਚਿੰਤਤ



ਛੁੱਟੀਆਂ ਤੋਂ ਪ੍ਰੇਸ਼ਾਨ ਵਿਦਿਆਰਥਣ ਦੀ ਫਾਈਲ ਫੋਟੋ।

**ਬੁਢਲਾਡਾ (ਅਸ਼ੋਕ ਲਾਕੜਾ)**-ਪੰਜਾਬ ਸਰਕਾਰ ਵੱਲੋਂ ਕੁਦਰਤੀ ਆਫਤ ਨਾਲ ਨਜਿਠਣ ਲਈ ਸਮੇਂ ਸਮੇਂ ਸਿਰ ਲਏ ਜਾਂਦੇ ਫੈਸਲੇ ਲੋਕਾਂ ਲਈ ਭਾਵੇਂ ਲਾਹੇਵੰਦ ਹਨ ਪਰ ਵਿਦਿਆਰਥੀ ਜੀਵਨ 'ਤੇ ਕਾਫੀ ਅਸਰ ਪੈਂਦਾ ਨਜ਼ਰ ਆ ਰਿਹਾ ਹੈ। ਸੂਬੇ ਦੇ ਸਾਰੇ ਸਕੂਲਾਂ 'ਚ ਹਾਲ ਹੀ 'ਚ ਐਲਾਨੀਆਂ ਗਈਆਂ ਛੁੱਟੀਆਂ ਖਿਲਾਫ ਕਈ ਨਿੱਜੀ ਸਕੂਲ ਪ੍ਰਿੰਸੀਪਲਾਂ ਨੇ ਆਪਣਾ ਵਿਰੋਧ ਦਰਜ ਕਰਵਾਇਆ ਹੈ। ਇਸ ਕਦਮ ਨੇ ਸਰਕਾਰ ਅਤੇ ਨਿੱਜੀ ਸਕੂਲ ਪ੍ਰਸ਼ਾਸਕਾਂ 'ਚ ਇਕ ਤਿੱਖੀ ਬਹਿਸ ਨੂੰ ਜਨਮ ਦਿੱਤਾ ਹੈ। ਸਕੂਲ ਪ੍ਰਸ਼ਾਸਕਾਂ ਵੱਲੋਂ ਜਤਾਈ ਗਈ ਚਿੰਤਾ ਇਨ੍ਹਾਂ ਛੁੱਟੀਆਂ ਦੇ ਭੂਗੋਲਿਕ ਵੰਡ ਨੂੰ ਲੈ ਕੇ ਹੈ। ਉਨ੍ਹਾਂ ਦਾ ਤਰਕ ਹੈ ਕਿ ਪੰਜਾਬ ਦੇ ਉਨ੍ਹਾਂ ਜ਼ਿਲ੍ਹਿਆਂ, ਜਿੱਥੇ ਬਾਰਿਸ਼ ਨਾਲ ਕੋਈ ਮਹੱਤਵਪੂਰਨ ਰੁਕਾਵਟ ਨਹੀਂ ਪਈ, ਉੱਥੇ ਛੁੱਟੀਆਂ ਕਰਨ ਦੀ ਕੋਈ ਤੁਕ ਨਹੀਂ ਬਣਦੀ। ਇਕ ਨਿੱਜੀ ਸਕੂਲ ਦੇ ਸੰਚਾਲਕ ਨੇ ਵਿਦਿਆਰਥੀਆਂ ਦੀ ਵਿੱਦਿਅਕ ਤਰੱਕੀ ਤੇ ਇਨ੍ਹਾਂ ਲਗਾਤਾਰ ਛੁੱਟੀਆਂ ਦੇ ਪ੍ਰਭਾਵ ਸੰਬੰਧੀ ਦੱਸਦੇ ਹੋਏ ਕਿਹਾ ਕਿ ਨਿੱਜੀ ਸਕੂਲ ਸਖ਼ਤ ਸ਼ਡਿਊਲ 'ਤੇ ਕੰਮ ਕਰਦੇ ਹਨ ਅਤੇ ਇਹ ਅੰਦਾਜ਼ਨ ਛੁੱਟੀਆਂ ਪੂਰੇ ਵਿੱਦਿਅਕ ਕੈਲੰਡਰ 'ਚ ਰੁਕਾਵਟ ਪਾਉਂਦੀਆਂ ਹਨ। ਜੇਕਰ ਸਕੂਲ ਬੰਦ ਰਹਿੰਦੇ ਹਨ ਤਾਂ ਇਸ ਨਾਲ ਵਿਦਿਆਰਥੀਆਂ ਦੇ ਪ੍ਰਦਰਸ਼ਨ 'ਤੇ ਉਲਟ ਅਸਰ ਪਵੇਗਾ। ਸਰਕਾਰ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰੇ, ਸਿਰਫ ਪ੍ਰਭਾਵਤ ਇਲਾਕਿਆਂ 'ਚ ਛੁੱਟੀ ਲਾਗੂ ਕਰੇ। ਵੱਖ ਵੱਖ ਸਕੂਲ ਸੰਚਾਲਕਾਂ ਨੇ ਕਿਹਾ ਕਿ ਉਹ ਹੜ੍ਹ ਦੌਰਾਨ ਸੁਰੱਖਿਆ ਦੀ ਲੋੜ ਨੂੰ ਸਮਝਦੇ ਹਨ। ਹਾਲਾਂਕਿ ਇਕ ਲਕਸ਼ਿਤ ਦ੍ਰਿਸ਼ਟੀਕੋਣ ਜ਼ਰੂਰੀ ਹੈ। ਪ੍ਰਭਾਵਿਤ ਇਲਾਕਿਆਂ ਦੇ ਸਕੂਲਾਂ ਨੂੰ ਛੁੱਟੀਆਂ ਦੇਣ ਪਰ ਜੋ ਪ੍ਰਭਾਵਤ ਨਹੀਂ ਹਨ, ਉਹ ਆਮ ਵਾਂਗ ਜਾਰੀ ਰਹਿਣ। ਵਿਦਿਆਰਥੀ ਵੀ ਵਾਰ ਵਾਰ ਹੋਣ ਵਾਲੀਆਂ ਛੁੱਟੀਆਂ ਦਾ ਦਬਾਅ ਮਹਿਸੂਸ ਕਰ ਰਹੇ ਹਨ।

10ਵੀਂ ਕਲਾਸ ਦੀ ਵਿਦਿਆਰਥਣ ਰੀਆ, ਕੋਮਲ, ਮਨਜੀਤ ਨੇ ਆਪਣੀ ਨਿਰਾਸ਼ਾ ਪ੍ਰਗਟ ਕੀਤੀ ਕਿ ਸਾਡੀ ਪੜ੍ਹਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ। ਸਾਨੂੰ ਡਰ ਹੈ ਕਿ ਇਹ ਸਾਡੇ ਨਤੀਜਿਆਂ 'ਤੇ ਅਸਰ ਪਾਉਣਗੀਆਂ। ਸੀ ਬੀ ਐੱਸ ਈ ਸਕੂਲਾਂ 'ਚ ਬੋਰਡ ਕਲਾਸਾਂ ਦੀ ਲਿਸਟ ਆਫ ਸਟੂਡੈਂਟ (ਐੱਲ ਓ ਐੱਸ) ਜਮ੍ਹਾ ਕਰਵਾਉਣ ਦਾ ਕੰਮ ਵੀ ਚੱਲ ਰਿਹਾ ਹੈ ਪਰ ਛੁੱਟੀਆਂ ਇਸ ਕੰਮ 'ਚ ਰੁਕਾਵਟ ਪਾ ਸਕਦੀਆਂ ਹਨ। ਇਕ ਹੋਰ ਸਕੂਲ ਸੰਚਾਲਕ ਨੇ ਕਿਹਾ ਕਿ ਐੱਲ ਓ ਸੀ ਦਾ ਕੰਮ ਜਾਰੀ ਹੈ ਅਤੇ ਛੁੱਟੀਆਂ ਦੇਰ ਦਾ ਕਾਰਨ ਬਣ ਸਕਦੀਆਂ ਹਨ। ਜੇਕਰ ਜਲਦਬਾਜ਼ੀ 'ਚ ਇਸ 'ਚ ਕੋਈ ਗਲਤੀ ਰਹਿ ਜਾਂਦੀ ਹੈ ਤਾਂ ਇਸ ਦਾ ਖਮਿਆਜ਼ਾ ਵਿਦਿਆਰਥੀਆਂ ਨੂੰ ਭੁਗਤਣਾ ਪੈ ਸਕਦਾ ਹੈ।


**ਉੱਤਰ ਰੇਲਵੇ**

**ਈ-ਟੈਂਡਰ ਸੂਚਨਾ**

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਉਪ ਮੁੱਖ ਇੰਜੀਨੀਅਰ/ਗਤੀ ਸ਼ਕਤੀ ਇਕਾਈ/ ਫਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ **18.09.2023** ਵਕਤ **15.00** ਵਜੇ ਤਕ, **www.ireps.gov.in** ਉਤੇ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਟੈਂਡਰਕਰਤਾ ਟੈਂਡਰ-ਪੱਤਰ ਦੀ ਬਿਆਨਾ ਰਾਸ਼ੀ ਦੀ ਜਗ੍ਹਾਂ ''ਟੈਂਡਰ ਸੁਰੱਖਿਆ ਘੋਸ਼ਣਾ ਪੱਤਰ'' ਨਿਰਧਾਰਿਤ ਪ੍ਰਾਰੂਪ ਵਿਚ ਟੈਂਡਰ ਦੇ ਨਾਲ ਈ-ਪੋਰਟਲ ਉਤੇ ਨਥੀ ਕਰੇਗਾ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਟੈਂਡਰ ਪ੍ਰਣਾਲੀ |
|---|---|---|
| ਖੁਲੀ ਟੈਂਡਰ | ਗਤੀ ਸ਼ਕਤੀ ਯੂਨਿਟ | ਏਕਲ ਪੈਕੇਟ ਪ੍ਰਣਾਲੀ |
| ਟੈਂਡਰ ਅਪਲੋਡ ਕਰਨ ਦੀ ਮਿਤੀ | ਟੈਂਡਰ ਸ਼ੁਰੂ ਦੀ ਮਿਤੀ | ਟੈਂਡਰ ਸਮਾਪਨ ਦੀ ਮਿਤੀ ਅਤੇ ਸਮਾਂ |
| | | |

| ਲ. ਨੰ: | ਟੈਂਡਰ ਨੰ:, ਮਿਤੀ | ਟੈਂਡਰ ਦਾ ਵੇਰਵਾ | | | |
|---|---|---|---|---|---|
| 1. | OP-10-GSU-FZR-2023-24 Dated: 24.08.2023 | ਸਹਾਇਕ ਮੰਡਲ ਇੰਜੀਨੀਅਰ/ਜੰਮੂ ਤਵੀ ਦੇ ਤਹਿਤ ਕਠੂਆ ਵਿਚ ਗੁਡਸ ਹੈਂਡਲਿੰਗ ਲਾਇਨ ਨੰ: 5 ਅਤੇ ਬੈਲਾਸਟ ਸਾਈਡਿੰਗ ਲਾਇਨ ਨੰ: 6 ਉਤੇ ਡਾਯਰੇਕਟ ਰਿਸੇਪਸ਼ਨ ਅਤੇ ਡਿਸਪੈਚ ਸੁਵਿਧਾ ਦੇ ਲਈ ਸਿਵਿਲ ਕੰਮ। | | | |
| | | ਵਿਗਿਆਪਨ ਮੂਲ (ਰੁ: ) | ਬਿਆਨਾ ਰਾਸ਼ੀ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 26,21,392.43 | 52,400.00 | 60 ਦਿਨ | 08 ਮਹੀਨੇ |

ਸਮਾਨ ਪ੍ਰਕ੍ਰਿਤੀ ਦਾ ਕੰਮ :- ''ਸੀਟੀਆਰ/ਟੀਆਰਆਰ/ਟੀਐਫਆਰ/ਟੀਆਰਆਰ/ਟੀਟੀਆਰ ਸਹਿਤ ਟ੍ਰੈਕ ਦਾ ਕੰਮ, ਜਿਸ ਵਿਚ ਟ੍ਰੈਕ ਨੂੰ ਉਪਰ ਉਠਾਨਾ, ਸਕਰੀਨਿੰਗ, ਟ੍ਰੈਕ ਦੀ ਡਿਸਟ੍ਰੇਸਿੰਗ, ਟੈਂਪਿੰਗ ਮਸ਼ੀਨ/ਬੈਲਾਸਟ ਸਕਰੀਨਿੰਗ/ਰੇਗੁਲੇਟਿੰਗ ਮਸ਼ੀਨ ਜਿਸ ਤਰ੍ਹਾਂ ਟ੍ਰੈਕ ਰੱਖਰੱਖਾਵ ਮਸ਼ੀਨ ਦੇ ਲਈ ਪਹਿਲਾ ਅਤੇ ਬਾਦ ਦੇ ਕੰਮ ਅਤੇ ਟੀ-28 ਦੁਵਾਰਾ ਟੀਟੀਆਰ ਸ਼ਾਮਿਲ ਹੈ।

ਨੋਟ:- 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੀ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

ਨੰ: OP-10-GSU-FZR-2023-24 ਮਿਤੀ : 25.08.2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2644/23



**ਮਹੱਤਵਪੂਰਣ ਸੂਚਨਾ**

ਸਰਵਸੰਬੰਧਿਤ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰੇਲਵੇ ਦੁਵਾਰਾ ਰੇਲਗੱਡੀ ਨੰ: **14012/14011 ਹੋਸ਼ਿਆਰਪੁਰ – ਦਿੱਲੀ ਜੰ: – ਹੋਸ਼ਿਆਰਪੁਰ ਐਕਸਪ੍ਰੈਸ** ਦੇ ਸੰਚਾਲਨ ਮਾਰਗ ਦਾ ਵਿਸਤਾਰ **ਆਗਰਾ ਕੈਂਟ** ਤਕ ਕੀਤਾ ਜਾਂ ਰਿਹਾ ਹੈ ਜੋ ਹੇਠਾ ਸਮੇਂ-ਸਾਰਣੀ ਦੇ ਅਨੁਸਾਰ ਚਲਾਈ ਜਾਵੇਗੀ :-

**(ਨੋਟ : ਇਹ ਰੇਲਗੱਡੀ ਦਿੱਲੀ ਜੰਕਸ਼ਨ ਦੇ ਬਜਾਏ ਵਾਯਾ ਨਵੀਂ ਦਿੱਲੀ ਤੋਂ ਹੁੰਦੇ ਹੋਏ ਸੰਚਾਲਿਤ ਕੀਤੀ ਜਾਵੇਗੀ।)**

| ਵਰਤਮਾਨ ਸਮਾਂ: ਰੇਲਗੱਡੀ ਨੰ: 14012 ਹੋਸ਼ਿਆਰਪੁਰ – ਦਿੱਲੀ ਜੰ: ਐਕਸਪ੍ਰੈਸ ↓ | | ਸੰਸ਼ੋਧਿਤ ਸਮਾਂ: ਰੇਲਗੱਡੀ ਨੰ: 14012 ਹੋਸ਼ਿਆਰਪੁਰ – ਆਗਰਾ ਜੰ: ਐਕਸਪ੍ਰੈਸ ↓ | | ਸਟੇਸ਼ਨ | ਵਰਤਮਾਨ ਸਮਾਂ: ਰੇਲਗੱਡੀ ਨੰ: 14011 ਦਿੱਲੀ – ਹੋਸ਼ਿਆਰਪੁਰ ਜੰ: ਐਕਸਪ੍ਰੈਸ ↑ | | ਸੰਸ਼ੋਧਿਤ ਸਮਾਂ: ਰੇਲਗੱਡੀ ਨੰ: 14011 ਆਗਰਾ ਜੰ: – ਹੋਸ਼ਿਆਰਪੁਰ ਐਕਸਪ੍ਰੈਸ ↑ | |
|---|---|---|---|---|---|---|---|---|
| ਆਉਣਾ | ਜਾਣਾ | ਆਉਣਾ | ਜਾਣਾ | | ਆਉਣਾ | ਜਾਣਾ | ਆਉਣਾ | ਜਾਣਾ |
| -- | 22:25 | -- | 22:25 | ਹੋਸ਼ਿਆਰਪੁਰ | 05:35 | -- | 09:20 | -- |
| ਹੋਸ਼ਿਆਰਪੁਰ ਤੋਂ ਦਿੱਲੀ ਜੰ: ਰੇਲਵੇ ਸਟੇਸ਼ਨਾਂ ਦੇ ਵਿਚ ਸਮੇਂ ਵਿਚ ਕੋਈ ਤਬਦੀਲੀ ਨਹੀਂ ਹੈ | | | | | | | | |
| -- | -- | 07:10 | 07:20 | ਨਵੀਂ ਦਿੱਲੀ | -- | -- | 22:25 | 22:35 |
| -- | -- | 08:50 | 08:52 | ਕੋਸੀ ਕਲਾਂ | -- | -- | 20:25 | 20:27 |
| -- | -- | 09:25 | 09:27 | ਮਥੁਰਾ ਜੰ: | -- | -- | 19:53 | 19:55 |
| -- | -- | 10:50 | -- | ਆਗਰਾ ਕੈਂਟ | -- | -- | -- | 19:10 |

- ਵਿਸਤਾਰਿਤ ਰੂਟ ਉਤੇ ਸੇਵਾ ਸ਼ੁਰੂ ਦੀ ਮਿਤੀਆਂ : ਰੇਲਗੱਡੀ ਨੰ: **14012 ਹੋਸ਼ਿਆਰਪੁਰ** ਤੋਂ ਹਰਰੋਜ਼ ਮਿਤੀ **26.08.2023** ਤੋਂ ਅਤੇ ਰੇਲਗੱਡੀ ਨੰ: **14011 ਆਗਰਾ ਕੈਂਟ** ਤੋਂ ਹਰਰੋਜ਼ ਮਿਤੀ **27.08.2023** ਤੋਂ।
- ਰੇਲਗੱਡੀ ਨੰ: **14011 /14012 ਆਗਰਾ ਕੈਂਟ – ਹੋਸ਼ਿਆਰਪੁਰ – ਆਗਰਾ ਕੈਂਟ ਐਕਸਪ੍ਰੈਸ** ਦਾ ਨੰਬਰ ਬਦਲਕੇ **11905/11906** ਕਰ ਦਿਤਾ ਜਾਵੇਗਾ। ਇਹ ਤਬਦੀਲੀ ਮਿਤੀ **27.12.2023** ਤੋਂ **ਆਗਰਾ ਕੈਂਟ** ਤੋਂ ਅਤੇ ਮਿਤੀ **28.12.2023** ਤੋਂ **ਹੋਸ਼ਿਆਰਪੁਰ** ਤੋਂ ਪ੍ਰਭਾਵੀ ਹੋਵੇਗਾ।

**ਰੇਲਗੱਡੀ ਨੰ: 14011/14012 ਦਿੱਲੀ ਜੰ:-ਹੋਸ਼ਿਆਰਪੁਰ-ਦਿੱਲੀ ਜੰ: ਐਕਸਪ੍ਰੈਸ ਦਾ ਆਗਰਾ ਕੈਂਟ ਤਕ ਵਿਸਤਾਰ ਦਾ ਕਾਰਣ ਹੇਠਾ ਲਿਖੀ ਰੇਲਗੱਡੀਆਂ ਦੇ ਸਮੈਜ ਵਿਚ ਸੰਸ਼ੋਧਨ ਕੀਤਾ ਗਿਆ ਹੈ, ਜਿਸਦਾ ਵੇਰਵਾ ਹੇਠਾਅਨੁਸਾਰ ਹੈ:-**

| ਰੇਲਗੱਡੀ ਦੀ ਨੰ: ਅਤੇ ਰੇਲਗੱਡੀ ਦਾ ਨਾਮ | ਸਟੇਸ਼ਨ | ਵਰਤਮਾਨ ਸਮਾਂ: ਆਉਣਾ | ਵਰਤਮਾਨ ਸਮਾਂ: ਜਾਣਾ | ਸੰਸ਼ੋਧਿਤ ਸਮਾਂ: ਆਉਣਾ | ਸੰਸ਼ੋਧਿਤ ਸਮਾਂ: ਜਾਣਾ | ਮਿਤੀ (ਸ਼ੁਰੂ ਸਟੇਸ਼ਨ ਤੋਂ) |
|---|---|---|---|---|---|---|
| 22431 ਸੂਬੇਦਾਰਗੰਜ – ਉਧਮਪੁਰ ਐਕਸਪ੍ਰੈਸ | ਸਾਨੇਹਵਾਲ | -- | 05:29 | -- | 05:44 | 29.08.2023 |
| 14631 ਦੇਹਰਾਦੂਨ – ਅੰਮ੍ਰਿਤਸਰ ਜੰ: ਐਕਸਪ੍ਰੈਸ | ਜਲੰਧਰ ਕੈਂਟ | 06:10 | 06:13 | 06:01 | 06:03 | 27.08.2023 |
| 18101 ਟਾਟਾਨਗਰ ਜੰ: – ਜੰਮੂ ਤਵੀ ਐਕਸਪ੍ਰੈਸ | ਜਲੰਧਰ ਕੈਂਟ | 06:26 | 06:28 | 06:19 | 06:21 | 27.08.2023 |
| 18309 ਸੰਭਲਪੁਰ – ਜੰਮੂ ਤਵੀ ਐਕਸਪ੍ਰੈਸ | ਜਲੰਧਰ ਕੈਂਟ | 06:26 | 06:28 | 06:19 | 06:21 | 26.08.2023 |
| 12355 ਪਟਨਾ ਜੰ: – ਜੰਮੂ ਤਵੀ ਐਕਸਪ੍ਰੈਸ | ਜਲੰਧਰ ਕੈਂਟ | 06:40 | 06:45 | 06:31 | 06:36 | 29.08.2023 |
| 14611 ਗਾਜੀਪੁਰ ਜੰ: – ਸ੍ਰੀ ਮਾਤਾ ਵੈਸ਼ਣੋ ਦੇਵੀ ਕਟੜਾ ਐਕਸਪ੍ਰੈਸ | ਜਲੰਧਰ ਕੈਂਟ | 06:40 | 06:45 | 06:31 | 06:36 | 01.09.2023 |
| 20985 ਕੋਟਾ ਜੰ: – ਉਧਮਪੁਰ ਐਕਸਪ੍ਰੈਸ | ਜਲੰਧਰ ਕੈਂਟ | 06:40 | 06:45 | 06:31 | 06:36 | 30.08.2023 |
| 13005 ਹਾਵੜਾ ਜੰ: – ਅੰਮ੍ਰਿਤਸਰ ਜੰ: ਮੇਲ | ਜਲੰਧਰ ਕੈਂਟ | 06:51 | 06:53 | 06:42 | 06:44 | 26.08.2023 |
| 12237 ਵਾਰਾਣਸੀ ਜੰ: – ਜੰਮੂ ਤਵੀ ਬੇਗਮਪੁਰਾ ਐਕਸਪ੍ਰੈਸ | ਜਲੰਧਰ ਕੈਂਟ | 07:05 | 07:10 | 06:55 | 07:00 | 27.08.2023 |
| 19803 ਕੋਟਾ ਜੰ: – ਸ੍ਰੀ ਮਾਤਾ ਵੈਸ਼ਣੋ ਦੇਵੀ ਕਟੜਾ ਐਕਸਪ੍ਰੈਸ | ਫਗਵਾੜਾ ਜੰ: | 07:09 | 07:11 | 07:10 | 07:12 | 02.09.2023 |
| | ਜਲੰਧਰ ਕੈਂਟ | 07:35 | 07:40 | 07:34 | 07:39 | |
| 14618 ਅੰਮ੍ਰਿਤਸਰ ਜੰ: – ਬਨਮਨਖੀ ਜੰ: ਜਨਸੇਵਾ ਐਕਸਪ੍ਰੈਸ | ਜਲੰਧਰ ਸਿਟੀ | 07:42 | 07:47 | 08:12 | 08:17 | 28.09.2023 |
| | ਫਗਵਾੜਾ ਜੰ: | 08:07 | 08:09 | 08:35 | 08:37 | |
| | ਫਿਲੌਰ ਜੰ: | 08:27 | 08:29 | 08:55 | 08:57 | |
| | ਢੰਡਾਰੀ ਕਲਾ* | 09:37 | 09:39 | 09:32 | 09:42 | |
| | ਸਾਨੇਹਵਾਲ | -- | 09:57 | -- | 10:00 | |

* ਲੁਧਿਆਣਾ ਜੰਕਸ਼ਨ ਉਤੇ ਯਾਰਡ ਰੀਮਾਡਲਿੰਗ ਕੰਮ ਦੇ ਕਾਰਣ ਰੇਲਗੱਡੀ ਨੰਬਰ 14618 ਨੂੰ ਲੁਧਿਆਣਾ ਜੰਕਸ਼ਨ ਦੇ ਬਜਾਏ ਢੰਡਾਰੀ ਕਲਾਂ ਸਟੇਸ਼ਨ ਉਤੇ ਮਿਤੀ 15.06.2023 ਤੋਂ ਅਸਥਾਈ ਠਹਿਰਾਵ ਦਿਤਾ ਗਿਆ ਹੈ।

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਜਾਣਕਾਰੀ ਦੇ ਲਈ ਟੈਲੀਫੋਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੇਬਸਾਈਟ https://enquiry.indianrail.gov.in ਜਾਂ NTES App. ਦੇਖੋ।

ਰੇਲਮਦਦ ਹੈਲਪਲਾਈਨ ਨੰ: 139 ਰੇਲਮਦਦ ਵੇਬਸਾਈਟ: https://enquiry.indianrail.gov.in ਦੇਖੋ ਅਤੇ ਰੇਲਮਦਦ ਏਪ ਡਾਊਨਲੋਡ ਕਰੋ।

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ | G20 | **ਉੱਤਰ ਰੇਲਵੇ** | ਸਾਨੂੰ www.nr.indianrailways.gov.in ਉਤੇ ਮਿਲੋ | 2642/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ ਉਤੇ ਸਾਨੂੰ ਫਾਲੋ ਕਰੋਂ


# ਘਨੌਰੀ ਕਲਾਂ 'ਚ ਤੀਆਂ ਦਾ ਮੇਲਾ ਭਲਕੇ

## *ਬੂਟਿਆਂ ਦਾ ਲੰਗਰ ਲਾ ਕੇ ਵਾਤਾਵਰਣ ਬਚਾਉਣ ਦੀ ਕੀਤੀ ਜਾਵੇਗੀ ਅਪੀਲ*

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਮਾਰਕਿਟ ਕਮੇਟੀ ਸ਼ੇਰਪੁਰ ਦੇ ਸਾਬਕਾ ਚੇਅਰਮੈਨ ਇੰਦਰਜੀਤ ਸਿੰਘ ਘਨੌਰੀ, ਆਮ ਆਦਮੀ ਪਾਰਟੀ ਦੇ ਇਕਾਈ ਪ੍ਰਧਾਨ ਕੇਵਲ ਸਿੰਘ ਸਾਬਕਾ ਪੰਚ, ਆਮ ਆਦਮੀ ਪਾਰਟੀ ਦੇ ਆਗੂ ਅਮਨ ਖਾਂ ਅਤੇ ਹਰਜਿੰਦਰ ਸਿੰਘ ਸੋਨੀ, ਸਾਬਕਾ ਪੰਚ ਪਰਗਟ ਸਿੰਘ, ਸਾਬਕਾ ਸਰਪੰਚ ਗੁਰਜੰਟ ਸਿੰਘ ਹੈਪੀ, ਕਲੱਬ ਪ੍ਰਧਾਨ ਅੰਮ੍ਰਿਤ ਸਿੰਘ ਨੇ ਦੱਸਿਆ ਕਿ ਪਿੰਡ ਘਨੌਰੀ ਕਲਾਂ ਵਿਖੇ ਸਮੂਹ ਨਗਰ ਵਾਸੀਆਂ ਦੇ ਸਹਿਯੋਗ ਨਾਲ ਧੀਆਂ ਅਤੇ ਨੂੰਹਾਂ ਦਾ ਇਤਿਹਾਸਕ ਪ੍ਰੋਗਰਾਮ ਤੀਆਂ ਘਨੌਰੀ ਕਲਾਂ ਦੀਆਂ 27 ਅਗਸਤ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘਨੌਰੀ ਕਲਾਂ ਵਿਖੇ ਦੁਪਹਿਰ 12 ਵਜੇ ਤੋਂ ਸ਼ਾਮ 5 ਵਜੇ ਤੱਕ ਕਰਾਇਆ ਜਾ ਰਿਹਾ ਹੈ।

ਆਗੂਆਂ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਪਿੰਡ ਦੀਆਂ ਧੀਆਂ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤਾ ਗਿਆ ਹੈ। ਸਮਾਗਮ ਨੂੰ ਇਤਿਹਾਸਕ ਬਣਾਉਣ ਲਈ ਰੁੱਖ ਅਤੇ ਕੁੱਖ ਨੂੰ ਬਚਾਉਣ ਦੇ ਨਾਅਰੇ ਤਹਿਤ ਬੂਟਿਆਂ ਦਾ ਮੁਫ਼ਤ ਲੰਗਰ ਵੀ ਲਾਇਆ ਜਾਵੇਗਾ ਤੇ ਬੂਟੇ ਲੈਣ ਵਾਲੇ ਨੂੰ ਅਪੀਲ ਕੀਤੀ ਜਾਵੇਗੀ ਕਿ ਉਹ ਆਪਣੇ ਬੱਚਿਆਂ ਦੀ ਤਰ੍ਹਾਂ ਇਨ੍ਹਾਂ ਬੂਟਿਆਂ ਦੇਖ-ਭਾਲ ਕਰਕੇ ਪਾਲਣ ਪੋਸ਼ਣ ਕਰਨ।

ਆਗੂਆਂ ਨੇ ਦੱਸਿਆ ਕਿ ਇਸ ਮੌਕੇ ਜਲੇਬੀਆਂ ਤੇ ਪਕੌੜਿਆਂ ਦਾ ਅਤੁੱਟ ਲੰਗਰ ਵੀ ਲਾਇਆ ਜਾਵੇਗਾ। ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਸ਼ਖ਼ਸੀਅਤਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਜਾਵੇਗਾ।


**ਉੱਤਰ ਰੇਲਵੇ**

**ਈ-ਟੈਂਡਰ ਸੂਚਨਾ**

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਸੀਨੀਅਰ ਮੰਡਲ ਇੰਜੀਨੀਅਰ – ਦੂਸਰੀ, ਫਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ 15.09.2023 ਵਕਤ 15.00 ਵਜੇ ਤਕ, www.ireps.gov.in ਉਤੇ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਉਤੇ ਉਪਲਬਧ ਆਨਲਾਈਨ ਸਾਧਨਾਂ ਦੇ ਦੁਵਾਰਾ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਤੋਂ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਦੁਵਾਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ | ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਕਰਨ ਦੀ ਮਿਤੀ | ਬੋਲੀ ਪੂਰੀ ਕਰਨ ਦੀ ਮਿਤੀ ਅਤੇ ਸਮਾਂ |
|---|---|---|---|---|---|
| ਖੁਲੀ | ਕੰਮ | ਏਕਲ ਬੋਲੀ ਪ੍ਰਣਾਲੀ | 24.08.2023 | 01.09.2023 | 15.09.2023 15:00 Hrs |

| ਲ.ਨੰ: | ਟੈਂਡਰ ਨੰਬਰ | ਟੈਂਡਰ ਦਾ ਵੇਰਵਾ | | | |
|---|---|---|---|---|---|
| 1 | 179-2023-24-PTK-DRM-FZR | ਸਹਾਇਕ ਮੰਡਲ ਇੰਜੀਨੀਅਰ/ਪਠਾਨਕੋਟ ਦੇ ਅੰਤਰਗਤ ਅੰਮ੍ਰਿਤਸਰ-ਪਠਾਨਕੋਟ ਖੰਡ ਆਈਸੀਡਬਲਯੂ ਈਆਈ ਉਤੇ 06 ਨੰਬਰ ਬ੍ਰਿਜ ਦਾ ਵਿਸਤਾਰ। | | | |
| | | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 90,76,457.45/- | 1,81,500.00/- | 60 ਦਿਨ | 06 ਮਹੀਨੇ |
| | | ਸਮਾਨ ਪ੍ਰਕ੍ਰਿਤੀ ਦਾ ਕੰਮ :- ''ਕਿਸੀ ਪੁਲ ਦਾ ਨਿਰਮਾਣ ਕੰਮ''। | | | |
| 2 | 139-2023-24-PLMX-DRM-FZR | ਸਹਾਇਕ ਮੰਡਲ ਇੰਜੀਨੀਅਰ/ਪਠਾਨਕੋਟ ਦੇ ਅਨੁਭਾਗ ਦੇ ਤਹਿਤ ਪਠਾਨਕੋਟ ਜੋਗਿੰਦਰ ਨਗਰ ਖੰਡ ਉਤੇ ਗਿਟਟੀ ਦੀ ਮੌਜੂਦਾ ਮਾਨਕ 0 ਤੋਂ 2 ਸੇਮੀ ਤਕ ਗਹਿਰੀ ਸਕਰੀਨਿੰਗ ਅਤੇ ਪੁਨਰਭਰਣ ਦੇ ਨਾਲ ਗਿਟੀ ਕੁਸ਼ਲ ਨੂੰ 15 ਸੇਮੀ ਤਕ ਵਧਾਣਾ 49.8 ਤੋਂ 66.426 ਕਿਮੀ ਉਤੇ 16.626 ਕਿਮੀ ਦੀ ਸੀਟੀਆਰ (ਐਸ) ਐਨਜੀ ਦੀ ਐਸਟੀ ਸਲੀਪਰਾਂ ਉਤੇ ਮੌਜੂਦਾ ਮਾਨਕ 58.5 ਐਲਬੀਐਸ ਰੇਲੇ ਵਿਛਾਈ ਗਈ ਹੋਰ ਵਿਵਿਧ ਸਲੀਪਰਾਂ ਨੂੰ ਐਮ + 3 ਘਨਤਵ ਦੇ ਨਾਲ 75 ਆਰ (ਐਸਐਚ) ਰੇਲੇ 1340 ਨਗ / ਕਿਮੀ ਵਿਛਾਈ ਗਈ। | | | |
| | | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 2,47,96,220.78/- | 2,74,000.00/- | 60 ਦਿਨ | 10 ਮਹੀਨੇ |

ਸਮਾਨ ਪ੍ਰਕ੍ਰਿਤੀ ਦਾ ਕੰਮ – ਪੂਰੀ ਟ੍ਰੈਕ ਨਵੀਨੀਕਰਨ/ਪੂਰੀ ਰੇਲ ਨਵੀਨੀਕਰਨ/ਪੂਰੀ ਫਿਟਿੰਗ ਨਵੀਨੀਕਰਨ/ਪੂਰੀ ਟਰਨ ਆਊਟ ਨਵੀਨੀਕਰਨ, ਟ੍ਰੈਕ ਦੇ ਉਠਾਨ ਦੀ ਜਾਂਚ / ਛਨਾਈ, ਡਿਸਟ੍ਰੈਸਿੰਗ, ਟ੍ਰੈਕ ਮੈਂਟੇਨਸ ਮਸ਼ੀਨ ਦੇ ਪਹਿਲਾ ਅਤੇ ਬਾਦ ਦੇ ਕੰਮ ਅਤੇ ਟੀ-28 ਮਸ਼ੀਨ ਤੋਂ ਟਰਨ ਆਊਟ ਨਵੀਨੀਕਰਣ ਦਾ ਕੰਮ।

ਨੋਟ:- 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੀ ਵੀ ਗਲਤੀ ਲਈ ਅੰਗਰੇਜ਼ੀ ਵਰਜਨ ਦਾ ਅਵਲੋਕਨ ਕਰੋ, ਤੇ ਅੰਗਰੇਜ਼ੀ ਵਰਜਨ ਹੀ ਮਾਨਯ ਹੋਣਗੇ। ਟੈਂਡਰ ਸੂਚਨਾ ਪੱਤਰ ਨੰ: 179-2023-24-PLMX-DRM-FZR,139-2023-24-PTK-DRM-FZR ਮਿਤੀ :25 08 2023 2654/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# 'ਸਿਹਤ ਸਹੂਲਤਾਂ 'ਚ ਅਮੀਰ ਤੇ ਗਰੀਬ ਲਈ ਵੱਡਾ ਪਾੜਾ' ਵਿਸ਼ੇ 'ਤੇ ਸੈਮੀਨਾਰ ਕਰਵਾਇਆ





**ਫਿਲੌਰ (ਨਿਰਮਲ)**- ਕਾਮਰੇਡ ਦੇਵ ਫਿਲੌਰ ਦੀ ਪਹਿਲੀ ਬਰਸੀ ਮੌਕੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਤਹਿਸੀਲ ਫਿਲੌਰ ਵੱਲੋਂ "ਸਿਹਤ ਸਹੂਲਤਾਂ ਵਿੱਚ ਅਮੀਰ ਅਤੇ ਗਰੀਬ ਲਈ ਵੱਡਾ ਪਾੜਾ" ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਇਸ ਸਮੇਂ ਉਘੇ ਚਿੰਤਕ ਅਤੇ ਸੇਵਾ ਮੁਕਤ ਸਿਵਲ ਸਰਜਨ ਡਾ. ਦਲੇਰ ਸਿੰਘ ਮੁਲਤਾਨੀ ਰਿਟ. ਸਿਵਲ ਸਰਜਨ ਨੇ ਕਿਹਾ ਕਿ ਗਰੀਬ ਵਿਅਕਤੀ ਬੁਖਾਰ ਦਾ ਇਲਾਜ ਨਹੀਂ ਕਰਵਾ ਸਕਦਾ ਅਤੇ ਅਮੀਰ ਕੈਂਸਰ ਦਾ ਇਲਾਜ ਨਹੀਂ ਕਰਵਾ ਸਕਦਾ। ਇਹ ਪਾੜਾ ਦੇਸ਼ ਨੂੰ ਚਲਾਉਣ ਵਾਲਿਆ ਦੀ ਨੀਤੀ ਕਾਰਨ ਹੋਇਆ ਹੈ ਕਿਉਂਕਿ ਉਹ ਇਮਾਨਦਾਰ ਨਹੀਂ ਹਨ। ਉਨ੍ਹਾਂ ਕਿਹਾ ਕਿ ਸਾਡੇ ਸਿਹਤ ਸਿਸਟਿਮ ਦੇ ਦੋ ਪੱਖ ਬਚਾਓ ਅਤੇ ਇਲਾਜ ਹਨ ਅਤੇ ਇਹ ਦੋਨੋਂ ਹੀ ਵੱਡੀਆਂ ਕਮੀਆਂ ਦੇ ਸ਼ਿਕਾਰ ਹਨ, ਜਿਸ 'ਚੋਂ ਹੈਲਥ ਐਂਡ ਵੈਲਨੈਸ ਸੈਂਟਰ ਗਾਇਬ ਹੋ ਗਏ ਹਨ। ਆਮ ਆਦਮੀ ਕਲਿਨਕ ਬਾਰੇ ਉਨ੍ਹਾਂ ਕਿਹਾ ਕਿ ਇਨ੍ਹਾਂ ਕਲੀਨਿਕਾਂ 'ਚ ਬੁਨਿਆਦੀ ਸਹੂਲਤਾਂ ਦੀ ਵੱਡੀ ਘਾਟ ਹੈ ਅਤੇ ਇਹ ਬਚਾਉ ਅਤੇ ਇਲਾਜ ਦੇ ਦੋਨੋਂ ਪੱਖਾਂ 'ਤੇ ਵੀ ਪੂਰਾ ਨਹੀਂ ਉਤਰਦੇ। ਇਹ ਗੋਲੀਆਂ ਵੰਡ ਕੇਂਦਰ ਤੋਂ ਵੱਧ ਕੁੱਝ ਨਹੀਂ। ਉਨ੍ਹਾਂ ਕਿਹਾ ਕਿ ਮਨੁੱਖੀ ਸਰੀਰ ਨੂੰ ਤੀਹ ਹਜਾਰ ਕਿਸਮ ਦੀਆਂ ਬਿਮਾਰੀਆਂ ਲੱਗ ਸਕਦੀਆਂ ਹਨ, ਜਿਨ੍ਹਾਂ ਦਾ ਇਲਾਜ ਇੱਕ ਅਲਮਾਰੀ 'ਚ ਰੱਖੀਆਂ ਦਵਾਈਆਂ ਨਹੀਂ ਕਰ ਸਕਦੀਆਂ। ਉਨ੍ਹਾਂ ਬਿਮਾਰੀਆਂ ਤੋਂ ਬਚਾਅ ਕਰਨ ਦੇ ਕੁੱਝ ਬੁਨਿਆਦੀ ਨੁਕਤੇ ਸਾਂਝੇ ਕਰਦੇ ਹੋਏ ਕਿਹਾ ਕਿ ਲੋਕਾਂ ਨੂੰ ਵੀ ਥੋੜ੍ਹਾ ਜਾਗਰੂਕ ਹੋਣ ਦੀ ਲੋੜ ਹੈ। ਨਸ਼ਿਆਂ ਨੂੰ ਛੁਡਾਉਣ ਦੇ ਸਬੰਧ 'ਚ ਉਨ੍ਹਾਂ ਕਿਹਾ ਕਿ ਇਸ ਬਾਰੇ ਸਰਕਾਰ ਦੀ ਕੋਈ ਠੋਸ ਨੀਤੀ ਨਹੀਂ ਹੈ, ਜਿਸ ਕਾਰਨ ਨਸ਼ੇ ਨਹੀਂ ਘੱਟ ਰਹੇ। ਉਨ੍ਹਾਂ ਕਿਹਾ ਕਿ ਨਸ਼ੇ ਘਟਾਏ ਜਾ ਸਕਦੇ ਹਨ ਪਰ ਬੰਦ ਨਹੀਂ ਹੋ ਸਕਦੇ। ਨਸ਼ੇ 'ਚ ਲੱਗੇ ਨੌਜਵਾਨਾਂ ਨੂੰ ਉਨ੍ਹਾਂ ਸਲਾਹ ਦਿੱਤੀ ਕਿ ਹਰ ਮਹੀਨੇ ਦਸ ਫੀਸਦੀ ਨਸ਼ੇ ਘਟਾ ਕੇ ਇਸ ਤੋਂ ਬਚਾਓ ਕੀਤਾ ਜਾ ਸਕਦਾ ਹੈ। ਅਖੀਰ ਤੇ ਉਨ੍ਹਾਂ ਕਿਹਾ ਕਿ ਮੁਹੱਲਾ ਕਲੀਨਿਕ ਖੋਲਣ ਦੀ ਸਿਆਸੀ ਜਿੱਦ ਪੰਜਾਬ ਦੇ ਰਹਿੰਦੇ ਖੂੰਹਦੇ ਸਿਹਤ ਢਾਂਚੇ ਨੂੰ ਬਰਬਾਦ ਕਰ ਦੇਵੇਗੀ। ਆਰਐਮਪੀਆਈ ਦੇ ਸੂਬਾ ਕਮੇਟੀ ਮੈਂਬਰ ਪਰਮਜੀਤ ਰੰਧਾਵਾ ਨੇ ਕਿਹਾ ਕਿ ਬਰਾਬਰਤਾ ਵਾਲਾ ਸਮਾਜ ਸਿਰਜ ਕੇ ਵਧੀਆਂ ਸਿਹਤ ਸਹੂਲਤਾਂ ਦਿੱਤੀਆਂ ਜਾ ਸਕਦੀਆਂ ਹਨ। ਇਸ ਸਮੇਂ ਸੂਬਾਈ ਆਗੂ ਸੰਤੋਖ ਸਿੰਘ ਬਿਲਗਾ, ਡਾ. ਸਰਬਜੀਤ ਮੁਠੱਡਾ, ਸਰਬਜੀਤ ਸੰਗੋਵਾਲ ਤੇ ਜਰਨੈਲ ਫਿਲੌਰ ਨੇ ਕਿਹਾ ਕਿ ਸਾਨੂੰ ਵਧੀਆ ਸਮਾਜ ਸਿਰਜਣ ਲਈ ਜਾਗਰੂਕ ਹੋਣਾ ਚਾਹੀਦਾ ਹੈ ਤੇ ਜਨਤਕ ਸੇਵਾਵਾਂ ਬਚਾਉਣ ਦੀ ਲੜਾਈ ਨੂੰ ਪ੍ਰਚੰਡ ਕਰਨਾ ਚਾਹੀਦਾ ਹੈ। ਇਸ ਸਮੇਂ ਕੁਲਦੀਪ ਫਿਲੌਰ, ਕੁਲਜੀਤ ਫਿਲੌਰ,ਤਜਿੰਦਰ ਧਾਲੀਵਾਲ, ਜਸਵੀਰ ਚਾਚਾ, ਤੀਰਥ ਸਿੰਘ ਬਾਸੀ, ਕੁਲਦੀਪ ਕੌੜਾ, ਕੁਲਦੀਪ ਵਾਲੀਆਂ, ਨਗਰ ਕੌਂਸਲ ਪ੍ਰਧਾਨ ਮਹਿੰਦਰ ਰਾਮ, ਕਾਮਰੇਡ ਹਰਿਬਲਾਸ, ਪਰਸ਼ੋਤਮ ਫਿਲੌਰ, ਗੁਰਦੀਪ ਗੋਗੀ, ਮੱਖਣ ਫਿਲੌਰ, ਬੇਅੰਤ ਔਜਲਾ, ਬਲਵੀਰ ਬੀਰੀ, ਡਾ ਬਲਵਿੰਦਰ ਕੁਮਾਰ, ਡਾ ਸੰਦੀਪ, ਡਾ ਅਸ਼ੋਕ ਕੁਮਾਰ, ਜਸਪਾਲ ਗਿੰਡਾ, ਸਤਨਾਮ ਸੁਮਨ, ਵਿਸ਼ਾਲ ਖਹਿਰਾ, ਜਸਵੰਤ ਬੋਧ, ਨਿਰਮੋਲਕ ਹੀਰਾ, ਸਰਬਜੀਤ ਢੇਸੀ, ਬੂਟਾ ਰਾਮ, ਤਾਰਾ ਸਿੰਘ, ਬਲਵੀਰ ਕੁਮਾਰ, ਮੰਗਤ ਰਾਮ, , ਬੇਬੀ ਵਿਰਦੀ, ਗੇਜੋ, ਰਤਨ ਵਿਰਦੀ, ਜਸਵੀਰ ਸਿੰਘ, ਬਲਦੇਵ ਵਿਰਦੀ, ਅਰਸ਼ਪਰੀਤ, ਦਮਨ ਪਾਲ, ਰਕੇਸ਼ ਕੁਮਾਰ, ਵਿਜੇ ਸਾਬਰੀ ਆਦਿ ਹਾਜਰ ਸਨ।

## ਨਸ਼ਿਆਂ ਖਿਲਾਫ ਜਾਗਰੂਕਤਾ ਕੈਂਪ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**— ਐਸ. ਐਸ. ਮੈਮੋਰੀਅਲ ਐਜੂਕੇਸ਼ਨਲ ਸੁਸਾਇਟੀ ਸ਼੍ਰੀ ਚਮਕੌਰ ਸਾਹਿਬ ਵਲੋਂ ਪੰਜਾਬ ਰਾਜ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਦੀ ਗਾਇਡ ਲਾਇਨਜ ਅਨੁਸਾਰ ਸੰਸਥਾ ਵਲੋ ਰੋਪੜ ਜ਼ਿਲ੍ਹੇ ਦੇ ਸਕੂਲਾਂ ਵਿਚ ਵਧ ਰਹੇ ਨਸ਼ੇ ਦੇ ਰੁਝਾਨ ਪ੍ਰਤੀ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ ਤਾ ਕਿ ਉਹ ਖੁਦ ਇਸ ਬੁਰਾਈ ਤੋਂ ਬਚਣ ਅਤੇ ਾ ਪਰਵਾਰਾਂ ਨੂੰ ਇਸ ਬੁਰਾਈ ਤੋਂ ਦੂਰ ਰਖਣ ਦੇ ਯਤਨ ਕਰਨ। ਸਰਕਾਰੀ ਸੀਨੀਅਰ ਸੰਕੈਡਰੀ ਸਮਾਰਟ ਸਕੂਲ ਮਕੜੌਨਾ ਕਲਾਂ ਅਤੇ ਸਰਕਾਰੀ ਹਾਈ ਸਕੂਲ ਸਧੂੰਆ ਦੇ ਪ੍ਰਿੰਸੀਪਲਾਂ ਬਲਵੰਤ ਸਿੰਘ ਤੇ ਲਾਲ ਸਿੰਘ ਅਤੇ ਸਮੂਹ ਸਟਾਫ ਮੈਂਬਰਾਂ ਨੇ ਇਸ ਜਾਗਰੂਕਤਾ ਕੈਂਪ ਨੂੰ ਸਫਲ ਕਰਨ ਵਿਚ ਸਹਿਯੋਗ ਦਿੱਤਾ। ਸੰਸਥਾ ਦੇ ਚੇਅਰਮੈਨ ਪ੍ਰੋ. ਆਰ.ਸੀ.ਢੰਡ ਨੇ ਬੱਚਿਆਂ ਨੂੰ ਇਸ ਬੁਰਾਈ ਵਿਰੁੱਧ ਸੌਂਹ ਚੁਕਵਾਈ । ਸ਼੍ਰੀਮਤੀ ਆਸ਼ਾ ਰਾਣੀ ਅਤੇ ਕੈਪਟਨ ਹਰਪਾਲ ਸਿੰਘ ਨੇ ਆਪਣੇ ਵਿਚਾਰ ਰੱਖੇ ਅਤੇ ਸਕੂਲ ਦੇ ਪ੍ਰਿੰਸੀਪਲਾਂ ਤੇ ਸਮੂਹ ਸਟਾਫ ਨੂੰ ਸਨਮਾਨਿਤ ਕੀਤਾ ਗਿਆ। ਸਕੂਲਾਂ ਵਿਚ ਛਾਂਦਾਰ ਬੂਟੇ ਲਗਾਏ ਗਏ।

## ਪਿੰਡ ਵਾਸੀ ਵੱਖ-ਵੱਖ ਪਾਰਟੀਆਂ ਛੱਡ ਕੇ ਭਾਜਪਾ 'ਚ ਸ਼ਾਮਲ ਹੋਏ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ )**- ਪਿੰਡ ਕੰਧਾਲਾ ਜੱਟਾਂ ਵਿਖੇ ਭਾਜਪਾ ਮੰਡਲ ਦੀ ਮੀਟਿੰਗ ਮੁਖੀ ਚਰਨਜੀਤ ਸਿੰਘ ਹਰਸੀ ਪਿੰਡ ਦੀ ਅਗਵਾਈ ਹੇਠ ਹੋਈ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਵੱਖ-ਵੱਖ ਪਾਰਟੀਆਂ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ। ਇਸ ਮੌਕੇ ਕੇਂਦਰ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਪਾਰਟੀ ਦੀਆਂ ਲੋਕ ਪੱਖੀ ਯੋਜਨਾਵਾਂ ਅਤੇ ਵਿਕਾਸ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੀ ਅਗਵਾਈ ਹੇਠ ਦੇਸ਼ ਵਿਸ਼ਵ ਵਿੱਚ ਮਜਬੂਤੀ ਨਾਲ ਅੱਗੇ ਵਧ ਰਿਹਾ ਹੈ। ਇਸ ਮੌਕੇ ਉਨ੍ਹਾਂ ਵਰਕਰਾਂ ਨੂੰ ਲੋਕ ਭਲਾਈ ਸਕੀਮਾਂ ਬਾਰੇ ਜਾਣਕਾਰੀ ਲੋਕਾਂ ਤੱਕ ਪਹੁੰਚਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸੰਜੀਵ ਕੁਮਾਰ ਸ਼ਰਮਾ, ਹੈਰੀ, ਆਕਾਸ਼ਦੀਪ ਸਿੰਘ, ਪ੍ਰਭਜੀਤ ਸਿੰਘ, ਪ੍ਰੇਮ ਸਿੰਘ, ਮੋਹਨ ਸਿੰਘ, ਮਨਜੀਤ ਸਿੰਘ, ਚੰਨੀ, ਸਾਬੀ, ਸੁਖਵਿੰਦਰ ਸਿੰਘ, ਸੋਮਨਾਥ, ਗੁਰਪ੍ਰੀਤ ਸਿੰਘ, ਪ੍ਰਿੰਸ, ਜਰਨੈਲ ਸਿੰਘ, ਅਤੇ ਤਰਲੋਚਨ ਸਿੰਘ ਆਦਿ ਮੌਜੂਦ ਸਨ ।

## ਡਿਪਟੀ ਕਮਿਸ਼ਨਰ ਨੇ ਰੇਲਵੇ ਅੰਡਰ ਬ੍ਰਿਜ ਦਾ ਕੀਤਾ ਦੌਰਾ



**ਮੋਰਿੰਡਾ, (ਜੈਜੀ ਸਰਦਾਰ)** ਡਿਪਟੀ ਕਮਿਸ਼ਨਰ ਰੂਪਨਗਰ ਡਾ. ਪ੍ਰੀਤੀ ਯਾਦਵ ਨੇ ਮੋਰਿੰਡਾ ਵਿਖੇ ਰੇਲਵੇ ਅੰਡਰ ਬ੍ਰਿਜ ਦਾ ਦੌਰਾ ਕੀਤਾ ਅਤੇ ਪਿਛਲੇ ਲੰਬੇ ਸਮੇਂ ਤੋਂ ਵਰਖਾ ਉਪਰੰਤ ਆ ਰਹੀ ਪਾਣੀ ਦੇ ਨਿਕਾਸ ਦੀ ਸਮੱਸਿਆ ਦਾ ਪੱਕਾ ਹੱਲ ਕਰਨ ਲਈ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ। ਇਸ ਮੌਕੇ ਉਨ੍ਹਾਂ ਉੱਚ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਨਿਰਦੇਸ਼ ਦਿੱਤੇ ਕਿ ਇਸ ਸਮੱਸਿਆ ਦੀ ਪੜਤਾਲ ਕਰਕੇ ਇਹ ਘੋਖਿਆ ਜਾਵੇ ਕਿ ਇਸ ਨੂੰ ਬਣਾਉਣ ਵੇਲੇ ਕਮੀ ਕਿੱਥੇ ਰਹੀ ਹੈ, ਜੋ ਪਾਣੀ ਦੇ ਨਿਕਾਸ ਦੀ ਇੰਨੀ ਵੱਡੀ ਸਮੱਸਿਆ ਆ ਰਹੀ ਹੈ। ਉਨ੍ਹਾਂ ਕਿਹਾ ਕਿ ਬ੍ਰਿਜ 'ਚ ਪਾਣੀ ਭਰਨ ਦੌਰਾਨ ਨਗਰ ਕੌਂਸਲ ਵਲੋਂ ਵਾਟਰ ਪੰਪ ਲਗਾ ਕੇ ਪਾਣੀ ਕੱਢਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜੋ ਕਿ ਨਾ ਮਾਤਰ ਕੋਸ਼ਿਸ਼ ਸਾਬਿਤ ਹੁੰਦੀ ਹੈ ਉਨ੍ਹਾਂ ਕਿਹਾ ਕਿ ਇਸ ਸਮੱਸਿਆ ਦੇ ਸਥਾਈ ਹੱਲ ਲਈ ਇਸ ਸਮੱਸਿਆ ਦੀ ਬਰੀਕੀ ਨਾਲ ਪੜਤਾਲ ਕੀਤੀ ਜਾਵੇ। ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਥੋੜ੍ਹੀ ਮਾਤਰਾ 'ਚ ਬਾਰਿਸ਼ ਨਾਲ ਵੀ ਪਾਣੀ ਭਰ ਜਾਂਦਾ ਹੈ ਜਿਸ ਨਾਲ ਇਸ ਰਾਹੀਂ ਚਲਣ ਵਾਲੀ ਟਰੈਫਿਕ ਨੂੰ ਬੰਦ ਕਰਨਾ ਪੈਂਦਾ ਹੈ ਅਤੇ ਇਸ ਸਮੱਸਿਆ ਦੇ ਤੁਰੰਤ ਹੱਲ ਲਈ ਲੋਕ ਨਿਰਮਾਣ ਵਿਭਾਗ ਅਤੇ ਰੇਲਵੇ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਸੰਬਧੀ ਠੋਸ ਹੱਲ ਲਈ ਜੋ ਤਜਵੀਜ ਤਿਆਰ ਕੀਤੀ ਜਾਂਦੀ ਉਸ ਦੀ ਰਿਪੋਰਟ ਇੱਕ ਹਫਤੇ ਦੇ 'ਚ ਪੇਸ਼ ਕੀਤੀ ਜਾਵੇ। ਇਸ ਮੀਟਿੰਗ ਦੌਰਾਨ ਐਸ ਡੀ ਐਮ ਮੋਰਿੰਡਾ ਦੀਪਾਂਕਰ ਗਰਗ, ਲੋਕ ਨਿਰਮਾਣ ਵਿਭਾਗ ਤੋਂ ਕਾਰਜਕਾਰੀ ਇੰਜੀਨੀਅਰ, ਐਸ ਡੀ ਓ ਨੈਸ਼ਨਲ ਹਾਈਵੇ, ਰੇਲਵੇ ਵਿਭਾਗ ਤੋਂ ਅਧਿਕਾਰੀ, ਡੀ ਐਸ ਪੀ ਮਨਜੀਤ ਸਿੰਘ ਔਲਖ ਤੇ ਹੋਰ ਉੱਚ ਅਧਿਕਾਰੀ ਹਾਜ਼ਰ ਸਨ।

## ਇੰਡੀਅਨ ਆਇਲ ਜ਼ਿਲ੍ਹਾ ਬੈਡਮਿੰਟਨ ਚੈਂਪੀਅਨਸ਼ਿਪ ਸ਼ੁਰੂ

**ਜਲੰਧਰ (ਸੁਰਿੰਦਰ ਕੁਮਾਰ)** ਰਾਏਜਾਦਾ ਹੰਸਰਾਜ ਬੈਡਮਿੰਟਨ ਸਟੇਡੀਅਮ 'ਚ ਇੰਡੀਅਨ ਆਇਲ ਜਲੰਧਰ ਡਿਸਟ੍ਰਿਕਟ ਬੈਡਮਿੰਟਨ ਚੈਂਪੀਅਨਸ਼ਿਪ ਵੀਰਵਾਰ ਤੋਂ ਸ਼ੁਰੂ ਹੋ ਗਈ। ਇਸ ਚੈਂਪੀਅਨਸ਼ਿਪ ਦੇ ਬਾਰੇ ਆਰਗਨਾਈਜ਼ਿੰਗ ਸੈਕ੍ਰੇਟਰੀ ਧੀਰਜ ਸ਼ਰਮਾ ਨੇ ਦੱਸਿਆ ਕਿ ਚਾਰ ਦਿਨਾਂ ਚੈਂਪੀਅਨਸ਼ਿਪ ਦੀ ਸ਼ੁਰੂਆਤ ਡਿਸਟ੍ਰਿਕਟ ਬੈਡਮਿੰਟਨ ਐਸੋਸੀਏਸ਼ਨ ਦੇ ਸਕੱਤਰ ਅਤੇ ਸਾਬਕਾ ਰਾਸ਼ਟਰੀ ਖਿਡਾਰੀ ਰਿਤਿਨ ਖੰਨਾ ਨੇ ਕੀਤੀ। ਚੈਂਪੀਅਨਸ਼ਿਪ ਦੌਰਾਨ 430 ਮੈਚ ਕਰਵਾਏ ਜਾਣਗੇ। ਲਗਭਗ 550 ਖਿਡਾਰੀ ਇਸ ਚੈਂਪੀਅਨਸ਼ਿਪ 'ਚ ਭਾਗ ਲੈ ਰਹੇ ਹਨ। ਚੈਂਪੀਅਨਸ਼ਿਪ ਦੌਰਾਨ ਡੀ ਬੀ ਏ ਦੇ 70 ਸਾਲ ਦੇ ਇਤਿਹਾਸ 'ਚ ਪਹਿਲੀ ਵਾਰ ਟੂਰਨਾਮੈਂਟ ਸਾਫਟਵੇਅਰ ਦੁਆਰਾ ਡ੍ਰਾਅ ਪਾਏ ਗਏ ਹਨ। ਬੈਡਮਿੰਟਨ ਐਸੋਸੀਏਸ਼ਨ ਆਫ ਇੰਡੀਆ (ਬੀ.ਏ.ਆਈ.) ਤੋਂ ਮੰਜੂਰ ਰਵਿੰਦਰ ਕੁਮਾਰ ਰੈਫਰੀ ਦੀ ਭੂਮਿਕਾ ਰਹੇ ਹਨ। 27 ਅਗਸਤ ਨੂੰ ਚੈਂਪੀਅਨਸ਼ਿਪ ਦਾ ਇਨਾਮ ਵੰਡ ਸਮਾਰੋਹ ਹੋਵੇਗਾ ਅਤੇ ਮੁਖ ਮਹਿਮਾਨ ਜਲੰਧਰ ਦੇ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ, ਆਈ.ਏ.ਐਸ. ਜਦੋਂਕਿ ਵਿਸ਼ੇਸ਼ ਮਹਿਮਾਨ ਇੰਡੀਅਨ ਆਇਲ ਦੇ ਜਲੰਧਰ ਡਿਵੀਜ਼ਨ ਦੇ ਮੁਖੀ ਰਾਜਨ ਬੇਰੀ ਹੋਣਗੇ। ਜੇਤੂ ਖਿਡਾਰੀਆਂ ਨੂੰ 3 ਲੱਖ ਦੇ ਨਗਦ ਇਨਾਮ ਵੰਡੇ ਜਾਣਗੇ। ਇਸ ਮੌਕੇ 'ਤੇ ਸਾਬਕਾ ਅੰਤਰਰਾਸ਼ਟਰੀ ਖਿਡਾਰੀ ਸਤੀਸ਼ ਕੋਹਲੀ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ। ਚੈਂਪੀਅਨਸ਼ਿਪ ਦੇ ਸਹਿ-ਪ੍ਰਯੋਜਕ ਐੱਮ.ਕੇ. ਵਾਇਰਸ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫੂਡਕੋਸਟ, ਸਾਵੀ ਇੰਟਰਨੈਸ਼ਨਲ, ਲਿਨਿੰਗ, ਮੈਟਰੋ ਮਿਲਕ, ਅਗਰਵਾਲ ਸਟੀਲਸ ਅਤੇ ਨਿਊਏਜ ਆਟੋ ਏਜੰਸੀ ਹਨ। ਐਸੋਸੀਏਸ਼ਨ ਵੱਲੋਂ ਸਾਰੇ ਖਿਡਾਰੀਆਂ ਲਈ ਰਿਫ੍ਰੈਸ਼ਮੈਂਟ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ।

## ਸੋਸ਼ਲਿਸਟ ਪਾਰਟੀ ਵੱਲੋਂ ਮੋਦੀ ਵਿਰੁੱਧ ਸੰਵਿਧਾਨ ਦੀ ਉਲੰਘਣਾ ਕਰਨ ਵਿਰੁੱਧ ਸ਼ਿਕਾਇਤ ਦਰਜ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਸੋਸ਼ਲਿਸਟ ਪਾਰਟੀ ਇੰਡੀਆ ਵੱਲੋਂ 7 ਮੈਂਬਰੀ ਪ੍ਰਤੀਨਿਧ ਮੰਡਲ ਓਮ ਸਿੰਘ ਸਟਿਆਣਾ ਤੇ ਸਾਬਕਾ ਕੌਮੀ ਮੀਤ ਪ੍ਰਧਾਨ ਬਲਵੰਤ ਸਿੰਘ ਖੇੜਾ ਦੀ ਅਗਵਾਈ ਹੇਠ ਜਿਲ੍ਹਾ ਪੁਲਸ ਕਪਤਾਨ ਸਰਤਾਜ ਸਿੰਘ ਚਾਹਲ ਨੂੰ ਮਿਲਿਆ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁੱਧ ਤਿੰਨ ਸਫਿਆਂ ਦੀ ਸ਼ਿਕਾਇਤ ਦਰਜ ਕਰਵਾਈ ਗਈ। ਮੋਦੀ ਵੱਲੋਂ ਵਿਚਾਰਾਂ ਦੀ ਅਜ਼ਾਦੀ ਦੇ ਪ੍ਰਗਟਾਵੇ ਦੀ ਅਤੇ ਨੈਤਿਕ ਕਦਰਾਂ ਕੀਮਤਾਂ ਦੀ ਉਲੰਘਣਾ ਕੀਤੀ ਗਈ ਹੈ। ਉਨ੍ਹਾਂ ਵੱਲੋਂ ਧਰਮ ਨੂੰ ਸਿਆਸਤ ਨਾਲ ਮਿਲਾ ਕੇ ਕਰਨਾਟਕ ਦੀਆਂ ਚੋਣਾਂ 'ਚ ਵੱਡੀਆਂ ਰੈਲੀਆਂ 'ਚ ਵੋਟਰਾਂ ਮਸ਼ੀਨ ਦਾ ਬਟਨ ਦਬਾਉਣ ਸਮੇਂ ਜੈ ਬਜਰੰਗ ਬਲੀ ਦਾ ਨਾਅਰਾ ਲਗਾਉਣ ਦੀ ਅਪੀਲ ਕੀਤੀ ਸੀ।

ਇਸ ਸੰਬਧੀ ਪਾਰਟੀ ਵੱਲੋਂ ਮੋਦੀ ਦੀ ਵੀਡੀਓ ਰਿਕਾਰਡਿੰਗ ਕਲਿੱਪ ਵੀ ਨਾਲ ਨੱਥੀ ਕੀਤੀ ਗਈ ਹੈ। ਇਸ ਸਮੇਂ ਉਘੇ ਅਧਿਆਪਕ ਲੀਡਰ ਮਹਿੰਦਰ ਸਿੰਘ ਹੀਰ, ਕਮਲਜੀਤ ਸਿੰਘ ਮੰਨਣ, ਪਰਮਜੀਤ ਸਿੰਘ ਲਾਬੜਾ ਅਤੇ ਨੌਜਵਾਨ ਨੇਤਾ ਪੰਜਾਬ ਪ੍ਰਧਾਨ ਗੁਰਵਿੰਦਰ ਬਰਾੜ ਅਤੇ ਚੇਅਰਮੈਨ ਹਰਜਿੰਦਰ ਸਿੰਘ ਆਦਿ ਸ਼ਾਮਲ ਹੋਏ। ਇਸ ਮੌਕੇ ਸਰਤਾਜ ਸਿੰਘ ਚਾਹਲ ਨੇ ਸਮੂਹ ਮੈਂਬਰਾਂ ਨੂੰ ਜੀ ਆਇਆਂ ਆਖਿਆ ਅਤੇ ਉਸੇ ਸਮੇਂ ਡੀ ਐਸ ਪੀ ਸਿਟੀ ਪਲਵਿੰਦਰ ਸਿੰਘ ਨੂੰ ਤੁਰੰਤ ਕਾਰਵਾਈ ਕਰਨ ਦੇ ਆਦੇਸ਼ ਦਿੱਤੇ।

## ਕੈਬਨਿਟ ਮੰਤਰੀ ਨੇ ਵਿਦਿਆਰਥਣਾਂ ਨੂੰ ਸਾਈਕਲ ਵੰਡੇ



**ਜਲੰਧਰ (ਸੁਰਿੰਦਰ ਕੁਮਾਰ)** ਵਿਦਿਆਰਥਣਾਂ ਨੂੰ ਸਮੇਂ ਸਿਰ ਸਕੂਲ ਪਹੁੰਚਣ ਲਈ ਲੋੜੀਂਦੀ ਗਤੀਸ਼ੀਲਤਾ ਪ੍ਰਦਾਨ ਕਰਨ ਦੇ ਮਕਸਦ ਨਾਲ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਵੱਲੋਂ ਜ਼ਿਲ੍ਹੇ ਦੇ ਪਿੰਡ ਪੱਤੜ ਕਲਾਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਛੇਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਪੜ੍ਹਦੀਆਂ ਵਿਦਿਆਰਥਣਾਂ ਨੂੰ ਸਾਈਕਲ ਵੰਡੇ ਗਏ। ਇਸ ਮੌਕੇ ਹੋਏ ਸਮਾਗਮ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਮਿਆਰੀ ਸਿੱਖਿਆ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ, ਜਿਸ ਦੇ ਲਈ ਸਰਕਾਰ ਵੱਲੋਂ ਮਾਰਚ 2022 ਵਿੱਚ ਆਪਣੇ ਗਠਨ ਤੋਂ ਬਾਅਦ ਤੋਂ ਹੀ ਸੁਹਿਰਦ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਸਿੱਖਿਆ ਦੇ ਖੇਤਰ ਲਈ ਬਜਟ ਵਿੱਚ ਵਾਧਾ ਕੀਤਾ, ਜਿਸ ਨੂੰ ਪਿਛਲੀਆਂ ਸਰਕਾਰਾਂ ਦੌਰਾਨ ਪੂਰੀ ਤਰ੍ਹਾਂ ਨਜਰਅੰਦਾਜ ਕੀਤਾ ਗਿਆ । ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਅਤਿ-ਆਧੁਨਿਕ ਬੁਨਿਆਦੀ ਢਾਂਚੇ, ਆਧੁਨਿਕ ਕਲਾਸਰੂਮ, ਕੰਪਿਊਟਰ, ਸਾਇੰਸ ਲੈਬਜ਼, ਖੇਡ ਦੇ ਮੈਦਾਨ, ਲੋੜੀਂਦੇ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਵਾਲੇ 117 ਸਕੂਲ ਆਫ ਐਮੀਨੈਂਸ ਸਮੇਤ ਵਿਆਪਕ ਸੁਧਾਰ ਕੀਤੇ ਗਏ ਹਨ। 12000 ਅਧਿਆਪਕਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਤੋਂ ਇਲਾਵਾ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਸਿਖਿਆ ਦੇ ਖੇਤਰ ਵਿੱਚ ਆਪਣੇ ਪੇਸ਼ੇਵਰ ਗਿਆਨ ਅਤੇ ਮੁਹਾਰਤ ਨੂੰ ਅਪਡੇਟ ਕਰਨ ਲਈ ਸਿੰਗਾਪੁਰ ਭੇਜਿਆ ਜਾ ਰਿਹਾ ਹੈ। ਮੰਤਰੀ ਨੇ ਵਿਦਿਆਰਥੀਆਂ ਨੂੰ ਜੀਵਨ ਵਿੱਚ ਆਪਣੇ ਟੀਚਿਆਂ ਨੂੰ ਹਾਸਲ ਕਰਨ ਲਈ ਸਖਤ ਮਿਹਨਤ ਕਰਨ ਅਤੇ ਪੰਜਾਬ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਦਾ ਸੱਦਾ ਵੀ ਦਿੱਤਾ। ਉਨ੍ਹਾਂ ਵਿਦਿਆਰਥੀਆਂ ਨੂੰ ਦੇਸ ਲਈ ਜਾਨਾਂ ਵਾਰਨ ਵਾਲੇ ਆਜਾਦੀ ਘੁਲਾਟੀਆਂ, ਸ਼ਹੀਦਾਂ ਦੇ ਨਕਸ਼-ਏ-ਕਦਮਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ ਕਿਉਂਕਿ ਨੌਜਵਾਨ ਹੀ ਦੇਸ ਦਾ ਭਵਿੱਖ ਹਨ। ਉਨ੍ਹਾਂ ਕਿਹਾ ਕਿ ਭਾਰਤ ਵਿਸ਼ਵ ਵਿੱਚ ਨੌਜਵਾਨਾਂ ਦੀ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੈ ਅਤੇ ਦੇਸ਼ ਨੂੰ ਧਰਤੀ 'ਤੇ ਮਹਾਂਸ਼ਕਤੀ ਬਣਾਉਣ ਦੀ ਵੱਡੀ ਜ਼ਿੰਮੇਵਾਰੀ ਨੌਜਵਾਨਾਂ ਦੇ ਮੋਢਿਆਂ 'ਤੇ ਹੈ।

ਉਨ੍ਹਾਂ ਸਕੂਲ ਵਿੱਚ ਪ੍ਰਾਜੈਕਟਰ, ਕੈਂਪਸ ਦੀ ਇੰਟਰਲਾਕਿੰਗ ਟਾਈਲਿੰਗ ਅਤੇ ਹੋਰ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਪੂਰਾ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ।

## ਕੰਗ ਨੇ ਲਲਿਤ ਸਕਲਾਨੀ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਨੂੰ ਕੀਤਾ ਸਨਮਾਨਤ



**ਫਗਵਾੜਾ (ਡਾ. ਰਮਨ, ਜਗਵਿੰਦਰ ਢੱਡਾ)** ਜ਼ਿਲ੍ਹਾ ਯੋਜਨਾ ਬੋਰਡ ਕਪੂਰਥਲਾ ਦੇ ਚੇਅਰਪਰਸਨ ਮੈਡਮ ਲਲਿਤ ਸਕਲਾਨੀ ਦਾ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਜ਼ਿਲ੍ਹਾ ਚੇਅਰਮੈਨ (ਮਨੁੱਖਤਾਵਾਦੀ) ਲਾਇਨ ਗੁਰਦੀਪ ਸਿੰਘ ਕੰਗ ਦੇ ਨਵੀਂ ਮੰਡੀ ਰੋਡ ਸਥਿਤ ਦਫ਼ਤਰ ਵਿਖੇ ਪਹੁੰਚਣ ਤੇ ਸਵਾਗਤ ਕੀਤਾ ਗਿਆ। ਲਾਇਨ ਗੁਰਦੀਪ ਸਿੰਘ ਕੰਗ ਨੇ ਮੈਡਮ ਸਕਲਾਨੀ ਨੂੰ ਸ਼ਹਿਰ ਦੇ ਵਿਕਾਸ ਅਤੇ ਫਗਵਾੜਾ ਵਾਸੀਆਂ ਦੀ ਭਲਾਈ ਲਈ ਕੁਝ ਸਕੀਮਾਂ 'ਤੇ ਕੰਮ ਸ਼ੁਰੂ ਕਰਨ ਦੀ ਅਪੀਲ ਕੀਤੀ। ਕੰਗ ਨੇ ਮੈਡਮ ਸਕਲਾਨੀ ਦੀ ਸਾਦਗੀ ਅਤੇ ਇਮਾਨਦਾਰ ਅਕਸ ਨੂੰ ਸਿਆਸਤਦਾਨਾਂ ਲਈ ਪ੍ਰੇਰਨਾ ਦਾਇਕ ਵੀ ਦੱਸਿਆ। ਇਸ ਦੌਰਾਨ ਮੈਡਮ ਸਕਲਾਨੀ ਨੇ ਗੁਰਦੀਪ ਸਿੰਘ ਕੰਗ ਦਾ ਸਨਮਾਨ ਲਈ ਧੰਨਵਾਦ ਪ੍ਰਗਟਾਇਆ ਅਤੇ ਕੰਗ ਵੱਲੋਂ ਵੱਖ-ਵੱਖ ਸੰਸਥਾਵਾਂ ਨਾਲ ਜੁੜ ਕੇ ਅਤੇ ਨਿੱਜੀ ਤੌਰ 'ਤੇ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਗੁਰਦੀਪ ਸਿੰਘ ਕੰਗ ਦੀਆਂ ਸਮਾਜ ਸੇਵੀ ਗਤੀਵਿਧੀਆਂ ਬਾਰੇ ਅਕਸਰ ਪੜ੍ਹਦੇ-ਸੁਣਦੇ ਹਨ। ਖਾਸ ਕਰਕੇ ਲੋੜਵੰਦਾਂ ਨੂੰ ਹਰ ਮਹੀਨੇ ਰਾਸ਼ਨ ਵੰਡਣਾ, ਮਰੀਜ਼ਾਂ ਨੂੰ ਦਵਾਈਆਂ ਲਈ ਆਰਥਿਕ ਸਹਾਇਤਾ ਅਤੇ ਲੋੜਵੰਦ ਪਰਿਵਾਰਾਂ ਦੀਆਂ ਧੀਆਂ ਦੇ ਵਿਆਹ ਵਿੱਚ ਸਹਿਯੋਗ ਕਰਨਾ ਬਹੁਤ ਪੁੰਨ ਦਾ ਕੰਮ ਹੈ। ਉਨ੍ਹਾਂ ਆਪਣੇ ਵੱਲੋਂ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ।

## ਚਿੱਪ ਵਾਲੇ ਮੀਟਰਾਂ ਵਿਰੁੱਧ ਧਰਨੇ 'ਚ ਹਾਜ਼ਰੀ ਭਰਨਗੇ ਸਲੋਹ ਤੇ ਕਰੀਮਪੁਰ ਨਿਵਾਸੀ

**ਨਵਾਂਸ਼ਹਿਰ ( ਮਨੋਜ ਲਾਡੀ)** ਪੰਜਾਬ ਦੀ ਮਾਨ ਸਰਕਾਰ ਵੱਲੋਂ ਬਿਜਲੀ ਦੇ ਚਿੱਪ ਵਾਲੇ ਸਮਾਰਟ ਮੀਟਰ ਲਾਉਣ ਦੇ ਵਿਰੋਧ 'ਚ 'ਸਮਾਰਟ ਮੀਟਰ ਵਿਰੋਧੀ' ਫਰੰਟ ਵੱਲੋਂ 28 ਅਗਸਤ ਨੂੰ ਨਿਗਰਾਨ ਇੰਜੀਨੀਅਰ ਨਵਾਂਸ਼ਹਿਰ ਦੇ ਦਫਤਰ ਗੜ੍ਹਸ਼ੰਕਰ ਰੋਡ ਨਵਾਂਸ਼ਹਿਰ ਅੱਗੇ ਲਾਏ ਜਾ ਰਹੇ ਧਰਨੇ 'ਚ ਸਲੋਹ ਅਤੇ ਕਰੀਮਪੁਰ ਪਿੰਡਾਂ ਦੇ ਲੋਕ ਭਰਵੀਂ ਸ਼ਮੂਲੀਅਤ ਕਰਨਗੇ। ਇਸ ਸੰਬੰਧੀ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਉਕਤ ਪਿੰਡਾਂ 'ਚ ਮਜ਼ਦੂਰਾਂ ਦੀ ਮੀਟਿੰਗਾਂ ਕਰਵਾਈਆਂ ਗਈਆਂ। ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਜਿਲ੍ਹਾ ਆਗੂ ਕਮਲਜੀਤ ਸਨਾਵਾ, ਬਲਾਕ ਨਵਾਂਸ਼ਹਿਰ ਦੇ ਪ੍ਰਧਾਨ ਸੁਰਿੰਦਰ ਮੀਰਪੁਰੀ, ਜਸਵੀਰ ਰਾਮ, ਤਰਸੇਮ ਲਾਲ, ਹਰਭਜਨ ਲਾਲ, ਜੁਗਿੰਦਰ ਕੌਰ ਅਤੇ ਸੁਨੀਤਾ ਰਾਣੀ ਨੇ ਕਿਹਾ ਕਿ ਮਾਨ ਸਰਕਾਰ ਨਿੱਜੀ ਕੰਪਨੀ ਦੇ ਚਿੱਪ ਵਾਲੇ ਬਿਜਲੀ ਦੇ ਸਮਾਰਟ ਮੀਟਰ ਲਾਕੇ ਮੁਫਤ ਅਤੇ ਸਸਤੀ ਬਿਜਲੀ ਦੀ ਸਹੂਲਤ ਬੰਦ ਕਰਨਾ ਚਾਹੁੰਦੀ ਹੈ ਜਿਸ ਦੇ ਵਿਰੁੱਧ ਲੋਕਾਂ 'ਚ ਭਾਰੀ ਗੁੱਸਾ ਹੈ। ਉਹਨਾਂ ਕਿਹਾ ਕਿ ਮੁਫਤ ਬਿਜਲੀ ਦਾ ਵਾਅਦਾ ਕਰਕੇ ਲੋਕਾਂ ਕੋਲੋਂ ਆਮ ਆਦਮੀ ਪਾਰਟੀ ਨੇ ਚੋਣਾਂ ਵਿਚ ਵੱਡੀ ਗਿਣਤੀ 'ਚ ਵੋਟਾਂ ਪ੍ਰਾਪਤ ਕੀਤੀਆਂ ਅਤੇ ਹੁਣ ਆਪ ਸਰਕਾਰ ਆਪਣੇ ਵਾਅਦੇ ਤੋਂ ਭੱਜਣ ਲਈ ਰਾਹ ਤਿਆਰ ਕਰ ਰਹੀ ਹੈ।

## ਪੰਜਾਬ ਦੇ ਕਿਸਾਨੋ ਜ਼ਮੀਨਾਂ ਨਾ ਵੇਚੋ, ਬਾਰਡਰ ਜਲਦੀ ਖੁੱਲ੍ਹਣਗੇ : ਪੁਰੇਵਾਲ, ਖਾਲਸਾ

**ਜਲੰਧਰ ( ਇਕਬਾਲ ਸਿੰਘ ਉੱਭੀ )** ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਚੇਅਰਮੈਨ ਰਜਿੰਦਰ ਸਿੰਘ ਪੁਰੇਵਾਲ, ਪ੍ਰਧਾਨ ਪਰਮਿੰਦਰ ਪਾਲ ਸਿੰਘ ਖਾਲਸਾ ਨੇ ਕਿਹਾ ਕਿ ਸਿੱਖ ਸੇਵਕ ਸੁਸਾਇਟੀ ਜਲਦੀ ਕੁਲਦੀਪ ਸਿੰਘ ਵਡਾਲਾ ਦੀ ਕਰਤਾਰਪੁਰੀ ਮੁਹਿੰਮ ਅਗੇ ਤੋਰਨ ਲਈ ਤੇ ਭਾਰਤ ਪਾਕਿਸਤਾਨ ਦੀ ਸਾਂਝ ਲਈ ,ਵਪਾਰ ਲਈ ਬਾਰਡਰ ਖੋਲ੍ਹਣ ਲਈ ਅਰਦਾਸ ਕਰੇਗੀ। ਇਸ ਬਾਰੇ ਸਮੁੱਚੀਆਂ ਧਾਰਮਿਕ ਜਥੇਬੰਦੀਆਂ ਦਾ ਸਹਿਯੋਗ ਲਿਆ ਜਾਵੇਗਾ। ਉਹਨਾਂ ਕਿਹਾ ਕਿ ਭਾਰਤ ਤੇ ਪੰਜਾਬ ਸਰਕਾਰ ਖੇਤੀਬਾੜੀ ਦੇ ਮੁੜ ਨਿਰਮਾਣ ਲਈ ਅਗਲੇ ਪੰਜ ਸਾਲ ਦੇਵੇ। ਆਰਥਿਕ ਸੁਧਾਰਾਂ ਦੇ ਸਮੇਂ ਤੋਂ ਹੀ ਸਨਅਤ ਨੂੰ ਦਿੱਤੇ ਜਾਂਦੇ ਲਾਭਾਂ ਦੀ ਤਰਜ 'ਤੇ ਖੇਤੀਬਾੜੀ ਨੂੰ ਓਨੇ ਸਾਧਨ, ਪ੍ਰੇਰਕ ਅਤੇ ਰਾਹਤ ਪੈਕੇਜ ਦਿੱਤੇ ਜਾਣ। ਛੋਟੀ ਕਿਸਾਨੀ ਅਤੇ ਵਾਤਾਵਰਨ ਦੇ ਲਿਹਾਜ ਤੋਂ ਹੰਢਣਸਾਰ ਖੇਤੀਬਾੜੀ ਨੂੰ ਨਵੇਂ ਸਿਰਿਓਂ ਖੜ੍ਹਾ ਕੀਤਾ ਜਾਵੇ। ਪੰਜਾਬ ਦੇ ਕਿਸਾਨਾਂ ਨੂੰ ਜਥੇਦਾਰ ਖਾਲਸਾ ਨੇ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ ਆਪਣੀਆਂ ਜ਼ਮੀਨਾਂ ਨਹੀਂ ਵੇਚਣੀਆਂ ਚਾਹੀਦੀਆਂ। ਖੇਤੀ ਵਸਤਾਂ ਤੇ ਖੇਤੀ ਇੰਡਸਟਰੀ ਉਸਰਨ ਤੇ ਬਾਰਡਰ ਖੁੱਲਣ ਤੋਂ ਬਾਅਦ ਪੰਜਾਬ ਦੀ ਖੇਤੀ ਆਰਥਿਕਤਾ ਮਜਬੂਤ ਹੋਵੇਗੀ। ਜ਼ਮੀਨਾਂ ਦੇ ਮੁੱਲ ਵਧ ਜਾਣਗੇ। ਸੋ ਪੰਜਾਬ ਦੇ ਕਿਸਾਨਾਂ ਨੂੰ ਵਿਦੇਸ਼ਾਂ ਵਲ ਜਾਣ ਦੀ ਥਾਂ ਪੰਜਾਬ ਸੰਭਾਲਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸੰਗਤੀ ਖੇਤੀ ਤੇ ਇੰਡਸਟਰੀ ਬਿਨਾਂ ਪੰਜਾਬ ਦੇ ਕਿਸਾਨਾਂ ਕੋਲ ਚਾਰਾ ਨਹੀਂ। ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਜਥੇਦਾਰ ਅਕਾਲ ਤਖਤ ਸਾਹਿਬ ਨੂੰ ਇਸ ਬਾਰੇ ਮੋਰਚਾ ਸੰਭਾਲਣ ਦੀ ਲੋੜ ਹੈ। ਪੰਜਾਬ ਤੇ ਹਰਿਆਣਾ ਕਾਰਨ ਭਾਰਤ ਵਿਸ਼ਵ ਆਰਥਿਕ ਮਾਡਲ ਬਣੇਗਾ। ਤੇਜੀ ਨਾਲ ਪੰਜਾਬ ਵਿਚ ਬਣ ਰਹੇ ਹਾਈਵੇ ਇਸ ਵਿਚਾਰ ਦਾ ਆਧਾਰ ਹਨ।

ਉਹਨਾਂ ਕਿਹਾ ਕਿ ਅਸੀਂ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਦੋਵਾਂ ਦੇਸ਼ਾਂ ਦੇ ਲੋਕਾਂ ਵਿਚਕਾਰ ਪਿਆਰ ਤੇ ਸਦਭਾਵਨਾ ਨੂੰ ਹੋਰ ਅੱਗੇ ਵਧਾਉਣ ਅਤੇ ਇਸ ਮਾਧਿਅਮ ਰਾਹੀਂ ਦੋਵਾਂ ਦੇਸ਼ਾਂ ਦੇ ਸੰਬੰਧਾਂ ਨੂੰ ਬਿਹਤਰ ਬਣਾਉਣ ਲਈ ਕਰਤਾਰਪੁਰ ਦੇ ਲਾਂਘੇ ਰਾਹੀਂ ਯਾਤਰੂਆਂ ਦੀ ਗਿਣਤੀ ਵਧਾਉਣ ਲਈ ਯਾਤਰਾ ਦੇ ਨਿਯਮਾਂ ਨੂੰ ਹੋਰ ਵਧੇਰੇ ਸਰਲ ਬਣਾਉਣ। ਇਸ ਦਾ ਬਹੁਤ ਚੰਗਾ ਤੇ ਹਾਂ-ਪੱਖੀ ਪ੍ਰਭਾਵ ਇਸ ਖਿੱਤੇ ਵਿਚ ਪਵੇਗਾ। ਜੇਕਰ ਭਾਰਤ ਸਰਕਾਰ ਪਾਕਿਸਤਾਨ ਦੇ ਗੁਰੂ ਨਾਨਕ ਨਾਮ ਲੇਵਾ ਲੋਕਾਂ ਨੂੰ ਇਸ ਲਾਂਘੇ ਰਾਹੀਂ ਡੇਰਾ ਬਾਬਾ ਨਾਨਕ ਤਕ ਆਉਣ ਦੇਵੇ ਤਾਂ ਇਹ ਲਾਂਘਾ ਦੋ-ਪੱਖੀ ਹੋ ਜਾਏਗਾ ਤੇ ਇਸ ਨਾਲ ਸ਼ਰਧਾਲੂਆਂ ਦੀ ਯਾਤਰਾ ਨੂੰ ਹੋਰ ਵੀ ਵਧੇਰੇ ਹੁੰਗਾਰਾ ਮਿਲ ਸਕਦਾ ਹੈ। ਇਸ ਨਾਲ ਕਰਤਾਰਪੁਰ ਤੇ ਡੇਰਾ ਬਾਬਾ ਨਾਨਕ ਦਰਮਿਆਨ ਵਪਾਰਕ ਸਰਗਰਮੀਆਂ ਵੀ ਵਧ ਸਕਦੀਆਂ ਹਨ।

## ਖ਼ਬਰ ਦਾ ਅਸਰ — ਨਗਰ ਕੌਂਸਲ ਵੱਲੋਂ ਖੁੱਲ੍ਹੇ 'ਚ ਸੁੱਟੀ ਗੰਦਗੀ ਚੁਕਵਾਉਣੀ ਸ਼ੁਰੂ



**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)** ਨਗਰ ਕੌਂਸਲ ਚਮਕੌਰ ਸਾਹਿਬ ਵੱਲੋਂ ਪਿਛਲੇ ਇੱਕ ਮਹੀਨੇ ਤੋਂ ਬੱਸ ਸਟੈਂਡ ਦੇ ਪਿਛਲੇ ਪਾਸੇ ਖੁੱਲ੍ਹੇ 'ਚ ਸੁੱਟੀ ਜਾ ਰਹੀ ਹੈ ਗੰਦਗੀ ਨੂੰ ਹੁਣ ਚੁਕਵਾਉਂਣਾ ਸ਼ੁਰੂ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ 'ਨਵਾਂ ਜਮਾਨਾ' 'ਚ ਲੋਕਾਂ ਲਈ ਮੁਸੀਬਤ ਬਣੀ ਖੁੱਲ੍ਹੇ ਵਿੱਚ ਸੁੱਟੀ ਜਾ ਰਹੀ ਗੰਦਗੀ ਸਿਰਲੇਖ ਹੇਠ ਬਾਖੂਬੀ ਖਬਰ ਪ੍ਰਕਾਸ਼ਿਤ ਕੀਤੀ ਗਈ ਸੀ ਜਿਸ 'ਤੇ ਸਖਤ ਨੋਟਿਸ ਲੈਂਦਿਆ ਜਿਲ੍ਹਾ ਪ੍ਰਸ਼ਾਸ਼ਨ ਵੱਲੋਂ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਤੁਰੰਤ ਪਈ ਗੰਦਗੀ ਨੂੰ ਚੁਕਵਾਉਂਣ ਦੇ ਆਦੇਸ਼ ਦਿੱਤੇ ਗਏ। ਨਗਰ ਕੌਂਸਲ ਦੇ ਅਧਿਕਾਰੀਆਂ ਵੱਲੋਂ ਜੇ ਸੀ ਬੀ ਮਸ਼ੀਨ ਲਗਾ ਕੇ ਟਿੱਪਰਾ ਰਾਹੀਂ ਬਦਬੂ ਮਾਰਦੀ ਗੰਦਗੀ ਨੂੰ ਡੰਪ ਵਿੱਚ ਸੁਟਾਉਣਾ ਸ਼ੁਰੂ ਕਰ ਦਿੱਤਾ ਗਿਆ ਹੈ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਹ ਗੰਦਗੀ ਪਿਛਲੇ ਇੱਕ ਮਹੀਨੇ ਤੋਂ ਸ਼ਹਿਰ ਦੇ 13 ਵਾਰਡਾਂ 'ਚੋਂ ਚੁੱਕ ਕੇ ਬੱਸ ਸਟੈਂਡ ਦੇ ਪਿਛਲੇ ਪਾਸੇ ਖੁੱਲ੍ਹੇ 'ਚ ਸੁੱਟੀ ਜਾ ਰਹੀ ਸੀ। ਇਸ ਗੰਦਗੀ ਕਾਰਨ ਸਕੂਲੀ ਵਿਦਿਆਰਥੀਆਂ ਅਤੇ ਰਾਹਗੀਰਾਂ ਦਾ ਲੰਘਣਾ ਮੁਸ਼ਕਲ ਹੋਇਆ ਪਿਆ ਸੀ। ਜਿਸ ਥਾਂ 'ਤੇ ਗੰਦਗੀ ਦੇ ਢੇਰ ਲੱਗੇ ਹੋਏ ਸਨ, ਉੱਥੋਂ ਕੁਝ ਦੂਰੀ 'ਤੇ ਜਲ ਸਪਲਾਈ ਦੇ ਦਫਤਰ ਸਮੇਤ ਪ੍ਰਾਇਮਰੀ ਤੇ ਸਰਕਾਰੀ ਕੰਨਿਆ ਸਕੂਲ ਅਤੇ ਗੁਰਦੁਆਰਾ ਭਾਈ ਹਿੰਮਤ ਸਿੰਘ ਸਥਿਤ ਹਨ, ਪਰ ਨਗਰ ਕੌਂਸਲ ਵੱਲੋਂ ਇਸ ਖੁੱਲ੍ਹੇ 'ਚ ਸੁੱਟੀ ਜਾ ਰਹੀ ਗੰਦਗੀ ਨੂੰ ਮਹੀਨੇ ਭਰ ਤੋਂ ਚੁਕਵਾਇਆ ਹੀ ਨਹੀਂ ਜਾ ਰਿਹਾ ਸੀ ਪ੍ਰੰਤੂ ਹੁਣ ਪ੍ਰਸ਼ਾਸ਼ਨ ਵੱਲੋਂ 'ਨਵਾਂ ਜਮਾਨਾ' ਵਿੱਚ ਬੀਤੇ ਦਿਨੀਂ ਪ੍ਰਕਾਸ਼ਿਤ ਹੋਈ ਖਬਰ ਦਾ ਨੋਟਿਸ ਲੈਂਦਿਆ ਕੌਂਸਲ ਦੇ ਅਧਿਕਾਰੀਆਂ ਨੂੰ ਦਿੱਤੇ ਸਖਤ ਆਦੇਸ਼ਾਂ ਤੇ ਗੰਦਗੀ ਦੇ ਢੇਰਾਂ ਨੂੰ ਚੁਕਵਾਉਂਣ ਦਾ ਅਮਲ ਸ਼ੁਰੂ ਕੀਤਾ ਗਿਆ।

## ਅਗਰੋਹਾ 'ਚ ਵਿਸ਼ਵ ਪੱਧਰੀ ਅਗਰਸੇਨ ਨਗਰ ਦੀ ਸਥਾਪਨਾ ਕੀਤੀ ਜਾਵੇ-ਸਿੰਘਲ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** - ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨਾਲ ਉਨ੍ਹਾਂ ਦੇ ਆਵਾਸ ਸੰਤ ਕਰੀਬ ਕੁਟੀਰ 'ਤੇ ਸ੍ਰੀ ਅਗਰਸੇਨ ਫਾਊਂਡੇਸ਼ਨ ਦੇ ਕੌਮੀ ਮੁੱਖ ਸਲਾਹਕਾਰ ਸਾਬਕਾ ਮੁੱਖ ਸਕੱਤਰ, ਉੱਤਰ ਪ੍ਰਦੇਸ਼ ਦੀਪਕ ਸਿੰਘਲ ਨੇ ਇਕ ਵਫਦ ਦੇ ਨਾਲ ਮੁਲਾਕਾਤ ਕੀਤੀ। ਇਸ ਮੌਕੇ 'ਤੇ ਹਰਿਆਣਾ ਵਿਧਾਨ ਸਭਾ ਸਪੀਕਰ ਗਿਆਨ ਚੰਦ ਗੁਪਤਾ ਅਤੇ ਸ਼ਹਿਰੀ ਸਥਾਨਕ ਸਰਕਾਰ ਮੰਤਰੀ ਡਾ. ਕਮਲ ਗੁਪਤਾ ਵੀ ਮੌਜੂਦ ਰਹੇ। ਵਫਦ ਨੇ ਮੁੱਖ ਮੰਤਰੀ ਦੇ ਸਾਹਮਣੇ ਹਿਸਾਰ ਦੇ ਅਗਰੋਹਾ ਵਿਚ ਵਿਸ਼ਵ ਪੱਧਰੀ ਅਗਰਸੇਨ ਗਲੋਬਲ ਸਿਟੀ ਦੀ ਸਥਾਪਨਾ ਤਐ ਹੋਰ ਪਰਿਯੋਜਨਾਵਾਂ ਦੇ ਸੰਦਰਭ ਵਿਚ ਪੇਸ਼ਗੀ ਦਿੱਤੀ। ਵਫਦ ਨੇ ਹਰਿਆਣਾ ਸਰਕਾਰ ਵੱਲੋਂ ਹਿਸਾਰ ਵਿਚ ਏਅਰਪੋਰਟ ਦਾ ਨਾਂਅ ਮਹਾਰਾਜਾ ਅਗਰਸੇਨ ਹਵਾਈ ਅੱਡਾ ਕਰਨ ਦੇ ਕਦਮ ਨੂੰ ਸ਼ਲਾਘਾਯੋਗ ਦਸਿਆ। ਇਸ ਦੌਰਾਨ ਦੀਪਕ ਸਿੰਘਲ ਨੇ ਪੇਸ਼ਗੀ ਦਿੰਦੇ ਹੋਏ ਮੁੱਖ ਮੰਤਰੀ ਨਾਲ ਵਿਸ਼ਵ ਪੱਧਰੀ ਅਗਰਸੇਨ ਨਗਰ ਦੀ ਸਥਾਪਨਾ ਕਰਨ ਦੀ ਅਪੀਲ ਕੀਤੀ। ਸਿੰਘਲ ਨੇ ਦਸਿਆ ਕਿ ਇਹ ਵੀ ਪ੍ਰਸਤਾਵ ਹੈ ਕਿ ਮਹਾਰਾਜਾ ਅਗਰਸੇਨ ਦੇ ਮੌਜੂਦਾ ਸਥਾਨ 'ਤੇ ਪਿਛਲੇ 5200 ਸਾਲਾਂ ਦੇ ਇਤਿਹਾਸ 'ਤੇ ਅਧਾਰਿਤ ਲਾਇਟ ਐਂਡ ਸਾਊਂਡ ਪ੍ਰੋਗ੍ਰਾਮ, ਪੁਰਾਤੱਤਵਿਕ ਅਤੇ ਸਭਿਆਚਾਰਕ ਖੋਜ ਕੇਂਦਰ ਅਤੇ ਇਕ ਪਲੈਨੇਟੋਰਿਅਮ ਜਿਸ ਵਿਚ ਮਹਾਰਾਜ ਅਗਰਸੇਨ ਦੇ ਗੌਰਵਮਈ ਕਥਾਵਾਂ ਅਤੇ ਮਹਾਭਾਰਤ ਦੀ ਕਥਾਵਾਂ ਨੂੰ ਦਰਸਾਇਆ ਜਾ ਸਕੇ। ਵਫਦ ਨੇ ਹਰਿਆਣਾ ਸਰਕਾਰ ਵੱਲੋਂ ਅਗਰੋਹਾ ਵਿਚ ਕਰਵਾਏ ਗਏ ਵਿਕਾਸ ਕੰਮਾਂ ਦੀ ਵੀ ਸ਼ਲਾਘਾ ਕੀਤੀ। ਇਸ ਮੌਕੇ 'ਤੇ ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਡੀ ਏਸ ਢੇਸੀ ਅਤੇ ਅਗਰਸੇਨ ਫਾਊਂਡੇਸ਼ਨ ਦੇ ਪ੍ਰਤੀਨਿਧੀ ਮੌਜੂਦ ਸਨ।

## ਇਫਟੂ ਵੱਲੋਂ ਮਜ਼ਦੂਰਾਂ ਨੂੰ ਤਿੱਖੇ ਸੰਘਰਸ਼ਾਂ ਦਾ ਸੱਦਾ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ-** ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼(ਇਫਟੂ) ਦੀ ਕੇਂਦਰੀ ਕਮੇਟੀ ਦੇ ਸੱਦੇ ਤਹਿਤ ਚੱਲ ਰਹੀ ਸਪਤਾਹਿਕ ਮੁਹਿੰਮ ਦੇ ਚੱਲਦਿਆਂ ਮਜਦੂਰ ਮੰਡੀ ਚੰਡੀਗੜ੍ਹ ਰੋਡ ਨਵਾਂਸ਼ਹਿਰ ਵਿਖੇ ਮਜਦੂਰਾਂ ਦੀ ਭਰਵੀਂ ਮੀਟਿੰਗ ਹੋਈ। ਜਿਸ ਵਿਚ ਮਜਦੂਰਾਂ ਨੂੰ ਤਿੱਖੇ ਸੰਘਰਸ਼ਾਂ ਦਾ ਸੱਦਾ ਦਿੱਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਇਫਟੂ ਪੰਜਾਬ ਦੇ ਪ੍ਰੈਸ ਸਕੱਤਰ ਜਸਬੀਰ ਦੀਪ, ਜ਼ਿਲ੍ਹਾ ਸਕੱਤਰ ਪਰਵੀਨ ਕੁਮਾਰ ਨਿਰਾਲਾ ਅਤੇ ਹਰੀ ਲਾਲ ਨੇ ਕਿਹਾ ਕਿ ਹਾਕਮਾਂ ਦੀਆਂ ਮਜਦੂਰ ਵਿਰੋਧੀ ਨੀਤੀਆਂ ਨੇ ਮਜਦੂਰ ਵਰਗ ਦੇ ਹਾਲਾਤ ਬਹੁਤ ਹੀ ਮਾੜੇ ਬਣਾ ਦਿੱਤੇ ਹਨ। ਕੇਂਦਰ ਸਰਕਾਰ ਜਨਤਕ ਖੇਤਰ ਦੇ ਉਦਯੋਗਾਂ ਅਤੇ ਜਨਤਕ ਜਾਇਦਾਦਾਂ ਨੂੰ ਕੌਡੀਆਂ ਦੇ ਭਾਅ ਕਾਰਪੋਰੇਟਾਂ ਹਵਾਲੇ ਕਰ ਰਹੀ ਹੈ। ਲੱਖਾਂ ਔਰਤਾਂ ਆਸ਼ਾ ਵਰਕਰਾਂ, ਆਂਗਣਵਾੜੀ ਵਰਕਰਾਂ, ਮਿੱਡ ਡੇ ਮੀਲ ਵਰਕਰਾਂ ਅਤੇ ਹੈਲਪਰਾਂ ਵਜੋਂ ਕੰਮ ਕਰ ਰਹੀਆਂ ਹਨ। ਉਹਨਾਂ ਨੂੰ ਸਰਕਾਰੀ ਮੁਲਾਜ਼ਮਾਂ ਵਜੋਂ ਮਾਨਤਾ ਨਹੀਂ ਦਿੱਤੀ ਜਾਂਦੀ। ਕਾਰਪੋਰੇਟ ਪੱਖੀ ਸਰਕਾਰ ਨੇ ਮਜਦੂਰ ਜਮਾਤ ਵਲੋਂ ਸੰਘਰਸ਼ ਕਰਕੇ ਜਿੱਤੇ ਕਿਰਤ ਕਾਨੂੰਨ ਬਦਲ ਦਿੱਤੇ ਹਨ ਜਿਹਨਾਂ ਦੀ ਥਾਂ ਉੱਤੇ ਮਜਦੂਰ ਵਿਰੋਧੀ ਚਾਰ ਕਿਰਤ ਕੋਡ ਲਿਆਂਦੇ ਜਾ ਰਹੇ ਹਨ। ਦੇਸ਼ ਵਿਚ ਕਰੋੜਾਂ ਉਸਾਰੀ ਕਾਮੇ ਹਨ ਇਹਨਾਂ ਦੀ ਭਲਾਈ ਲਈ ਸਕੀਮਾਂ ਦਾ ਫੰਡ ਨਾਮਾਤਰ ਹੈ। ਉਹਨਾਂ ਕਿਹਾ ਕਿ ਮਿਸਤਰੀ ਮਜਦੂਰ ਯੂਨੀਅਨ (ਇਫਟੂ) ਨੇ ਸੰਘਰਸ਼ ਕਰਕੇ ਪੰਜਾਬ ਸਰਕਾਰ ਕੋਲੋਂ ਉਸਾਰੀ ਕਾਮਿਆਂ ਦੀਆਂ ਬਹੁਤ ਸਾਰੀਆਂ ਮੰਗਾਂ ਮਨਵਾਈਆਂ ਹਨ ਜਿਹਨਾਂ ਨੂੰ ਲਾਗੂ ਕਰਵਾਉਣ ਲਈ ਚੌਕਸੀ ਦੀ ਲੋੜ ਹੈ।

## ਨੇਤਰਹੀਣਾਂ ਦੇ ਆਨਲਾਈਨ ਭਾਸ਼ਣ ਮੁਕਾਬਲੇ ਦਾ ਪੋਸਟਰ ਕੀਤਾ ਰਿਲੀਜ਼




**ਫਗਵਾੜਾ (ਡਾ. ਰਮਨ)** ਨਤਾਸ਼ਾ ਓਰਗਨ ਅਵੇਅਰਨੈਸ ਯੂ.ਕੇ. ਅਤੇ ਲਾਇਨਜ਼ ਕਲੱਬ ਫਗਵਾੜਾ ਸਰਵਿਸ ਵਲੋਂ ਸਾਂਝਾ ਉਪਰਾਲਾ ਕਰਦੇ ਹੋਏ 38ਵੇਂ ਕੌਮੀ ਅੱਖਾਂ ਦਾਨ ਪੰਦਰਵਾੜੇ ਨੂੰ ਸਮਰਪਿਤ ਰਾਸ਼ਟਰੀ ਪੱਧਰ ਦਾ ਆਨਲਾਈਨ ਭਾਸ਼ਣ ਮੁਕਾਬਲਾ ਕਰਵਾਇਆ ਜਾ ਰਿਹਾ ਹੈ। ਪੰਦਰਵਾੜੇ ਦੀ ਸ਼ੁਰੂਆਤ ਸਮੇਂ ਫਗਵਾੜਾ 'ਚ ਇਸ ਮੁਕਾਬਲੇ ਦਾ ਪੋਸਟਰ ਪੁਨਰਜੋਤ ਵੈਲਫੇਅਰ ਸੁਸਾਇਟੀ ਦੇ ਅੰਤਰਰਾਸ਼ਟਰੀ ਕੋਆਰਡੀਨੇਟਰ ਅਸ਼ੋਕ ਮਹਿਰਾ ਅਤੇ ਲਾਇਨਜ ਕਲੱਬ ਫਗਵਾੜਾ ਸਰਵਿਸ ਦੇ ਪ੍ਰਧਾਨ ਲਾਇਨ ਵਿਪਨ ਹਾਂਡਾ ਵਲੋਂ ਕੀਤਾ ਗਿਆ। ਉਹਨਾਂ ਨੇ ਦੱਸਿਆ ਕਿ ਇਸ ਮੁਕਾਬਲੇ ਵਿੱਚ ਭਾਰਤ ਦੇ ਕਿਸੇ ਵੀ ਹਿੱਸੇ 'ਚ ਰਹਿਣ ਵਾਲੇ 12 ਤੋਂ 18 ਸਾਲ ਦੀ ਉਮਰ ਦੇ ਨੇਤਰਹੀਣ ਭਾਗ ਲੈ ਸਕਦੇ ਹਨ। ਅੱਖਾਂ ਦਾਨ ਮਹਾਦਾਨ ਵਿਸ਼ੇ 'ਤੇ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਨੇਤਰਹੀਣ ਆਪਣੇ ਭਾਸ਼ਨ ਦੀ ਦੋ ਮਿਨਟ ਦੀ ਵੀਡੀਓ ਬਣਾ ਕੇ ਵਾਟਸਐਪ ਨੰਬਰ 97817-05750 ਰਾਹੀਂ ਭੇਜ ਸਕਦੇ ਹਨ। ਨੇਤਰਹੀਣ ਪ੍ਰਤੀਯੋਗੀਆਂ ਨੂੰ ਸਰਕਾਰ ਵਲੋਂ ਦਿੱਤਾ ਨੇਤਰਹੀਣਤਾਂ ਦਾ ਪ੍ਰਮਾਣ ਪੱਤਰ, ਆਧਾਰ ਕਾਰਡ ਅਤੇ ਜਨਮ ਮਿਤੀ ਸਰਟੀਫਿਕੇਟ ਵੀ ਆਪਣੀ ਦੋ ਮਿਨਟ ਦੀ ਵੀਡੀਓ ਦੇ ਨਾਲ ਭੇਜਣਾ ਲਾਜ਼ਮੀ ਹੈ। ਮੁਕਾਬਲੇ ਦੀ ਐਂਟਰੀ ਬਿਲਕੁਲ ਫਰੀ ਰੱਖੀ ਗਈ ਹੈ। ਉਹਨਾਂ ਦੱਸਿਆ ਕਿ ਵੀਡੀਓ ਭੇਜਣ ਦੀ ਆਖਰੀ ਤਾਰੀਖ 7 ਸਤੰਬਰ 2023 ਹੈ। ਅਸ਼ੋਕ ਮਹਿਰਾ ਨੇ ਦੱਸਿਆ ਕਿ ਇਸ ਮੁਕਾਬਲੇ ਦੇ ਨਤੀਜਿਆ ਦਾ ਐਲਾਨ 8 ਸਤੰਬਰ 2023 ਨੂੰ ਰਾਸ਼ਟਰੀ ਅੱਖਾਂ ਦਾਨ ਪੰਦਵਾੜੇ ਦੀ ਸਮਾਪਤੀ ਵਾਲੇ ਦਿਨ ਕੀਤਾ ਜਾਵੇਗਾ। ਮੁਕਾਬਲੇ ਦੇ ਜੇਤੂਆਂ ਨੂੰ ਪਹਿਲਾ ਇਨਾਮ ਦਸ ਹਜਾਰ ਰੁਪਏ ਨਤਾਸ਼ਾ ਓਰਗਨ ਅਵੇਅਰਨੈਸ ਯੂ.ਕੇ ਵਲੋਂ ਦਿੱਤਾ ਜਾਵੇਗਾ। ਜਦਕਿ ਦੂਸਰਾ ਇਨਾਮ ਪੰਜ ਹਜਾਰ ਰੁਪਏ ਲਾਇਨਜ਼ ਕਲੱਬ ਫਗਵਾੜਾ ਸਰਵਿਸ ਵਲੋਂ ਅਤੇ ਤਿੰਨ ਹਜਾਰ ਰੁਪਏ ਦਾ ਤੀਸਰਾ ਇਨਾਮ ਹਰਦੀਪ ਸਿੰਘ ਭੋਗਲ ਕਨੇਡਾ ਵਲੋਂ ਦਿੱਤਾ ਜਾਵੇਗਾ। ਇਸ ਮੌਕੇ ਲਾਇਨ ਅਜੇ ਹਾਂਡਾ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਨੇਤਰਹੀਣ ਬੱਚਿਆਂ ਨੂੰ ਆਨਲਾਈਨ ਭਾਸ਼ਣ ਮੁਕਾਬਲੇ 'ਚ ਭਾਗ ਲੈਣ ਦੀ ਅਪੀਲ ਕੀਤੀ। ਉਹਨਾਂ ਦੱਸਿਆ ਕਿ ਇਸ ਮੁਕਾਬਲੇ ਨੂੰ ਪੁਨਰਜੋਤ ਦੀ ਇੰਟਰਨੈਸ਼ਨਲ ਯੂਥ ਕੋਆਰਡੀਨੇਟਰ ਮੁਸਕਾਨ ਮਹਿਰਾ ਦੇ ਦੇਖਰੇਖ ਹੇਠ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇਗਾ।

## ਸ਼ਿਵ ਸੈਨਾ ਸੂਰਿਆਵੰਸ਼ੀ ਦੀ ਮੀਟਿੰਗ ਕੰਧਾਲਾ ਜੱਟਾਂ ਵਿਖੇ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**-ਸ਼ਿਵ ਸੈਨਾ ਸੂਰਿਆਵੰਸ਼ੀ ਦੀ ਮੀਟਿੰਗ ਸ਼ਿਵ ਮੰਦਰ ਪਿੰਡ ਕੰਧਾਲਾ ਜੱਟਾਂ ਵਿਖੇ ਰਾਸ਼ਟਰੀ ਇੰਚਾਰਜ ਪੰਡਤ ਸੰਜੀਵ ਕੁਮਾਰ ਦੀ ਅਗਵਾਈ ਹੇਠ ਹੋਈ। ਇਸ ਮੌਕੇ ਕੌਮੀ ਚੇਅਰਮੈਨ ਸੁਨੀਲ ਭਸੀਨ, ਕੌਮੀ ਹੈੱਡ ਰਾਕੇਸ਼ ਭਸੀਨ, ਕੌਮੀ ਕਨਵੀਨਰ ਸੁਨੀਲ ਅਰੋੜਾ ਦੀ ਅਗਵਾਈ ਹੇਠ ਕੁਝ ਅਹਿਮ ਨਿਯੁਕਤੀਆਂ ਕੀਤੀਆਂ ਗਈਆਂ। ਪਿੰਡ ਕੰਧਾਲਾ ਜੱਟਾਂ ਦੇ ਵਸਨੀਕ ਹੈਰੀ ਸੰਗਰਾਮ ਨੂੰ ਪੰਜਾਬ ਦਾ ਵਾਈਸ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਆਲ ਇੰਡੀਆ ਇੰਚਾਰਜ ਸੰਜੀਵ ਕੁਮਾਰ ਸ਼ਰਮਾ ਨੇ ਨਵੇਂ ਨਿਯੁਕਤ ਮੈਂਬਰਾਂ ਨੂੰ ਸਨਮਾਨਿਤ ਕਰਦੇ ਹੋਏ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਦੇਸ਼ ਭਗਤੀ ਅਤੇ ਧਰਮ ਦੀ ਰਾਖੀ ਬਾਰੇ ਸੋਚਣ ਵਾਲੇ ਨੌਜਵਾਨਾਂ ਨੂੰ ਸੰਗਠਨ ਵਿਚ ਜਗ੍ਹਾ ਦਿੱਤੀ ਜਾਵੇਗੀ। ਇਸ ਮੌਕੇ ਜਿਲ੍ਹਾ ਹੁਸ਼ਿਆਰਪੁਰ ਦੇ ਜਿਲ੍ਹਾ ਪ੍ਰਧਾਨ ਅਕਾਸ਼ਦੀਪ ਸਿੰਘ ਇੰਚਾਰਜ, ਗੁਰਪ੍ਰੀਤ ਸਿੰਘ ਜਿਲ੍ਹਾ ਪ੍ਰਧਾਨ, ਭੁਪਿੰਦਰ ਸਿੰਘ ਜਿਲ੍ਹਾ ਮੀਤ ਪ੍ਰਧਾਨ, ਸਰਬਜੀਤ ਸਿੰਘ ਜਿਲ੍ਹਾ ਸਕੱਤਰ, ਪ੍ਰਿੰਸ ਜਿਲ੍ਹਾ ਵਾਈਸ ਚੇਅਰਮੈਨ, ਪ੍ਰਭਜੀਤ ਸਿੰਘ ਕਾਰਕੁਨ, ਸੰਸਾਰ ਸਿੰਘ ਟਾਂਡਾ ਪ੍ਰਧਾਨ, ਪਰਸ਼ੋਤਮ ਟਾਂਡਾ ਮੀਤ ਪ੍ਰਧਾਨ, ਬੰਟੀ ਪੰਜਾਬ ਐਸ ਸੀ ਵਿੰਗ ਬਣਾਇਆ ਗਿਆ। ਇਸ ਮੌਕੇ ਸਾਹਿਲ, ਮੋਹਨ ਸਿੰਘ, ਅਵਤਾਰ ਸਿੰਘ, ਲਵਪ੍ਰੀਤ ਸਿੰਘ, ਜੋਗਿੰਦਰ, ਜਸਪ੍ਰੀਤ ਸਿੰਘ, ਜਸਕਰਨ, ਮੁਨੀਸ, ਪ੍ਰਦੀਪ, ਨੱਬੂ, ਰਣਜੀਤ ਸਿੰਘ ਆਦਿ ਹਾਜਰ ਸਨ। ਰਮੇਸ ਕੁਮਾਰ ਹਾਜ਼ਰ ਸਨ।

## ਸ਼ਰਧਾ ਪੂਰਵਕ ਮਨਾਇਆ ਸੰਤ ਨਿਰਮਲ ਦਾਸ ਬਾਬੇ ਜੌੜੇ ਦਾ ਜਨਮ ਦਿਨ



**ਹੁਸ਼ਿਆਰਪੁਰ (ਓ ਪੀ ਰਾਣਾ )** ਕੌਮ ਦੇ ਮਹਾਨ ਜਰਨੈਲ, ਮਹਾਨ ਸੰਤ ਮਹਾਪੁਰਸ਼, ਕੀਰਤਨ ਦੇ ਧਨੀ , ਉੱਘੇ ਕਥਾਵਾਚਕ, ਬੁਧੀਜੀਵੀ ਸੰਤ ਨਿਰਮਲ ਦਾਸ ਜੀ ਬਾਬੇ ਜੌੜੇ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ) ਪੰਜਾਬ ਦਾ ਜਨਮ ਦਿਨ ਪਿਛਲੇ ਦਿਨੀਂ ਡੇਰਾ ਸੰਤ ਪ੍ਰੀਤਮ ਦਾਸ ਬਾਬੇ ਜੌੜੇ ਰਸੂਲਪੁਰ ਵਿਖੇ ਸੰਗਤਾਂ ਵਲੋਂ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਮੌਕੇ ਮਹਾਪੁਰਸ਼ਾਂ ਨੂੰ ਮੁਬਾਰਕਾਂ ਦੇਣ ਵਾਲੀਆਂ

ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸਖਸ਼ੀਅਤਾਂ ਦਾ ਤਾਤਾ ਲੱਗਾ ਰਿਹਾ ਅਤੇ ਸੰਤ ਨਿਰਮਲ ਦਾਸ ਜੀ ਦੀ ਚੜ੍ਹਦੀਕਲਾ, ਤੰਦਰੁਸਤੀ ਵਾਸਤੇ ਗੁਰੂ ਚਰਨਾਂ ਵਿਚ ਅਰਦਾਸ ਵੀ ਕੀਤੀ ਗਈ ਅਤੇ ਕੇਕ ਕੱਟ ਕੇ ਆਈਆਂ ਸੰਗਤਾਂ ਨੂੰ ਪ੍ਰਸ਼ਾਦ ਵੰਡਿਆ ਗਿਆ। ਇਸ ਮੌਕੇ ਪੰਜਾਬ ਦੀਆਂ ਪ੍ਰਮੁੱਖ ਸ਼ਖਸੀਅਤਾਂ ਵਿਚ ਪ੍ਰਸ਼ੋਤਮ ਅਹੀਰ ਪੰਜਾਬ ਪ੍ਰਧਾਨ ਸੰਯੁਕਤ ਸਮਾਜ ਮੋਰਚਾ ਲੇਬਰ ਵਿੰਗ ਵਿਸ਼ੇਸ਼ ਤੌਰ 'ਤੇ ਡੇਰਾ ਸੰਤ ਪ੍ਰੀਤਮ ਦਾਸ ਬਾਬੇ ਜੌੜੇ ਰਸੂਲਪੁਰ ਪਹੁੰਚੇ। ਅਹੀਰ ਵਲੋਂ ਸੰਤ ਨਿਰਮਲ ਦਾਸ ਜੀ ਦੀ ਲੰਬੀ ਆਰਜੂ ਦੀਆਂ ਸ਼ੁਭਕਾਮਨਾਵਾਂ ਕਰਦੇ ਹੋਏ ਮੁਬਾਰਕਾਂ ਦਿੱਤੀਆਂ ਅਤੇ ਗੁਰੂ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਪ੍ਰਸ਼ੋਤਮ ਅਹੀਰ ਨੇ ਕਿਹਾ ਕਿ ਸਮਾਜ ਵਿਚ ਧਾਰਮਿਕ ਅਤੇ ਸਮਾਜਿਕ ਤਬਦੀਲੀ ਲਿਆਉਣ ਵਿੱਚ ਬਾਬਾ ਨਿਰਮਲ ਦਾਸ ਜੀ ਦਾ ਵੱਡਾ ਯੋਗਦਾਨ ਹੈ ਕਿਉਂਕਿ ਉਨ੍ਹਾਂ ਵਲੋਂ ਬੱਚਿਆਂ ਨੂੰ ਸਿੱਖਿਅਤ ਬਣਾਉਣ ਲਈ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ (ਰਜਿ.) ਚੂਹੜਵਾਲੀ ਸੀ ਬੀ ਐਸ ਸੀ ਦਾ ਸੁਚੱਜਾ ਤੇ ਅਗਾਂਹਵਧੂ ਪ੍ਰਬੰਧ ਕੌਮ ਲਈ ਵੱਡੀ ਪ੍ਰਾਪਤੀ ਹੈ। ਇਸ ਮੌਕੇ ਸੰਤੋਸ਼ ਕੁਮਾਰੀ ਪ੍ਰਧਾਨ ਨਾਰੀ ਸ਼ਕਤੀ ਫਾਉਂਡੇਸ਼ਨ ਅਤੇ ਸੋਢੀ ਅਹੀਰ ਖਾਨਪੁਰੀਆ ਵੀ ਹਾਜਰ ਸਨ।

## ਮਰਹੂਮ ਓਲੰਪੀਅਨ ਬਲਦੇਵ ਸਿੰਘ ਸਿੱਧੂ ਦੀ ਯਾਦ 'ਚ ਸਮਾਜ ਸੇਵੀ ਸੰਸਥਾ 'ਸਿੱਧੂ ਫਾਊਂਡੇਸ਼ਨ' ਦੀ ਸ਼ੁਰੂਆਤ

**ਐਸ.ਏ.ਐਸ. ਨਗਰ, (ਗੁਰਜੀਤ ਬਿੱਲਾ )**— ਮਰਹੂਮ ਓਲੰਪੀਅਨ ਬਲਦੇਵ ਸਿੰਘ ਸਿੱਧੂ ਦੀ ਯਾਦ ਵਿਚ ਬਣਾਈ ਗਈ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ "ਸਿੱਧੂ ਫਾਊਂਡੇਸ਼ਨ" ਦੀ ਸ਼ੁਰੂਆਤ ਕਰਦਿਆਂ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਤੇ ਸੀਨੀਅਰ ਭਾਜਪਾ ਆਗੂ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਇਸ ਸੰਸਥਾ ਦਿਨੋ ਦਿਨ ਵਿਗੜ ਰਹੇ ਕੁਦਰਤੀ ਵਾਤਾਵਰਣ ਦੀ ਸੰਭਾਲ ਅਤੇ ਮੋਹਾਲੀ ਨੂੰ ਸਾਫ਼-ਸੁਥਰਾ ਸ਼ਹਿਰ ਬਣਾਉਣ ਲਈ ਕੰਮ ਕਰੇਗੀ। ਸਿੱਧੂ ਨੇ ਇਥੋਂ ਦੇ ਸੈਕਟਰ 80 ਵਿਚ ਇਕ ਸਾਦੇ ਪਰ ਬਹਤ ਹੀ ਪ੍ਰਭਾਵਸ਼ਾਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਦੇ ਸੁਖੀ ਜੀਵਨ ਲਈ ਵਾਤਾਵਰਣ ਨੂੰ ਪ੍ਰਦੂਸ਼ਣ ਮੁਕਤ ਰੱਖਣਾ, ਕੁਦਰਤੀ ਸ੍ਰੋਤਾਂ ਸੰਜਮੀ ਵਰਤੋਂ ਅਤੇ ਵੱਧ ਤੋਂ ਵੱਧ ਰੁੱਖ ਲਾਉਣੇ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਉਹਨਾਂ ਕਿਹਾ ਕਿ ਕੁਦਰਤੀ ਵਾਤਾਵਰਣ ਵਿਚ ਆ ਰਹੇ ਵਿਗਾੜਾਂ ਕਾਰਨ ਹੀ ਧਰਤੀ ਦੇ ਦਿਨੋ ਦਿਨ ਵੱਧ ਰਹੇ ਤਾਪਮਾਨ ਦੇ ਸਿਟੇ ਵਜੋਂ ਹੀ ਜਲਵਾਯੂ ਵਿਚ ਬੇਮੌਸਮੀ ਤਬਦੀਲੀਆਂ ਕੁਦਰਤੀ ਆਫਤਾਂ ਦਾ ਰੂਪ ਧਾਰ ਕੇ ਆ ਰਹੀਆਂ ਹਨ। ਸਿੱਧੂ ਨੇ ਕਿਹਾ ਕਿ ਜੇ ਅਸੀਂ ਅਜੇ ਵੀ ਨਾ ਸੰਭਲੇ ਤਾਂ ਸਾਨੂੰ ਖਾਸ ਕਰ ਕੇ ਅਗਲੀਆਂ ਪੀੜ੍ਹੀਆਂ ਨੂੰ ਹਰ ਹਾਲਤ ਵਿਚ ਇਸ ਦਾ ਖ਼ਮਿਆਜਾ ਭੁਗਤਣਾ ਪਵੇਗਾ। ਭਾਜਪਾ ਆਗੂ ਨੇ ਮੋਹਾਲੀ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ "ਸਿੱਧੂ ਫਾਊਂਡੇਸ਼ਨ" ਵਲੋਂ ਸ਼ਹਿਰ ਨੂੰ ਪਲਾਸਟਿਕ ਮੁਕਤ, ਹਰਾ-ਭਰਾ ਅਤੇ ਸਾਫ਼-ਸੁਥਰਾ ਰੱਖਣ ਦੀ ਸ਼ੁਰੂ ਕੀਤੀ ਗਈ ਮੁਹਿੰਮ ਵਿਚ ਸਰਗਰਮ ਸਹਿਯੋਗ ਦੇਣ। ਉਹਨਾਂ ਕਿਹਾ ਕਿ "ਸਿੱਧੂ ਫਾਊਂਡੇਸ਼ਨ" ਕੁਝ ਹੀ ਮਹੀਨਿਆਂ ਵਿਚ ਆਪਣੇ ਵਲੰਟੀਅਰਾਂ ਰਾਹੀਂ ਮੋਹਾਲੀ ਦੇ ਹਰ ਘਰ ਵਿਚ ਕਪੜੇ ਜਾਂ ਪਟਸਨ ਦੇ ਬਣੇ ਹੋਏ ਥੈਲੇ ਪਹੁੰਚਦੇ ਕਰਨਗੇ ਤਾਂ ਕਿ ਖ਼ਰੀਦਦਾਰੀ ਕਰਨ ਸਮੇਂ ਪਲਾਸਟਿਕ ਦੇ ਲਿਫ਼ਾਫਿਆਂ ਦੀ ਵਰਤੋਂ ਰੋਕੀ ਜਾ ਸਕੇ। ਉਹਨਾਂ ਇਹ ਵੀ ਕਿਹਾ ਕਿ "ਸਿੱਧੂ ਫਾਊਂਡੇਸ਼ਨ" ਵਲੋਂ ਪਾਰਕਾਂ, ਸੜਕਾਂ, ਗਲੀਆਂ, ਬਜਾਰਾਂ ਅਤੇ ਪਾਰਕਿੰਗਾਂ ਦੀ ਸਫਾਈ ਕਰਨ ਦੇ ਨਾਲ ਨਾਲ ਥਾਂ ਥਾਂ ਉੱਗੀ ਗਾਜਰ ਬੂਟੀ ਅਤੇ ਘਾਹ ਵੀ ਕੱਟਿਆ ਜਾਵੇਗਾ। ਸਿੱਧੂ ਨੇ ਆਪਣੇ ਵੱਡੇ ਭਰਾ ਮਰਹੂਮ ਓਲੰਪੀਅਨ ਬਲਦੇਵ ਸਿੰਘ ਸਿੱਧੂ ਨੂੰ ਯਾਦ ਕਰਦਿਆਂ ਕਿਹਾ ਕਿ ਉਹਨਾਂ ਦੇ ਪਰਵਾਰ ਦੀ ਚਿਰੋਕਣੀ ਇੱਛਾ ਸੀ ਕਿ ਇਕ ਅਜਿਹੀ ਸੰਸਥਾ ਬਣਾਈ ਜਾਵੇ ਜੋ ਨਿਰੋਲ ਸਮਾਜ ਸੇਵਾ ਦੀ ਭਾਵਨਾ ਨਾਲ ਵਾਤਾਵਰਣ ਅਤੇ ਕੁਦਰਤੀ ਸ੍ਰੋਤਾਂ ਦੀ ਸਾਂਭ ਸੰਭਾਲ ਦੇ ਖੇਤਰ ਵਿਚ ਕੰਮ ਕਰੇ ਕਿਉਂਕਿ ਮਰਹੂਮ ਬਲਦੇਵ ਸਿੰਘ ਸਿੱਧੂ ਦਾ ਇਹ ਸੁਪਨਾ ਸੀ। ਉਹਨਾਂ ਇਸ ਮੌਕੇ ਲੋਕਾਂ ਨੂੰ ਆਪਣੇ ਮੰਤਰੀ ਅਤੇ ਵਿਧਾਇਕ ਹੁੰਦਿਆਂ ਮੋਹਾਲੀ ਸ਼ਹਿਰ ਤੇ ਇਲਾਕੇ ਵਿਚ ਕਰਵਾਏ ਗਏ ਕੰਮਾਂ ਦੀ ਯਾਦ ਵੀ ਦਿਵਾਈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਸਾਬਕਾ ਚੇਅਰਮੈਨ ਅਤੇ ਵਾਤਾਵਰਣ ਮਾਹਰ ਡਾ. ਐਸ.ਐਸ. ਮਰਵਾਹਾ ਨੇ ਇਸ ਮੌਕੇ ਕੁਦਰਤੀ ਵਾਤਾਵਰਣ ਦੀ ਸੰਭਾਲ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਵਾਤਾਵਰਣ ਵਿਚ ਆ ਰਹੇ ਵਿਗਾੜ ਹੀ ਕੁਦਰਤੀ ਆਫਤਾਂ ਨੂੰ ਸੱਦਾ ਦਿੰਦੇ ਹਨ। ਉਹਨਾਂ ਇਸ ਮੌਕੇ ਕੁਦਰਤੀ ਸ੍ਰੋਤਾਂ ਦੀ ਕੀਤੀ ਜਾ ਰਹੀ ਬਰਬਾਦੀ, ਪਲਾਸਟਿਕ ਦੀ ਅੰਨੇਵਾਹ ਕੀਤੀ ਜਾ ਰਹੀ ਵਰਤੋਂ ਅਤੇ ਰੁੱਖਾਂ ਦੀ ਬੇਦਰਦੀ ਨਾਲ ਕੀਤੀ ਜਾ ਰਹੀ ਕਟਾਈ ਦਾ ਮਾਮਲਾ ਵੀ ਉਠਾਇਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮੋਹਾਲੀ ਨਗਰ ਨਿਗਮ ਦੇ ਸੀਨੀਅਰ ਡਿਪਟੀ ਮੇਅਰ ਅਮਰੀਕ ਸਿੰਘ ਸੋਮਲ, ਮੋਹਾਲੀ ਨਗਰ ਕੌਂਸਲ ਦੇ ਰਹਿ ਚੁੱਕੇ ਪ੍ਰਧਾਨ ਰਾਜਿੰਦਰ ਸਿੰਘ ਰਾਣਾ ਅਤੇ ਕਾਮਰੇਡ ਹਰਦਿਆਲ ਚੰਦ ਬੜਬੜ ਨੇ ਵੀ ਸੰਬੋਧਨ ਕੀਤਾ। ਅਪਾਹਜ ਫੌਜੀ ਪੁਨਰਵਾਸ ਕੇਂਦਰ ਦੇ ਸਾਬਕਾ ਡਾਇਰੈਕਟਰ ਕਰਨਲ ਗੁਰਕੀਰਤ ਸਿੰਘ ਅਤੇ ਸਾਥੀਆਂ ਨੇ ਫੀਤਾ ਕੱਟ ਕੇ ਰਸਮੀ ਤੌਰ ਉਤੇ "ਸਿੱਧੂ ਫਾਊਂਡੇਸ਼ਨ" ਦਾ ਉਦਘਾਟਨ ਕੀਤਾ।

ਇਸ ਮੌਕੇ ਵਾਤਾਵਰਣ ਸੰਭਾਲ ਸੁਸਾਇਟੀ ਵਲੋਂ ਕੁਦਰਤੀ ਵਾਤਾਰਣ ਦੀ ਸੰਭਾਲ ਦਾ ਸੁਨੇਹਾ ਦਿੰਦਾ ਹੋਇਆ ਇਕ ਨਾਟਕ ਵੀ ਖੇਡਿਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੋਹਾਲੀ ਨਗਰ ਨਿਗਮ ਦੇ ਮੇਅਰ ਅਮਰਜੀਤ ਸਿੰਘ ਜੀਤੀ ਸਿੱਧੂ, ਰੂਬੀ ਸਿੱਧੂ, ਰਾਜਾ ਢਿੱਲੋਂ ਅਤੇ ਵੱਡੀ ਗਿਣਤੀ ਵਿਚ ਨਗਰ ਨਿਗਮ ਕੌਂਸਲਰ ਅਤੇ ਸ਼ਹਿਰ ਵਾਸੀ ਹਾਜਰ ਸਨ।

## ਰਿਆਤ ਬਾਹਰਾ ਸਕੂਲ ਦੀ ਖੋ-ਖੋ ਮੁਕਾਬਲਿਆਂ 'ਚ ਸ਼ਾਨਦਾਰ ਜਿੱਤ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਵਿਖੇ ਵੱਖ-ਵੱਖ ਉਮਰ ਵਰਗ ਦੇ ਲੜਕੇ ਅਤੇ ਲੜਕੀਆਂ ਦੇ ਖੋ-ਖੋ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੀਆਂ 12 ਟੀਮਾਂ ਨੇ ਭਾਗ ਲਿਆ। ਇਸ ਮੌਕੇ ਜਿਲ੍ਹਾ ਖੇਡ ਕੋਆਰਡੀਨੇਟਰ (ਸਿੱਖਿਆ ਵਿਭਾਗ) ਜਗਜੀਤ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮੁਕਾਬਲਿਆਂ 'ਚ ਰਿਆਤ ਬਾਹਰਾ ਸਕੂਲ ਦੀ ਅੰਡਰ-14 ਲੜਕੀਆਂ ਦੀ ਟੀਮ ਨੇ ਲਗਾਤਾਰ ਪੰਜਵੀਂ ਵਾਰ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਡਾ: ਹਰਦੀਪ ਸਿੰਘ ਨੇ ਮੁਕਾਬਲਿਆਂ 'ਚ ਭਾਗ ਲੈਣ ਆਈਆਂ ਟੀਮਾਂ ਅਤੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ। ਇਸ ਮੌਕੇ ਪ੍ਰਿੰਸੀਪਲ ਸਿੰਘ ਨੇ ਸਕੂਲ ਦੀ ਇਸ ਸਫਲਤਾ 'ਤੇ ਸਕੂਲ ਦੀ ਟੀਮ ਅਤੇ ਖੇਡ ਅਧਿਕਾਰੀਆਂ ਨੂੰ ਤਹਿ ਦਿਲੋਂ ਵਧਾਈ ਦਿੱਤੀ।

# ਕਿਸਾਨਾਂ ਦੀ ਬਕਾਇਆ ਰਕਮ ਦੀ ਅਦਾਇਗੀ ਲਈ ਉਪਰਾਲੇ ਲਗਾਤਾਰ ਜਾਰੀ : ਡੀ ਸੀ




**ਫਗਵਾੜਾ, ( ਡਾ. ਰਮਨ, ਜਸਵਿੰਦਰ ਢੱਡਾ)** ਗੰਨਾ ਕਾਸ਼ਤਕਾਰ ਕਿਸਾਨਾਂ ਦੇ ਫਗਵਾੜਾ ਸਥਿਤ ਸ਼ੂਗਰ ਮਿੱਲ ਵੱਲ ਖੜ੍ਹੇ ਕਰੋੜਾਂ ਰੁਪਏ ਦੇ ਬਕਾਏ ਦੇ ਮਾਮਲੇ ਵਿਚ ਡਿਪਟੀ ਕਮਿਸ਼ਨਰ ਕੈਪਟਨ ਕਰਨੈਲ ਸਿੰਘ ਨੇ ਇੱਥੇ ਸਬੰਧਿਤ ਅਧਿਕਾਰੀਆਂ ਅਤੇ ਕਿਸਾਨ ਆਗੂਆਂ ਨਾਲ ਵਿਚਾਰ-ਵਟਾਂਦਰਾ ਕਰਦਿਆਂ ਭਰੋਸਾ ਦਿੱਤਾ ਕਿ ਕਿਸਾਨਾਂ ਦੀ ਬਕਾਇਆ ਰਕਮ ਦੀ ਅਦਾਇਗੀ ਲਈ ਉਪਰਾਲੇ ਲਗਾਤਾਰ ਜਾਰੀ ਹਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਬਕਾਇਆ ਰਾਸ਼ੀ ਜਲਦ ਤੋਂ ਜਲਦ ਪ੍ਰਦਾਨ ਕਰਵਾਉਣ ਲਈ ਵਚਨਬੱਧ ਹੈ। ਸਥਾਨਕ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਕੈਪਟਨ ਕਰਨੈਲ ਸਿੰਘ ਨੇ ਕਿਸਾਨ ਆਗੂਆਂ ਅਤੇ ਗੰਨਾ ਕਾਸ਼ਤਕਾਰਾਂ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਦੱਸਿਆ ਕਿ ਮਿੱਲ ਦੀਆਂ ਜਿਨ੍ਹਾਂ ਜਾਇਦਾਦਾਂ ਨੂੰ ਕੁਰਕ ਕੀਤਾ ਗਿਆ ਸੀ, ਨੂੰ ਵੇਚ ਕੇ ਕਿਸਾਨਾਂ ਨੂੰ ਜਲਦ ਤੋਂ ਜਲਦ ਭੁਗਤਾਨ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਜਾਇਦਾਦਾਂ ਦੀ ਰਾਖਵੀਂ ਕੀਮਤ ਫਿਕਸ ਕਰਨ ਲਈ ਜ਼ਿਲ੍ਹਾ ਪੱਧਰੀ ਕਮੇਟੀ ਦੀ ਮੀਟਿੰਗ ਜਲਦ ਕੀਤੀ ਜਾ ਰਹੀ ਹੈ। ਕਿਸਾਨਾਂ ਵਲੋਂ ਰੱਖੇ ਮੁੱਦਿਆਂ ਨੂੰ ਸੁਣਨ ਉਪਰੰਤ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਮਿੱਲ ਮਾਲਕਾਂ ਵਲੋਂ ਜੋ ਵੀ ਬੇਨਿਯਮੀਆਂ ਕੀਤੀਆਂ ਗਈਆਂ ਹਨ, ਉਨ੍ਹਾਂ ਖਿਲਾਫ਼ ਕਾਨੂੰਨੀ ਰਾਏ ਅਨੁਸਾਰ ਬਣਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਉਨ੍ਹਾਂ ਨੇ ਕਿਸਾਨ ਆਗੂਆਂ ਨੂੰ ਭਰੋਸਾ ਦਿੱਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਸੁਹਿਰਦਤਾ ਨਾਲ ਇਸ ਮਸਲੇ ਦੇ ਢੁਕਵੇਂ ਹੱਲ ਨੂੰ ਯਕੀਨੀ ਬਣਾਕੇ ਕਿਸਾਨਾਂ ਦੀਆਂ ਅਦਾਇਗੀਆਂ ਲਈ ਯੋਗ ਕਾਰਵਾਈ ਕਰ ਰਿਹਾ ਹੈ। ਕਿਸਾਨਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਕੀਤੀ ਜਾ ਰਹੀ ਕਾਰਵਾਈ ਵਿਚ ਆਪਣਾ ਭਰੋਸਾ ਪ੍ਰਗਟਾਇਆ।

ਇਸ ਮੌਕੇ ਫਗਵਾੜਾ ਦੇ ਉਪ ਮੰਡਲ ਮੈਜਿਸਟਰੇਟ ਜੈ ਇੰਦਰ ਸਿੰਘ, ਕਿਸਾਨ ਯੂਨੀਅਨ ਵਲੋਂ ਜਨਰਲ ਸਕੱਤਰ ਸਤਨਾਮ ਸਿੰਘ ਸਾਹਨੀ, ਮੀਤ ਪ੍ਰਧਾਨ ਦਵਿੰਦਰ ਸਿੰਘ ਸੰਧਵਾਂ, ਸੀਨੀਅਰ ਮੀਤ ਪ੍ਰਧਾਨ ਕਿਰਪਾਲ ਸਿੰਘ ਮੂਸਾਪੁਰ, ਬਲਜੀਤ ਸਿੰਘ, ਜੀ.ਐਮ. (ਕੇਨ) ਬਲਜੀਤ ਵਰਮਾ ਆਦਿ ਵੀ ਮੌਜੂਦ ਸਨ।

# ਹੜ੍ਹ ਪੀੜਤਾਂ ਲਈ 32 ਹਜ਼ਾਰ ਰੁਪਏ ਦਾ ਖਾਣ ਪੀਣ ਦਾ ਸਮਾਨ ਰਵਾਨਾ



**ਮਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)-** ਦੋਆਬਾ ਸੋਸਲ ਵੈਲਫੇਅਰ ਸੁਸਾਇਟੀ ਵੱਲੋਂ ਹੜ੍ਹ ਪੀੜਤ ਪਰਵਾਰਾਂ ਲਈ ਖਾਣ-ਪੀਣ ਦਾ ਲੋੜੀਂਦਾ ਸਮਾਨ ਰਵਾਨਾ ਕੀਤਾ ਗਿਆ। ਸੋਸਾਇਟੀ ਦੇ ਪ੍ਰਧਾਨ ਮੋਹਣ ਸਿੰਘ, ਸੁਖਚੈਨ ਸਿੰਘ, ਸੰਦੇਸ਼ ਕੁਮਾਰ, ਗਗਨ ਕਰਿਆਨਾ ਸਟੋਰ, ਬੰਦਨਾ ਸਿੰਘ, ਡਾਕਟਰ ਪਰਵਿੰਦਰ ਸਿੰਘ ਅਪਥੈਲਮਿਕ ਅਫਸਰ ਸਮੇਤ ਸੋਸਾਇਟੀ ਦੇ ਮੈਂਬਰ ਹਾਜਰ ਸਨ।

ਸੁਸਾਇਟੀ ਵੱਲੋਂ 32,000 ਦਾ ਸਮਾਨ ਲੈ ਕੇ ਹਰੀਕੇ ਪੱਤਣ ਵੱਲ ਰਵਾਨਾ ਕੀਤਾ ਗਿਆ। ਇਸ ਵਿੱਚ 2000 ਦਾ ਯੋਗਦਾਨ ਠੇਕੇਦਾਰ ਹੈਪੀ ਘੁਮਿਆਲਾ ਨੇ ਪਾਇਆ। ਉਨ੍ਹਾਂ ਦੱਸਿਆ ਕਿ ਸੁਸਾਇਟੀ ਪਿਛਲੇ ਲੰਬੇ ਸਮੇਂ ਤੋਂ ਦਾਨੀ ਸੱਜਣਾਂ ਦੀ ਸਹਾਇਤਾ ਅਤੇ ਆਪਣੀ ਸਮਰੱਥਾ ਅਨੁਸਾਰ ਜਿੱਥੇ ਆਰਥਿਕ ਤੌਰ ਤੇ ਕਮਜੋਰ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਮੌਕੇ ਖਾਣ ਪੀਣ ਦਾ ਰਾਸ਼ਨ ਦੇ ਰਹੀ ਹੈ, ਉਥੇ ਹੋਰ ਵੀ ਜਰੂਰਤਮੰਦ ਪਰਵਾਰਾਂ ਦੀ ਸਮੇਂ ਸਮੇਂ ਤੇ ਆਪਣੀ ਸਮਰੱਥਾ ਅਨੁਸਾਰ ਸਹਾਇਤਾ ਕੀਤੀ ਜਾਂਦੀ ਹੈ।

ਇਸੇ ਲੜੀ ਤਹਿਤ ਹੜ੍ਹ ਪੀੜਤਾਂ ਦੀ ਮਦਦ ਲਈ ਖਾਣ ਪੀਣ ਦਾ ਸਮਾਨ ਹਰੀਕੇ ਪੱਤਣ ਵੱਲ ਰਵਾਨਾ ਕੀਤਾ ਗਿਆ।

# ਮਨੁੱਖ ਵੱਲੋਂ ਕੀਤੀ ਸੱਚੀ ਭਗਤੀ ਹੀ ਸਹੀ ਮਾਰਗ ਦਿਖਾ ਸਕਦੀ : ਬਾਲਯੋਗੀ ਪ੍ਰਗਟ ਨਾਥ



**ਕਾਲਾ ਸੰਘਿਆਂ (ਮਨਜੀਤ ਮਾਨ)** ਭਗਵਾਨ ਵਾਲਮੀਕਿ ਯੋਗ ਆਸ਼ਰਮ ਰਹੀਮਪੁਰ ਪੁਰ ਵਿਖੇ ਮੁੱਖ ਸੰਚਾਲਕ ਬਾਲਯੋਗੀ ਪ੍ਰਗਟ ਨਾਥ ਦੀ ਰਹਿਨੁਮਾਈ ਹੇਠ ਸਤਿਗੁਰੂ ਲਾਲ ਨਾਥ ਜੀ ਦੀ 26ਵੀਂ ਬਰਸੀ ਤੇ ਸਥਾਪਨਾ ਦਿਵਸ ਤੇ ਲਵ ਕੁਸ਼ ਪ੍ਰਕਾਸ਼ ਦਿਵਸ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ। ਆਰੰਭ ਤੇ ਸਵੇਰੇ ਝੰਡਾ ਲਹਿਰਾਇਆ ਗਿਆ ਉਪਰੰਤ ਸ੍ਰੀ ਯੋਗ ਵਸ਼ਿਸ਼ਟ ਜੀ ਦੇ ਪਾਠ ਦੇ ਭੋਗ ਪਾਏ ਗਏ। ਸ਼੍ਰੋਮਣੀ ਪੰਥਕ ਕੀਰਤਨੀਏ ਭਾਈ ਸਤਨਾਮ ਸਿੰਘ ਹੁਸੈਨਪੁਰੀ ਚਮਟਿਆ ਵਾਲੇ, ਪੰਥਕ ਕੀਰਤਨੀਏ ਵੀਰ ਅਜੇ ਮਾਹੂਵਾਲ ਵਾਲਿਆਂ ਦੇ ਜਥਿਆਂ ਨੇ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਨਿਹਾਲ ਕੀਤਾ ਇਸ ਮੌਕੇ ਬਾਲਯੋਗੀ ਪ੍ਰਗਟ ਨਾਥ ਨੇ ਕਿਹਾ ਕਿ ਉਹ ਮਨੁੱਖ ਹੀ ਭਵਸਾਗਰ ਪਾਰ ਕਰ ਸਕਦਾ ਹੈ ਜੋ ਪ੍ਰਭੂ ਭਗਤੀ ਵਿੱਚ ਲੀਨ ਰਹਿੰਦਾ ਹੈ। ਇਸ ਮੌਕੇ ਬੀਬੀ ਇੰਦਰਜੀਤ ਕੌਰ ਮਾਨ ਹਲਕਾ ਵਿਧਾਇਕਾ ਨਕੋਦਰ, ਰਮੇਸ਼ ਦੱਤ ਐਮ ਐਲ ਏ ਦਿੱਲੀ, ਬਲਕਾਰ ਸਿੰਘ ਕੈਬਨਿਟ ਮੰਤਰੀ ਪੰਜਾਬ, ਚਰਨਜੀਤ ਸਿੰਘ ਅਟਵਾਲ ਸਾਬਕਾ ਡਿਪਟੀ ਸਪੀਕਰ ਭਾਰਤ, ਸੁਰਿੰਦਰ ਸਿੰਘ ਸੋਢੀ ਸਾਬਕਾ ਆਈ ਜੀ ਪੰਜਾਬ ਪੁਲਸ ਤੇ ਸੀਨੀਅਰ ਵਲੰਟੀਅਰ ਪੰਜਾਬ, ਆਪ ਦੇ ਸੀਨੀਅਰ ਵਲੰਟੀਅਰ,ਪਿੰਦਰ ਪੰਡੋਰੀ, ਸੰਤੋਖ ਘਾਰੂ,ਬਾਬਾ ਸੇਵਕ ਨਾਥ ਕੁਲਾਰਾ ਵਾਲੇ, ਅਮਰਜੀਤ ਸਿੰਘ ਈਦਾ ਸੂਬਾ ਪ੍ਰਧਾਨ ਸ਼੍ਰੋਮਣੀ ਰੰਘਰੇਟਾ ਦਲ ਟਕਸਾਲੀ ਸੋਮਨਾਥ ਸਾਬਕਾ ਡੀ ਐਸ ਪੀ ਪੰਜਾਬ ਪੁਲਸ ਆਸ਼ਰਮ 'ਤੇ ਨਸਤਮਕ ਹੋਏ।

ਰਾਜੇਸ਼ ਭੱਟੀ ਵੱਲੋਂ ਠੰਡੇ ਮਿੱਠੇ ਜਲ ਦੀ ਛਬੀਲ ਵੀ ਲਗਾਈ ਗਈ। ਇਸ ਮੌਕੇ ਦਰਸ਼ਨ ਟਾਹਲੀ ਸੀਨੀਅਰ ਵਲੰਟੀਅਰ ਪੰਜਾਬ, ਨਰਿੰਦਰ ਚੌਹਾਨ, ਸੁਰਿੰਦਰ ਬਠਲਾ, ਧਰਮਿੰਦਰ ਨੰਗਲ, ਰੇਸ਼ਮ ਸਿੰਘ ਮਾਨ, ਪ੍ਰਿਤਪਾਲ ਸਿੰਘ ਸਾਬਕਾ ਸਰਪੰਚ ਪਿੰਡ ਚੂਹੜ,ਅਮਨ ਤੱਖਰ ,ਰੋਕਸਨ ਹੀਰੋ ਹਿੰਦੀ ਫਿਲਮਾਂ, ਸੁਰਜੀਤ ਸਿੰਘ ਸੈਣੀ ਸੀਚੇਵਾਲ, ਮਾਸਟਰ ਰਵਿੰਦਰ ਕੰਗ ਸਟੇਟ ਅਵਾਰਡੀ , ਜਤਿੰਦਰ ਟਾਹਲੀ, ਬਾਬਾ ਸਾਹਿਬ ਸਿੰਘ ਮਾਨਾਂਵਾਲੀ ਅੰਮ੍ਰਿਤਸਰ , ਬਲਵੀਰ ਸਿੰਘ ਸਿੱਧੂ ਕਪੂਰਥਲਾ, ਰਜਨੀਸ਼ ਗੌਤਮ ਸਰਪੰਚ ਚੂਹੜ, ਲਾਲਾਂ ਕੁਰਾਲੀ ਰਾਸਟਰੀ ਪ੍ਰਧਾਨ ਭੀਮ ਅਜਾਦ ਫੋਰਸ ਪੰਜਾਬ,ਸੁੱਖੀ ਕੁਰਾਲੀ ਵਾਇਸ ਪ੍ਰਧਾਨ ਭੀਮ ਅਜਾਦ ਫੋਰਸ ਪੰਜਾਬ,ਜੀਤ ਗਿੱਲ ਉੱਗੀ ਵਾਲਾ ,ਸਾਬੀ ਪ੍ਰਧਾਨ ਰਸੂਲਪੁਰੀ, ਸੁਖਵੀਰ ਸਿੰਘ ਗਿੱਲ ਸੋਨੀ ਗਿੱਲ ਪਰਜੀਆ ਰਾਜੇਸ ਭੱਟੀ ਦਾ ਵੀ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਬਲਵੀਰ ਸਿੰਘ ਸਿੱਧੂ ਕਪੂਰਥਲਾ ਵਾਲਿਆਂ ਨੇ ਨਿਭਾਈ।

# ਸਰਕਾਰ ਵਿਵੇਕ ਦੇਵਰਾਏ ਨੂੰ ਅਹੁਦੇ ਤੋਂ ਲਾਂਭੇ ਕਰੇ : ਬੇਗਪੁਰਾ ਟਾਈਗਰ ਫੋਰਸ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਬੇਗਮਪੁਰਾ ਟਾਇਗਰ ਫੋਰਸ ਦੀ ਮੀਟਿੰਗ ਨਜਦੀਕੀ ਪਿੰਡ ਨਾਰਾ ਦੇ ਹਜਰਤ ਪੀਰ ਗੌਂਸ ਪਾਂਕ ਜੀ ਦੇ ਦਰਬਾਰ ਵਿਖੇ ਫੋਰਸ ਦੇ ਸੂਬਾ ਪ੍ਰਧਾਨ ਵੀਰਪਾਲ ਠਰੋਲੀ ਤੇ ਦੋਆਬਾ ਪ੍ਰਧਾਨ ਨੇਕੂ ਅਜਨੋਹਾ ਦੀ ਪ੍ਰਧਾਨਗੀ ਹੇਠ ਹੋਈ । ਮੀਟਿੰਗ ਵਿੱਚ ਫੋਰਸ ਦੇ ਕੌਮੀ ਚੇਅਰਮੈਨ ਤਰਸੇਮ ਦੀਵਾਨਾ , ਕੌਮੀ ਉੱਪ ਪ੍ਰਧਾਨ ਜਸਵਿੰਦਰ ਸਿੰਘ ਜੌਲੀ ਤੇ ਜ਼ਿਲ੍ਹਾ ਇੰਚਾਰਜ ਚਰਨਜੀਤ ਡਾਡਾ ਆਦਿ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ । ਇਸ ਮੌਕੇ ਬੇਗਮਪੁਰਾ ਟਾਇਗਰ ਫੋਰਸ ਵਲੋਂ ਰਾਜ ਕੁਮਾਰ ਬੱਧਣ ਨਾਰਾ ਨੂੰ ਜ਼ਿਲ੍ਹਾ ਉੱਪ ਪ੍ਰਧਾਨ ਤੇ ਰੋਹਿਤ ਕੁਮਾਰ ਨਾਰਾ ਨੂੰ ਜ਼ਿਲ੍ਹਾ ਸਕੱਤਰ ਨਿਯੁਕਤ ਕੀਤਾ ਗਿਆ। ਨ ਵੀਰਪਾਲ ਠਰੋਲੀ ਤੇ ਦੋਆਬਾ ਪ੍ਰਧਾਨ ਨੇਕੂ ਅਜਨੋਹਾ ਨੇ ਸਾਂਝੇ ਰੂਪ ਵਿੱਚ ਕਿਹਾ ਕਿ ਬੀਤੇ ਦਿਨੀਂ ਇੱਕ ਅਖਬਾਰ ਵਿੱਚ ਛਪੇ ਭਾਰਤ ਦੀ ਆਰਥਿਕ ਸਲਾਹਕਾਰ ਕਮੇਟੀ ਦੇ ਚੇਅਰਮੈਨ ਵਿਵੇਕ ਦੇਵਰਾਏ ਦੇ ਸੰਵਿਧਾਨ ਬਦਲਣ ਦੇ ਇੱਕ ਲੇਖ ਦੀ ਬੇਗਮਪੁਰਾ ਟਾਈਗਰ ਫੋਰਸ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ, ਉਹਨਾਂ ਕਿਹਾ ਕਿ ਵਿਵੇਕ ਦੇਵਰਾਏ ਨੇ ਆਪਣੇ ਆਰਟੀਕਲ ਵਿੱਚ ਭਾਰਤ ਦੇ ਸੰਵਿਧਾਨ ਨੂੰ ਬਦਲਣ ਦੀ ਗੱਲ ਕੀਤੀ ਹੈ ਜੋ ਕਿ ਸਹਿਣਯੋਗ ਨਹੀਂ ਹੈ । ਉਹਨਾਂ ਕਿਹਾ ਕਿ ਭਾਰਤੀ ਸੰਵਿਧਾਨ ਦੀ ਖਰੜਾ ਕਮੇਟੀ ਦੇ ਪ੍ਰਧਾਨ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੀ ਅਗਵਾਈ ਵਿੱਚ ਆਜਾਦ ਦੇਸ਼ ਦੇ ਬਹੁਤ ਹੀ ਪੜ੍ਹੇ-ਲਿਖੇ, ਜ਼ਿੰਮੇਵਾਰ ਅਤੇ ਸੂਝਵਾਨ ਨਾਗਰਿਕਾਂ ਦੁਆਰਾ ਲਿਖਿਆ ਗਿਆ ਹੈ, ਜੋ ਕਿ ਅੱਜ ਵੀ ਦੇਸ਼ ਦੀ ਏਕਤਾ ਅਤੇ ਅਖੰਡਤਾ ਦਾ ਪ੍ਰਤੀਕ ਹੈ। ਉਹਨਾਂ ਕਿਹਾ ਕਿ ਮੌਜੂਦਾ ਸੰਵਿਧਾਨ ਭਾਰਤ ਦੇ ਤਮਾਮ ਨਾਗਰਿਕਾਂ ਦੀਆ ਲੋੜਾਂ ਨੂੰ ਪੂਰਾ ਕਰਦਾ ਹੈ। ਇਸ ਲਈ ਭਾਰਤੀ ਸੰਵਿਧਾਨ ਨੂੰ ਬਦਲਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਇਸ ਸੰਵਿਧਾਨ ਨੇ ਸਾਰੇ ਭਾਰਤ ਨੂੰ ਵੱਖ-ਵੱਖ ਧਰਮਾਂ, ਜਾਤੀਆਂ, ਬੋਲੀਆਂ, ਸੱਭਿਆਚਾਰਾਂ ਦਾ ਦੇਸ਼ ਹੁੰਦੇ ਹੋਏ ਵੀ ਦੇਸ ਨੂੰ ਇੱਕ ਲੜੀ ਵਿੱਚ ਪਰੋਇਆ ਹੋਇਆ ਹੈ। ਉਨ੍ਹਾਂ ਕਿਹਾ ਕਿ ਭਾਰਤ ਦੀ ਸੱਤਾ 'ਤੇ ਕਾਬਜ ਬੀਜੇਪੀ ਸਰਕਾਰ ਹਿੰਦੂ ਧਰਮ ਦੀ ਮਨੂੰ ਸਿਮਰਤੀ ਨੂੰ ਸੰਵਿਧਾਨ ਵਜੋਂ ਲਾਗੂ ਕਰਨਾ ਚਾਹੁੰਦੀ ਹੈ ਤਾਂ ਜੋ ਵੱਖ-ਵੱਖ ਜਾਤੀਆਂ ਅਤੇ ਧਰਮਾਂ ਨੂੰ ਗੁਲਾਮ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਭਾਰਤ ਦੇ ਨਾਗਰਿਕ ਸੰਵਿਧਾਨ ਬਦਲਣ ਦੀ ਗੱਲ ਕਦੇ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਸੰਵਿਧਾਨ ਬਦਲਣ ਦੀ ਗੈਰ-ਸੰਵਿਧਾਨਕ ਗੱਲ ਕਰਨ ਵਾਲੇ ਵਿਵੇਕ ਦੇਵਰਾਏ ਨੂੰ ਦੇਸ਼ ਦੀ ਆਰਥਿਕ ਸਲਾਹਕਾਰ ਕਮੇਟੀ ਦੇ ਚੇਅਰਮੈਨ ਦੇ ਵਕਾਰੀ ਅਹੁਦੇ ਤੋਂ ਲਾਂਭੇ ਕਰੇ, ਨਹੀਂ ਤਾਂ ਬੇਗਮਪੁਰਾ ਟਾਈਗਰ ਫੋਰਸ ਭਰਾਤਰੀ ਜਥੇਬੰਦੀਆਂ ਨਾਲ ਰਲ ਕੇ ਸੰਘਰਸ਼ ਕਰੇਗੀ।



ਇਸ ਮੌਕੇ ਮਾਝੀਆ ਇੰਚਾਰਜ ਚੰਦਰ ਪਾਲ ਹੈਪੀ , ਮਨਪ੍ਰੀਤ ਕੋਹਲੀ,ਅਜੈ ਕੁਮਾਰ,ਵਿੱਕੀ ਸਿੰਘ ਪੁਰਹੀਰਾ , ਗੁਰਪ੍ਰੀਤ ਕੁਮਾਰ,ਸਨੀ ਸੀਣਾ , ਭਿੰਦਾ ਸੀਣਾ ,ਅਮਨਦੀਪ, , ਦੋਆਬਾ ਇੰਚਾਰਜ ਜੱਸਾ ਸਿੰਘ ਨੰਦਨ , ਸਤੀਸ਼ ਕੁਮਾਰ ਸ਼ੇਰਗੜ੍ਹ, ਚਰਨਜੀਤ ਸਿੰਘ ਡਾਡਾ , ਬਲਵਿੰਦਰ ਸ਼ੇਰਗੜੀਆ,ਗਗਨਦੀਪ ਸ਼ੇਰਗੜੀਆ,ਅਮਰੀਕ ਸ਼ੇਰਗੜੀਆ ,ਭੁਪਿੰਦਰ ਮਾਨਾ ,ਅਵਤਾਰ ਤਾਰੀ ਮਾਨਾ ,ਵਿਜੈ ਕੁਮਾਰ ਸ਼ੀਹਮਾਰ , ਪੰਮਾ ਡਾਡਾ, ਜਸਵੀਰ ਸ਼ੇਰਗੜੀਆ , ਅਮਰੀਕ ਸਿੰਘ ਸ਼ੇਰਗੜੀਆ , ਗੋਗਾ ਮਾਂਝੀ ,ਰਾਜ ਕੁਮਾਰ ਬੱਧਣ ਸ਼ੇਰਗੜ ,ਰਾਕੇਸ਼ ਕੁਮਾਰ ਭੱਟੀ ,ਅਸ਼ੋਕ ਕੁਮਾਰ ,ਡਿੰਪੀ , ਸੁਖਵਿੰਦਰ ਸਿੰਘ ਢੋਲਣਵਾਲ, ਨਿੱਕਾ ਬਸੀ ਕਿੱਕਰਾ ,ਰਵੀ , ਭੁਪਿੰਦਰ ਕੁਮਾਰ ਬੱਧਣ ,ਅਵਤਾਰ ਡਿੰਪੀ,ਚਰਨਜੀਤ ਡਾਡਾ , ਕਮਲਜੀਤ ਡਾਡਾ ਸਮੇਤ ਫੋਰਸ ਦੇ ਹੋਰ ਅਹੁਦੇਦਾਰ ਤੇ ਮੈਂਬਰ ਹਾਜ਼ਰ ਸਨ।

# ਪੀਰ ਬਾਬਾ ਜ਼ਿੰਦਾ ਸ਼ਹੀਦ ਦੇ ਧਾਰਮਕ ਸਥਾਨ 'ਤੇ ਨਤਮਸਤਕ ਹੋਏ ਹਰਜੋਤ ਬੈਂਸ



**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**-ਪੀਰ ਬਾਬਾ ਜਿੰਦ ਸ਼ਹੀਦ ਦੇ ਧਾਰਮਿਕ ਸਥਾਨ 'ਤੇ ਲੱਗੇ ਸਾਲਾਨਾ ਜੋੜ ਮੇਲੇ ਦੀ ਸਪੰਨਤਾ ਮੌਕੇ ਕੈਬਨਿਟ ਮੰਤਰੀ ਹਰਜੋਤ ਬੈਂਸ, ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਨਤਮਸਤਕ ਹੋਈਆਂ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਹੋਣਹਾਰ ਵਿਦਿਆਰਥੀਆਂ, ਸ਼ਹੀਦਾਂ ਦੇ ਪਰਵਾਰਾਂ ਤੇ ਪ੍ਰਮੁੱਖ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਕਨਵਰ ਗਰੇਵਾਲ, ਪੰਮਾ ਡੂਮੇਵਾਲ, ਗਜ਼ਲ ਗਾਇਕ ਸੁਨੀਲ ਡੋਗਰਾ ਸਮੇਤ ਉੱਘੇ ਕਲਾਕਾਰਾਂ ਨੇ ਪੇਸ਼ਕਾਰੀਆਂ ਦਿੱਤੀਆਂ।

ਇਸ ਮੌਕੇ ਐਡਵੋਕੇਟ ਦਿਨੇਸ਼ ਚੱਢਾ ਵੱਲੋਂ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਜਿਨ੍ਹਾਂ ਨੇ ਸਿੱਖਿਆ, ਖੇਡਾਂ ਤੇ ਹੋਰ ਗਤੀਵਿਧੀਆਂ ਵਿੱਚ ਮੱਲਾਂ ਮਾਰੀਆਂ ਹਨ। ਉਨ੍ਹਾਂ ਨੇ ਸ਼ਹੀਦ ਪਰਵਾਰਾਂ ਦਾ ਵੀ ਸਨਮਾਨ ਕੀਤਾ, ਜਿਨ੍ਹਾਂ ਨੇ ਆਪਣੇ ਪੁੱਤਰਾਂ ਨੂੰ ਦੇਸ਼ ਦੀ ਸੇਵਾ ਲਈ ਕੁਰਬਾਨ ਕੀਤਾ ਹੈ। ਇਸ ਮੌਕੇ ਡੀ.ਐਸ.ਪੀ ਅਜੇ ਸਿੰਘ, ਜ਼ਿਲ੍ਹਾ ਸਿੱਖਿਆ ਅਫਸਰ ਪ੍ਰੇਮ ਕੁਮਾਰ ਮਿੱਤਲ, ਉਪ ਜ਼ਿਲ੍ਹਾ ਸਿੱਖਿਆ ਅਫਸਰ ਸੁਰਿੰਦਰਪਾਲ ਸਿੰਘ, ਕਮਿੱਕਰ ਸਿੰਘ ਡਾਢੀ, ਰਾਮ ਕੁਮਾਰ ਮੁਕਾਰੀ, ਸਰਬਜੀਤ ਸਿੰਘ ਭਟੋਲੀ, ਜੁਝਾਰ ਸਿੰਘ ਆਸਪੁਰ, ਪ੍ਰਿੰਸੀਪਲ ਮੰਨੀ ਰਾਮ, ਪਰਮਿੰਦਰ ਸਿੰਘ,ਅਮਨ ਚੱਢਾ, ਸਤਿਨਾਮ ਸਿੰਘ ਨਾਗਰਾ, ਅਵਤਾਰ ਸਿੰਘ ਕੂਨਰ, ਸਰਪੰਚ ਹਰਦਿਆਲ ਸਿੰਘ ਬੜਵਾ, ਦੀਪਕ ਪੁਰੀ, ਨਰਿੰਦਰ ਚਾਹਲ, ਸੰਗਤ ਤੇ ਹਾਜ਼ਰ ਸੀ।

# ਬੀਬੀ ਅਮਰ ਕੌਰ ਨਮਿੱਤ ਅਰਦਾਸ ਅੱਜ



**ਸੁਲਤਾਨਪੁਰ ਲੋਧੀ ( ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)**- ਜਥੇ ਪਰਮਿੰਦਰ ਸਿੰਘ ਖਾਲਸਾ,. ਜਥੇ ਭੁਪਿੰਦਰ ਸਿੰਘ ਖਾਲਸਾ ਦੇ ਸਤਿਕਾਰਯੋਗ ਮਾਤਾ ਅਮਰ ਕੌਰ (ਪਤਨੀ ਗੁਰਬਚਨ ਸਿੰਘ ਖਾਲਸਾ) ਜੋ ਪਿਛਲੇ ਦਿਨੀ ਅਕਾਲ ਚਲਾਣਾ ਕਰ ਗਏ ਸਨ, ਨਮਿੱਤ ਪਾਠ ਦਾ ਭੋਗ, ਸ਼ਬਦ ਕੀਰਤਨ ਅਤੇ ਅੰਤਿਮ ਅਰਦਾਸ 26 ਅਗਸਤ ਨੂੰ ਸਵੇਰੇ 11 ਵਜੇ ਤੋਂ ਦੁਪਿਹਰ 1 ਵਜੇ ਤੱਕ ਗੁਰਦੁਆਰਾ ਤਪ ਅਸਥਾਨ ਸੰਤ ਬਾਬਾ ਨਿਹਾਲ ਸਿੰਘ ਜਾਰਜਪੁਰ ਵਿਖੇ ਹੋਣਗੇ। ਇਲਾਕੇ ਦੀਆਂ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸ਼ਖ਼ਸੀਅਤਾਂ ਮਾਤਾ ਅਮਰ ਕੌਰ ਨੂੰ ਸ਼ਰਧਾਂਜਲੀ ਭੇਟ ਕਰਨਗੀਆਂ।

# ਟੋਡਰਪੁਰ ਵਿਖੇ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਅਜਨੋਹਾ ਵੱਲੋਂ ਹੜ੍ਹ ਪੀੜਤਾਂ ਲਈ ਰਾਸ਼ੀ ਭੇਟ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਪਿੰਡ ਟੋਡਰਪੁਰ ਵਿਖੇ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਅਜਨੋਹਾ ਨੂੰ ਹੜ੍ਹ ਪੀੜਤਾਂ ਲਈ 19800 ਰਾਸ਼ੀ ਭੇਟ ਕੀਤੀ। ਪਿੰਡ ਵਾਸੀਆਂ ਵੱਲੋਂ ਗੁਰੂ ਘਰ ਦੇ ਵਜੀਰ ਭਾਈ ਸਰਵਣ ਸਿੰਘ ਖਾਲਸਾ ਦੀ ਪ੍ਰੇਰਨਾ ਸਦਕਾ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਦੀ ਹਾਜਰੀ ਵਿੱਚ ਸੰਸਥਾ ਮੁੱਖੀ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਅਤੇ ਗੁਰਪ੍ਰੀਤ ਸਿੰਘ ਗੁਗਲੀ ਖਾਲਸਾ ਨੂੰ 19800 ਰੁਪਿਆ ਦੀ ਸੇਵਾ ਦਿੱਤੀ ਗਈ। ਸੰਸਥਾ ਵੱਲੋਂ ਹੜ੍ਹ ਪੀੜਤ ਇਲਾਕਿਆਂ ਵਿਚ ਰਾਸ਼ਨ ਵੰਡਣਾ, ਪਸ਼ੂਆਂ ਦਾ ਚਾਰਾ ਅਤੇ ਲਗਾਤਾਰ ਮੁਫਤ ਮੈਡੀਕਲ ਕੈਂਪ ਲਗਾਏ ਜਾਣ ਦੇ ਕਾਰਜ ਕੀਤੇ ਜਾ ਰਹੇ ਹਨ। ਇਸ ਮੌਕੇ ਮਨਜੀਤ ਕੌਰ, ਪਰਮਜੀਤ ਕੌਰ, ਤਜਿੰਦਰ ਕੌਰ, ਸੁਰਿੰਦਰ ਕੌਰ, ਗੁਰਦੀਪ ਕੌਰ, ਇੰਦਰਜੀਤ ਕੌਰ, ਗੁਰਮੀਤ ਕੌਰ, ਬਲਜੀਤ ਕੌਰ, ਜਗਦੀਸ਼ ਕੌਰ, ਸਰਵਣ ਸਿੰਘ, ਇੰਦਰ ਮੋਹਣ, ਸੁਸੀਆਂ, ਮਹਿੰਦਰ ਕੌਰ, ਕੁਲਵਿੰਦਰ ਕੌਰ, ਅਵਤਾਰ ਕੌਰ, ਗੁਰਜੀਤ ਸਿੰਘ, ਰਣਜੀਤ ਕੌਰ, ਜਸਵਿੰਦਰ ਸਿੰਘ, ਮਨਜਿੰਦਰ ਸਿੰਘ, ਸਰਵਣ ਸਿੰਘ ਡੋਡ, ਗੁਰਦੀਪ ਸਿੰਘ, ਰਜਿੰਦਰ ਕੌਰ ਆਦਿ ਹਾਜਰ ਸਨ। ਫੋਟੋ ਕੈਪਸਨ –ਪਿੰਡ ਟੋਡਰਪੁਰ ਵਿਖੇ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਅਜਨੋਹਾ ਨੂੰ ਹੜ੍ਹ ਪੀੜਤਾਂ ਲਈ ਪਿੰਡ ਵਾਸੀ ਰਾਸ਼ੀ ਦਿੰਦੇ ਹੋਏ।

# ਗਰਭਵਤੀ ਔਰਤਾਂ ਨੂੰ ਪੌਸ਼ਟਿਕ ਆਹਾਰ ਲੈਣ ਲਈ ਪ੍ਰੇਰਿਤ ਕੀਤਾ

**ਆਦਮਪੁਰ, ( ਪਰਮਜੀਤ ਸਿੰਘ):–** ਕੇਅਰ ਕੰਪੇਨੀਅਨ ਪ੍ਰੋਗਰਾਮ ਤਹਿਤ ਸਿਵਲ ਸਰਜਨ ਡਾ. ਰਮਨ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਕਮਲਜੀਤ ਕੌਰ ਦੀ ਦੇਖ-ਰੇਖ ਹੇਠ ਤਿੰਨ ਥਾਵਾਂ 'ਤੇ ਗਰਭਵਤੀ ਔਰਤਾਂ ਲਈ ਜਾਗਰੂਕਤਾ ਸੈਸ਼ਨ ਆਯੋਜਿਤ ਕੀਤੇ ਗਏ। ਚੋਮੋ, ਡਰੋਲੀ ਕਲਾਂ ਅਤੇ ਘੜਿਆਲ ਵਿਖੇ ਹੋਏ ਇਨ੍ਹਾਂ ਸੈਸ਼ਨਾਂ ਵਿੱਚ ਬੀਈਈ ਚੰਦਨ ਮਿਸ਼ਰਾ ਨੇ ਗਰਭਵਤੀ ਔਰਤਾਂ ਨੂੰ ਪੌਸ਼ਟਿਕ ਭੋਜਨ ਖਾਣ, ਭਰਪੂਰ ਪਾਣੀ ਪੀਣ, ਗਰਭ ਅਵਸਥਾ ਦੌਰਾਨ ਘੱਟੋ-ਘੱਟ ਚਾਰ ਵਾਰ ਆਪਣੀ ਜਾਂਚ ਕਰਵਾਉਣ ਅਤੇ ਗੰਭੀਰ ਸਥਿਤੀ ਵਿੱਚ ਤੁਰੰਤ ਆਪਣੀ ਆਸ਼ਾ ਜਾਂ ਏਐਨਐਮ ਨਾਲ ਸੰਪਰਕ ਕਰਨ ਲਈ ਪ੍ਰੇਰਿਤ ਕੀਤਾ। ਬੀਈਈ ਚੰਦਨ ਮਿਸ਼ਰਾ ਨੇ ਕਿਹਾ ਕਿ ਇੱਕ ਗਰਭਵਤੀ ਔਰਤ ਦੇ ਪਰਵਾਰਕ ਮੈਂਬਰਾਂ ਦੀ ਵੀ ਜ਼ਿੰਮੇਵਾਰੀ ਹੈ ਕਿ ਉਹ ਔਰਤ ਅਤੇ ਗਰਭ 'ਚ ਪਲ ਰਹੇ ਬੱਚੇ ਦੀ ਤੰਦਰੁਸਤੀ ਲਈ ਪੂਰਾ ਸਹਿਯੋਗ ਦੇਣ। ਐੱਸ.ਆਈ. ਮਨੋਹਰ ਲਾਲ ਨੇ ਡੇਂਗੂ ਮੱਛਰ ਦੀ ਰੋਕਥਾਮ ਲਈ ਯੋਗ ਉਪਰਾਲੇ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸੀਐਚਓ ਪੂਨਮ, ਏਐਨਐਮ ਇੰਦਰਜੀਤ ਕੌਰ, ਸੀਤਾ ਰਾਣੀ, ਜਸਵੀਰ ਕੌਰ ਅਤੇ ਪਰਮਜੀਤ ਕੌਰ ਹਾਜਰ ਸਨ।

# ਮਿਸ਼ਨ ਇੰਦਰਧਨੁੱਸ 5.0 : ਟੀਕਾਕਰਨ ਤੋਂ ਵਾਂਝੇ ਰਹਿ ਗਏ 3000 ਬੱਚਿਆਂ ਨੂੰ ਕਵਰ ਕਰੇਗਾ




**ਜਲੰਧਰ, ( ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**-ਜ਼ਿਲ੍ਹੇ ਵਿੱਚ 0 ਤੋਂ 5 ਸਾਲ ਦੀ ਉਮਰ ਦੇ 3000 ਦੇ ਕਰੀਬ ਟੀਕਾਕਰਨ ਤੋਂ ਵਾਂਝੇ ਰਹਿ ਗਏ ਬੱਚਿਆਂ ਲਈ ਸਿਹਤ ਵਿਭਾਗ ਵਲੋਂ ਮਿਸ਼ਨ ਇੰਦਰਧਨੁੱਸ਼-5.0 ਤਹਿਤ 11 ਸਤੰਬਰ ਤੋਂ ਵਿਸ਼ੇਸ਼ ਟੀਕਾਕਰਨ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਟਾਸਕ ਫੋਰਸ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਇਹ ਮੁਹਿੰਮ ਤਿੰਨ ਪੜ੍ਹਾਵਾਂ ਵਿੱਚ ਚਲਾਈ ਜਾਵੇਗੀ। ਉਨ੍ਹਾਂ ਕਿਹਾ ਕਿ ਟੀਕਾਕਰਨ ਦੌਰਾਨ ਵਾਂਝੇ ਰਹਿ ਗਏ 3000 ਬੱਚਿਆਂ ਲਈ ਟੀਕਾਕਰਨ ਦਾ ਪਹਿਲਾ ਪੜ੍ਹਾਅ 11 ਤੋਂ 15 ਸਤੰਬਰ, ਇਸੇ ਤਰ੍ਹਾਂ ਦੂਜਾ ਪੜ੍ਹਾਅ 9 ਤੋਂ 14 ਅਕਤੂਬਰ ਅਤੇ ਤੀਜਾ ਪੜ੍ਹਾਅ 20 ਤੋਂ 25 ਨਵੰਬਰ ਚਲਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵਲੋਂ ਜਿਥੇ ਇਹ ਬੱਚੇ ਰਹਿੰਦੇ ਹਨ ਦੀ ਪਹਿਚਾਣ ਕਰ ਲਈ ਗਈ ਹੈ ਅਤੇ ਇਨ੍ਹਾਂ ਨੂੰ ਕਵਰ ਕਰਨ ਲਈ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵਲੋਂ ਪਹਿਲਾਂ ਹੀ ਇਸ ਸਬੰਧੀ 272 ਏ.ਐਨ.ਐਮਜ਼ ਅਤੇ 1400 ਆਸ਼ਾ ਵਰਕਰਾਂ ਨੂੰ ਸਿਖਲਾਈ ਦਿੱਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਮਿਸ਼ਨ ਇੰਦਰਧਨੁੱਸ਼ 5.0 ਵੈਕਸੀਨੇਸ਼ਨ ਪ੍ਰੋਗਰਾਮ ਹੈ ਜਿਸ ਦਾ ਮੰਤਵ ਵੈਕਸੀਨ ਤੋਂ ਵਾਂਝੇ ਰਹਿ ਗਏ ਬੱਚਿਆਂ ਨੂੰ ਕਵਰ ਕਰਨਾ ਹੈ। ਇਸ ਸਮੁੱਚੀ ਵੈਕਸੀਨ ਪ੍ਰਕਿਰਿਆ ਨੂੰ ਪੋਰਟਲ ਯੂ-ਵਿਨ (ਵਿਨ ਓਵਰ ਵੈਕਸੀਨ) ਰਾਹੀਂ ਡਿਜੀਟਲ ਕੀਤਾ ਜਾਵੇਗਾ। ਇਸ ਉਪਰੰਤ ਡਿਪਟੀ ਕਮਿਸ਼ਨਰ ਵਲੋਂ ਜ਼ਿਲ੍ਹਾ ਡੀ-ਐਡਿਕਸ਼ਨ ਅਤੇ ਰੀਹੈਬਲੀਟੇਸ਼ਨ ਸੁਸਾਇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਓਟਸ ਕਲੀਨਿਕਾਂ, ਸ਼ੇਖੇ ਮੁੜ ਵਸੇਬਾ ਸੈਂਟਰ ਅਤੇ ਸਿਵਲ ਹਸਪਤਾਲ ਤੇ ਨੂਰਮਹਿਲ ਦੇ ਡੀ-ਐਡਿਕਸ਼ਨ ਸੈਂਟਰਾਂ ਦੀ ਕਾਰਜਪ੍ਰਣਾਲੀ ਦਾ ਜਾਇਜ਼ਾ ਵੀ ਲਿਆ ਗਿਆ। ਇਸ ਮੌਕੇ ਸਿਵਲ ਸਰਜਨ ਡਾ. ਰਮਨ ਕੁਮਾਰ ਸ਼ਰਮਾ, ਡੀ.ਐਮ.ਸੀ. ਡਾ. ਜੋਤੀ, ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਰਾਕੇਸ਼ ਕੁਮਾਰ ਅਤੇ ਹੋਰ ਹਾਜ਼ਰ ਸਨ।

# ਮੋਟਰਸਾਈਕਲ ਰੇਹੜੇ ਵਾਲਿਆਂ ਵੱਲੋਂ ਕਾਨੂੰਨੀ ਮਾਨਤਾ ਲਈ ਮਾਰਚ



**ਫਿਲੌਰ (ਨਿਰਮਲ)-** ਮੋਟਰਸਾਈਕਲ ਰੇਹੜਾ ਯੂਨੀਅਨ ਵੱਲੋਂ ਸ਼ਹਿਰ ਵਿੱਚ ਸੈਂਕੜੇ ਮੈਂਬਰਾਂ ਸਮੇਤ ਮਾਰਚ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਕਾਮਰੇਡ ਜਰਨੈਲ ਫਿਲੌਰ, ਜਸਵਿੰਦਰ ਸਿੰਘ ਰੰਧਾਵਾ ਅਤੇ ਹੋਰਾਂ ਨੇ ਕਿਹਾ ਕਿ ਮੋਟਰਸਾਈਕਲ ਰੇਹੜੇ ਵਾਲੇ ਆਪਣੇ ਰੇਹੜੇ ਚਲਾ ਕੇ ਆਪਣੇ ਪਰਵਾਰ ਦਾ ਪਾਲਣ ਪੋਸ਼ਣ ਕਰਦੇ ਹਨ। ਉਨ੍ਹਾਂ ਕਿਹਾ ਕਿ ਇਹ ਸਿਰਫ ਸਾਡਾ ਮਸਲਾ ਨਹੀਂ ਹੈ ਸਗੋਂ ਇਹ ਮਸਲਾ ਆਮ ਲੋਕਾਂ ਨਾਲ ਵੀ ਜੁੜਿਆ ਹੋਇਆ ਹੈ। ਪਿੰਡ ਸ਼ਹਿਰ ਵਸਦੇ ਛੋਟੀ ਗਲੀ 'ਚ ਰਹਿੰਦੇ ਕਿਸੇ ਵਿਅਕਤੀ ਨੂੰ ਦੋ ਬੋਰੇ ਸੀਮਿੰਟ ਦੇ ਚਾਹੀਦੇ ਹੋਣ ਜਾਂ ਜਿੱਥੇ ਕਿਤੇ ਵੀ ਵੱਡਾ ਵਾਹਨ ਨਹੀਂ ਜਾ ਸਕਦਾ, ਉਥੇ ਇਹ ਰੇਹੜਾ ਜਾ ਸਕਦਾ ਹੈ। ਇਹ ਮੋਟਰਸਾਈਕਲ ਰੇਹੜੇ 'ਤੇ ਸਾਡੇ 'ਚੋਂ ਕਈ ਵਿਅਕਤੀ ਸਬਜੀ ਵੇਚਣ ਜਾਂ ਅਜਿਹਾ ਕੋਈ ਹੋਰ ਕੰਮ ਕਾਰ ਕਰਕੇ ਪੇਟ ਪਾਲਦੇ ਹਨ। ਅਜਿਹੇ ਕੰਮਾਂ 'ਚ ਅਸੀਂ ਕਿਤੇ ਵੀ ਦੂਜੇ ਵਾਹਨਾਂ ਦੇ ਕੰਮ 'ਚ ਰੋਕ ਨਹੀਂ ਪਾ ਰਹੇ। ਮੋਟਰਸਾਈਕਲ ਰੇਹੜੇ ਦਾ ਕੰਮ ਸਾਡੀ ਖੇਤੀ ਨਾਲ ਵੀ ਜੁੜਿਆ ਹੋਇਆ ਹੈ। ਹਰਾ ਚਾਰਾ ਲਿਆਉਣ, ਗੋਹਾ ਸੁੱਟਣ ਅਤੇ ਦੁੱਧ ਦੇ ਡਰੰਮ ਲੈ ਕੇ ਜਾਣ 'ਚ ਇਹ ਅਹਿਮ ਰੋਲ ਅਦਾ ਕਰਦਾ ਹੈ। ਉਨ੍ਹਾਂ ਮੰਗ ਕੀਤੀ ਕਿ ਇਲੈਕਟ੍ਰਿਕ ਵਹੀਕਲ ਦੀ ਤਰਜ 'ਤੇ ਮੋਟਰਸਾਈਕਲ ਰੇਹੜੇ ਨੂੰ ਵੀ ਕਾਨੂੰਨੀ ਮਾਨਤਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸਾਨੂੰ ਸ਼ਹਿਰਾਂ, ਕਸਬਿਆਂ ਅਤੇ ਆਦਿ ਸਥਾਨਾਂ ਤੇ ਪੁਲਸ ਵੱਲੋਂ ਤੰਗ ਪ੍ਰੇਸ਼ਾਨ ਨਾ ਕੀਤਾ ਜਾਵੇ। ਇਸ ਮੌਕੇ ਗੁਰਦੀਪ ਸਿੰਘ, ਜਸਵੰਤ ਰਾਏ, ਰਾਮ ਆਸਰਾ, ਹੁਸਨ ਲਾਲ,ਅਮਰਜੀਤ ਕੁਮਾਰ, ਸਤਨਾਮ ਸਿੰਘ, ਦਵਿੰਦਰ ਕੁਮਾਰ,ਸੁਰਜੀਤ ਸਿੰਘ, ਪਰਮਜੀਤ ਸਿੰਘ, ਮੰਗਲ ਸਿੰਘ ਅਤੇ ਹੋਰ ਸਨ।

# *ਯੋਜਨਾ ਨੂੰ ਮਿਸ਼ਨ ਮੋਡ 'ਚ ਚਲਾਇਆ ਜਾਵੇ : ਸੰਜੀਵ ਕੌਸ਼ਲ*

**ਚੰਡੀਗੜ੍ਹ, (ਕ੍ਰਿਸ਼ਨ ਗਰਗ )** ਹਰਿਆਣਾ ਦੇ ਮੁੱਖ ਸਕੱਤਰ ਸੰਜੀਵ ਕੌਸ਼ਲ ਨੇ ਜ਼ਿਲ੍ਹਾ ਡਿਪਟੀ ਕਮਿਸ਼ਨਰਾਂ ਨੂੰ ਮਿਸ਼ਨ-ਉਨਮੁੱਖ ਰਣਨੀਤੀ ਰਾਹੀਂ ਸਵਾਮਿਤਵ ਯੋਜਨਾ ਦੇ ਲਾਗੂ ਕਰਨ ਵਿਚ ਤੇਜੀ ਲਿਆਉਣ ਦਾ ਨਿਰਦੇਸ਼ ਦਿੱਤਾ ਹੈ। ਉਨ੍ਹਾਂ ਨੇ ਜ਼ਿਲ੍ਹਾ ਡਿਪਟੀ ਕਮਿਸ਼ਨਰਾਂ ਨੂੰ ਨਿਰਦੇਸ਼ ਦਿੱਤੇ ਕਿ ਸਵਾਮਿਤਵ ਯੋਜਨਾ ਨੂੰ ਲੈ ਕੇ ਪਿੰਡਾਂ ਦੇ ਲੋਕਾਂ ਨੇ ਜੋ ਵੀ ਦਾਵੇ ਅਤੇ ਆਪੱਤੀਆਂ ਪੇਸ਼ ਕੀਤੀਆਂ ਹਨ ਉਨ੍ਹਾਂ ਨੂੰ ਤੁਰੰਤ ਦੂਰ ਕਰਵਾਉਣ ਤਾਂ ਜੋ ਲੋਕਾਂ ਨੂੰ ਜਲਦੀ ਤੋਂ ਜਲਦੀ ਪ੍ਰੋਪਰਟੀ ਕਾਰਡ ਵੰਡੇ ਜਾ ਸਕਣ। ਮੁੱਖ ਮੰਤਰੀ ਸਕੱਤਰ ਸਵਾਮਿਤਵ ਯੋਜਨਾ ਅਤੇ ਲਾਰਜ ਸਕੇਲ ਮੈਪਿੰਗ ਦੀ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਮੀਟਿੰਗ ਵਿਚ ਵਧੀਕ ਮੁੱਖ ਸਕੱਤਰ ਮਾਲ ਰਾਜੇਸ਼ ਖੁੱਲਰ, ਏਸੀਐਸ ਵਿਕਾਸ ਅਤੇ ਪੰਚਾਇਤ ਅਨਿਲ ਮਲਿਕ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਵੀ ਉਮਾਸ਼ੰਕਰ, ਕਮਿਸ਼ਨਰ ਅਤੇ ਸਕੱਤਰ ਸ਼ਹਿਰੀ ਸਥਾਨਕ, ਵਿਸ਼ੇਸ਼ ਸਕੱਤਰ ਮਾਲ ਅਤੇ ਆਪਦਾ ਆਮਨਾ ਤਸਨੀਮ ਸਮੇਤ ਕਈ ਸੀਨੀਅਰ ਅਧਿਕਾਰੀ ਮੌਜੂਦ ਰਹੇ ਅਤੇ ਸਾਰੇ ਡਿਪਟੀ ਕਮਿਸ਼ਨਰ ਅਤੇ ਸਬੰਧਿਤ ਅਧਿਕਾਰੀ ਮੀਟਿੰਗ ਵਿਚ ਆਨਲਾਇਨ ਜੁੜੇ। ਵਧੀਕ ਮੁੱਖ ਸਕੱਤਰ ਮਾਲ ਰਾਜੇਸ਼ ਖੁੱਲਰ ਨੇ ਕਿਹਾ ਕਿ ਪਿੰਡਾਂ ਵਿਚ ਪ੍ਰੋਪਰਟੀ ਡੀਡ ਬਨਾਉਣ ਦਾ ਕੰਮ ਪਿੰਡ ਸਕੱਤਰ ਵੱਲੋਂ ਕੀਤਾ ਜਾਵੇਗਾ। ਇਸ ਦੇ ਲਈ ਜਿਨ੍ਹਾਂ ਪਿੰਡਾਂ ਵਿਚ ਵਿਵਾਦ ਹਨ ਉਨ੍ਹਾਂ ਪਿੰਡਾਂ ਵਿਚ ਪਿੰਡ ਸਕੱਤਰ ਦੀ ਮਦਦ ਲਈ ਲਾਲ ਡੋਰਾ ਸਹਾਇਕ ਨਿਯੁਕਤ ਕੀਤੇ ਜਾਣ ਤਾਂ ਜੋ ਇਸ ਕਾਰਜ ਨੂੰ ਬਖੂਬੀ ਅੰਜਾਮ ਦਿੱਤਾ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਸਵਾਮਿਤਵ ਯੋਜਨਾ ਲਾਲ ਡੋਰਾ ਨਿਵਾਸੀਆਂ ਨੂੰ ਸਵਾਮਿਤਵ ਅਧਿਕਾਰ ਪ੍ਰਦਾਨ ਕਰੇਗੀ, ਜਿਸ ਨਾਲ ਉਹ ਨਿਰਮਾਣ ਉਦੇਸ਼ਾਂ ਅਤੇ ਹੋਰ ਯਤਲਾਂ ਦੇ ਲਈ ਬੈਂਕ ਕਰਜਾ ਪ੍ਰਾਪਤ ਕਰ ਸਕਣਗੇ।

# ਪ੍ਰਾਈਵੇਟ ਬੱਸਾਂ ਵਾਲੇ ਸਰਕਾਰ ਨੂੰ ਲਗਾ ਰਹੇ ਲੱਖਾਂ ਦਾ ਚੂਨਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਬਲਵੀਰ ਸਿੰਘ ਬਿੱਲਾ ਖੜੌਦੀ ,ਗੁਰਮੀਤ ਸਿੰਘ ਸਾਥੀ ,ਜਗਤਾਰ ਸਿੰਘ ਅਤੇ ਅਰੁਣ ਕੁਮਾਰ ਜਲੰਧਰ ਨੇ ਦੱਸਿਆ ਕਿ ਮਾਹਿਲਪੁਰ ਤੋਂ ਫਗਵਾੜਾ ,ਫਗਵਾੜਾ ਤੋਂ ਮਾਹਿਲਪੁਰ ,ਜੇਜੋਂ ਦੁਆਬਾ ਤੋਂ ਲੈਕੇ ਜਲੰਧਰ ਤੱਕ ਪੰਜਾਬ ਰੋਡਵੇਜ ਅਤੇ ਪੀ.ਆਰ.ਟੀ.ਸੀ ਦੀਆਂ ਬੱਸਾਂ ਦੇ 19 ਟਾਇਮ ਟੇਬਲ ਹਨ ,ਜਿਨ੍ਹਾਂ ਵਿੱਚੋਂ ਸਿਰਫ ਸਰਕਾਰੀ 4 ਬੱਸਾਂ ਹੀ ਚਲਦੀਆਂ ਹਨ। ਇਹਨਾਂ ਚਾਰ ਬੱਸਾਂ ਵਿੱਚੋਂ ਵੀ ਪਿਛਲੇ 10 ਦਿਨਾਂ ਤੋਂ ਤਿੰਨ ਬੱਸਾਂ ਬੰਦ ਹਨ ਸਿਰਫ ਇੱਕ ਬੱਸ ਨਾਲ ਹੀ ਕੰਮ ਚਲਾਇਆ ਜਾ ਰਿਹਾ ਹੈ । ਜਦ ਕਿ ਲੋੜ 7 ਬੱਸਾਂ ਦੀ ਹੈ । ਇਲਾਕੇ ਦੇ ਵਿਦਿਆਰਥੀ ਇਹਨਾਂ ਬੱਸਾਂ ਦੀ ਉਡੀਕ ਕਰਦੇ ਥੱਕ ਜਾਂਦੇ ਹਨ ਤੇ ਬਹੁਤ ਪ੍ਰੇਸ਼ਾਨ ਹਨ । ਬੀਬੀਆਂ ਵੀ ਮੁਫਤ ਵਾਲੀ ਬੱਸ ਲੱਭਦੀਆਂ ਅੱਕ ਥੱਕ ਕੇ ਪ੍ਰਾਈਵੇਟ ਬੱਸ ਦਾ ਹੀ ਸਫਰ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਸਭ ਸਰਕਾਰੀ ਬੱਸਾਂ ਅਤੇ ਪ੍ਰਾਈਵੇਟ ਬੱਸਾਂ ਵਾਲਿਆਂ ਦੀ ਮਿਲੀਭੁਗਤ ਹੈ । ਬਲਵੀਰ ਸਿੰਘ ਬਿੱਲਾ ਖੜੌਦੀ ਨੇ ਦੱਸਿਆ ਕਿ ਇਸ ਸਬੰਧੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ,ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ,ਡਾਇਰੈਕਟਰ ਪਨਬਸ ਅਤੇ ਡਿਪਟੀ ਕਮਿਸ਼ਨਰ ਨੂੰ ਲਿਖਤੀ ਰਿਪੋਰਟ ਵੀ ਦਿੱਤੀ ਹੈ । ਲੋਕਾਂ ਦੀ ਮੰਗ ਹੈ ਕਿ ਇਹਨਾਂ ਸਰਕਾਰੀ ਬੱਸਾਂ ਨੂੰ ਜਲਦੀ ਤੋਂ ਜਲਦੀ ਚਲਾਇਆ ਜਾਵੇ ਤੇ ਪ੍ਰਾਈਵੇਟ ਬੱਸਾਂ ਵਾਲੇ ਆਪਣੇ ਸਹੀ ਟਾਇਮ 'ਤੇ ਚੱਲਣ ਤਾਂ ਜੋ ਲੋਕਾਂ ਦੀ ਮੁਸ਼ਕਿਲ ਹੱਲ ਹੋਵੇ ।

# ਨੌਜਵਾਨਾਂ ਨੇ ਨਸ਼ਿਆਂ ਖਿਲਾਫ ਮੋਰਚਾ ਖੋਲ੍ਹਿਆ



**ਹੁਸ਼ਿਆਰਪੁਰ (ਓ ਪੀ ਰਾਣਾ)** ਵਾਰਡ ਨੰ. 8 ਦੇ ਕੌਂਸਲਰ ਮੁਖੀ ਰਾਮ, ਸ਼ਾਮ ਕੁਮਾਰ ਗੋਨੀ ਸੈਣੀ ਦੀ ਅਗਵਾਈ ਹੇਠ ਨੌਜਵਾਨਾਂ ਨੇ ਨਸ਼ਿਆਂ ਖਿਲਾਫ ਮੋਰਚਾ ਖੋਲ੍ਹਿਆ ਹੈ, ਜਿਸ ਤਹਿਤ ਨੌਜਵਾਨਾਂ ਨੂੰ ਵਿਸ਼ੇਸ਼ ਮੁਹਿੰਮ ਤਹਿਤ ਨਸ਼ਿਆਂ ਖਿਲਾਫ ਜਾਗਰੂਕ ਕਰਨ ਦਾ ਫੈਸਲਾ ਕੀਤਾ ਹੈ। ਇਸ ਮੌਕੇ ਕੌਂਸਲਰ ਮੁਖੀ ਰਾਮ, ਸ਼ਾਮ ਕੁਮਾਰ ਗੋਨੀ ਸੈਣੀ ਨੇ ਜੰਜਘਰ ਅਸਲਾਮਾਬਾਦ 'ਚ ਇਸ ਸੰਬੰਧੀ ਕੀਤੀ ਗਈ ਨੌਜਵਾਨਾਂ ਦੀ ਮੀਟਿੰਗ 'ਚ ਸ਼ਿਰਕਤ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ 'ਚ ਦੇਸ਼ ਵਿਰੋਧੀ ਤਾਕਤਾਂ ਦੇ ਮੰਜੇ 'ਤੇ ਬੈਠੇ ਨਸ਼ੇ ਦੇ ਵਪਾਰੀ ਦੇਸ਼ ਦੀ ਨੀਂਹ ਨੂੰ ਕਮਜ਼ੋਰ ਕਰ ਰਹੇ ਹਨ। ਦੇਸ਼ ਦੀ ਜਵਾਨੀ ਨੂੰ ਨਸ਼ਿਆਂ ਦੀ ਦਲਦਲ 'ਚ ਧੱਕ ਰਹੇ ਹਨ। ਨੌਜਵਾਨ ਸਾਡੇ ਦੇਸ਼ ਦੀ ਤਾਕਤ ਹਨ, ਜਦੋਂ ਤੱਕ ਨਸ਼ਿਆਂ ਦੇ ਚੁੰਗਲ 'ਚ ਫਸੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ 'ਚੋਂ ਨਹੀਂ ਕੱਢਿਆ ਜਾਂਦਾ, ਉਦੋਂ ਤੱਕ ਨੌਜਵਾਨ ਦੇਸ਼ ਦੀ ਤਰੱਕੀ 'ਚ ਆਪਣਾ ਵੱਡਮੁੱਲਾ ਯੋਗਦਾਨ ਨਹੀਂ ਪਾ ਸਕਣਗੇ। ਇਸ ਮੌਕੇ ਮੁੱਖੀ ਰਾਮ ਨੇ ਕਿਹਾ ਕਿ ਨੌਜਵਾਨਾਂ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਪੈਦਾ ਕਰਨ ਦਾ ਜੋ ਸੰਕਲਪ ਲਿਆ ਗਿਆ ਹੈ। ਉਹ ਸ਼ਲਾਘਾਯੋਗ ਹੈ ਅਤੇ ਇਸ ਮੁਹਿੰਮ ਦੇ ਸਾਕਾਰਾਤਮਕ ਨਤੀਜੇ ਸਾਹਮਣੇ ਆਉਣਗੇ ਕਿਉਂਕਿ ਡਿੱਗਦੀ ਜਵਾਨੀ ਨੂੰ ਸਿਰਫ ਨੌਜਵਾਨਾਂ ਦਾ ਹੱਥ ਹੀ ਸੰਭਾਲ ਸਕਦਾ ਹੈ।

ਇਸ ਮੌਕੇ ਮੁਖੀ ਰਾਮ, ਗੋਨੀ ਸੈਣੀ ਨੇ ਨਸ਼ਿਆਂ ਖਿਲਾਫ ਮੋਰਚਾ ਖੋਲ੍ਹਣ ਵਾਲੇ ਨੌਜਵਾਨਾਂ ਦੇ ਜਜਬੇ ਦੀ ਸ਼ਲਾਘਾ ਕੀਤੀ। ਇਸ ਮੌਕੇ ਦਵਿੰਦਰ ਪਾਲ ਸਿੰਘ, ਗੁਰਦੀਪ ਸਿੰਘ, ਗੁਰਜੀਤ ਚੀਤਾ ਸੈਣੀ, ਲੱਕੀ ਮੇਨੂਅਲ, ਵਰੁਣ ਰਾਜਪੂਤ, ਹਰਵਿੰਦਰ ਸਿੰਘ ਕਸ਼ਯਪ, ਸੁਖਵੀਰ ਸਿੰਘ, ਹੈਰੀ ਅਸਲਾਮਾਬਾਦ, ਦਲਵੀਰ ਸਿੰਘ ਸਾਹਨੀ, ਹਰਬੰਸ ਸਿੰਘ ਨਿੱਕੂ, ਹਰਭਜਨ ਸਿੰਘ ਭੱਜੀ ਹਾਜ਼ਰ ਸਨ।

# ਉਤਪਾਦ ਨੂੰ ਵਿਦੇਸ਼ਾਂ 'ਚ ਪ੍ਰਦਰਸ਼ਿਤ ਕਰਨ ਦਾ ਮਿਲੇਗਾ ਮੌਕਾ : ਚੌਟਾਲਾ

**ਚੰਡੀਗੜ੍ਹ, (ਕ੍ਰਿਸ਼ਨ ਗਰਗ )** - ਹਰਿਆਣਾ ਦੇ ਡਿਪਟੀ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਨੇ ਦਸਿਆ ਕਿ ਹੁਣ ਸੂਬੇ ਦੇ ਸੂਖਮ ਅਤੇ ਛੋਟੇ ਉਦਯੋਗਾਂ ਨੂੰ ਇੰਟਰਨੈਸ਼ਨਲ ਏਵੀਏਸ਼ਨ ਲਗਾਉਣ ਲਈ 5.50 ਲੱਖ ਅਤੇ ਨੈਸ਼ਨਲ ਏਗਜੀਬਿਸ਼ਨ ਲਈ 3.75 ਲੱਖ ਰੁਪਏ ਤਕ ਦੀ ਸਹਾਇਤ ਰਕਮ ਦਿੱਤੀ ਜਾਵੇਗੀ। ਇਸ ਬਾਰੇ ਵਿਚ ਉਦਯੋਗ ਅਤੇ ਵਪਾਰ ਵਿਭਾਗ ਵੱਲੋਂ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤੀ ਗਈ ਹੈ ਤਾਂ ਜੋ ਉਦਯੋਗਪਤੀ ਇਸ ਦਾ ਜਲਦੀ ਤੋਂ ਜਲਦੀ ਲਾਭ ਚੁੱਕ ਸਕਣ। ਡਿਪਟੀ ਸੀਏਮ, ਜਿਨ੍ਹਾਂ ਦੇ ਕੋਲ ਉਦਯੋਗ ਅਤੇ ਵਪਾਰ ਵਿਭਾਗ ਦਾ ਕਾਰਜਭਾਰ ਵੀ ਹੈ, ਨੇ ਇੱਥੇ ਦਸਿਆ ਕਿ ਕਈ ਵਾਰ ਸੂਖਮ ਅਤੇ ਛੋਟੇ ਉਦਯੋਗ ਆਪਣੇ ਉਤਪਾਦ ਦਾ ਨੈਸ਼ਨਲ ਤੇ ਇੰਟਰਨੈਸ਼ਨਲ ਲੇਵਲ 'ਤੇ ਪ੍ਰਦਰਸ਼ਨ ਕਰਨਾ ਚਾਹੁੰਦੇ ਹਨ ਪਰ ਉਨ੍ਹਾਂ ਦੇ ਕੋਲ ਸ਼ੁਰੂ ਵਿਚ ਬਜਟ ਨਹੀਂ ਹੁੰਦਾ। ਉਨ੍ਹਾਂ ਦੀ ਇਸੀ ਪਰੇਸ਼ਾਨੀ ਨੂੰ ਸਮਝਦੇ ਹੋਏ ਰਾਜ ਸਰਕਾਰ ਨੇ ਉਨ੍ਹਾਂ ਦੀ ਸਹਾਇਤਾ ਕਰਨ ਦੇ ਲਈ ਮਾਰਕਿਟ ਡਿਵੇਲਪਮੈਂਟ ਏਸਿਸਟੇਂਸ ਦੇ ਨਾਂਅ ਨਾਲ ਇੰਟਰਨੈਸ਼ਨਲ ਏਗਜੀਬਿਸ਼ਨ ਲਗਾਉਣ ਲਈ 5.50 ਲੱਖ ਰੁਪਏ ਤਕ ਅਤੇ ਨੈਸ਼ਨਲ ਅਤੇ ਏਗਜੀਬਿਸ਼ਨ ਦੇ ਲਈ 3.75 ਲੱਖ ਰੁਪਏ ਤਕ ਦੀ ਸਹਾਇਤਾ ਰਕਮ ਦੇਣ ਦਾ ਫੈਸਲਾ ਕੀਤਾ ਗਿਆ। ਡਿਪਟੀ ਮੁੱਖ ਮੰਤਰੀ ਨੇ ਅੱਗੇ ਜਾਣਕਾਰੀ ਦਿੱਤੀ ਕਿ ਨੈਸ਼ਨਲ ਏਗਜੀਬਿਸ਼ਨ ਦੇ ਲਈ ਸਪੇਸ/ਪਾਰਟੀਸਿਪੇਸ਼ਨ ਚਾਰਜੇਜ , ਉਦਯੋਗ ਤੋਂ ਲੈ ਕੇ ਏਗਜੀਬਿਸ਼ਨ ਸਥਾਨ ਤਕ ਟ੍ਰਾਂਸਪੋਰਟ- ਚਾਰਜੇਜ, ਫਿਸਪੇਲ/ਮੈਟੇਰਿਅਲ /ਪ੍ਰੋਡਕਟ ਲਿਟਰੇਚਰ ਦੀ ਲਾਗਤ ਸਟਾਲ ਨਿਰਮਾਣ/ਫੇਬਰੀਕੇਸ਼ਨ/ਡਿਜਾਈਨਿੰਗ ਚਾਰਜੇਜ ਦਾ 75 ਫੀਸਦੀ ਅਤੇ ਉਪਰੋਕਤ ਸਾਰੇ ਮਦਾਂ ਲਈ ਵੱਧ ਤੋਂ 3 ਲੱਖ ਰੁਪਏ ਤਕ ਸਰਕਾਰ ਵੱਲੋਂ ਅਦਾਇਗੀ ਕੀਤੀ ਜਾਵੇਗੀ।

# ਮਸ਼ਾਲ ਮਾਰਚ ਖਟਕੜ ਕਲਾਂ ਵਿਖੇ ਪਹੁੰਚਣ 'ਤੇ ਡਿਪਟੀ ਕਮਿਸ਼ਨਰ ਵੱਲੋਂ ਸਵਾਗਤ



**ਬਹਿਰਾਮ (ਅਵਤਾਰ ਕਲੇਰ)** ਪੰਜਾਬ ਸਰਕਾਰ ਵਲੋਂ ਜ਼ਮੀਨੀ ਪੱਧਰ 'ਤੇ ਖੇਡ ਸੱਭਿਆਚਾਰ ਪੈਦਾ ਕਰਕੇ ਉਭਰਦੇ ਖਿਡਾਰੀਆਂ ਦੇ ਹੁਨਰ ਨੂੰ ਤਰਾਸ਼ਣ ਦੇ ਮਕਸਦ ਨਾਲ ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-2 ਦੀ ਮਸ਼ਾਲ ਖਟਕੜ ਕਲਾਂ ਵਿਖੇ ਪੁੱਜੀ। ਆਦਮਪੁਰ ਤੋਂ ਹੁੰਦੇ ਹੋਏ ਖਟਕੜ ਕਲਾਂ ਵਿਖੇ ਮਸ਼ਾਲ ਦਾ ਸਵਾਗਤ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ, ਐਸ.ਡੀ.ਐਮ. ਬੰਗਾ ਮਨਰੀਤ ਰਾਣਾ, ਐਸ.ਡੀ.ਐਮ. ਬਲਾਚੌਰ ਵਿਕਰਮਜੀਤ ਸਿੰਘ ਅਤੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਸਤਨਾਮ ਸਿੰਘ ਜਲਵਾਹਾ ਨੇ ਕੀਤਾ। ਇਸ ਮੌਕੇ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਇਨ੍ਹਾਂ ਖੇਡਾਂ ਦੀ ਸ਼ੁਰੂਆਤ ਪਿਛਲੇ ਸਾਲ ਜਲੰਧਰ ਤੋਂ ਕੀਤੀ ਗਈ ਸੀ, ਜਿਸ ਨਾਲ ਸੂਬੇ ਵਿਚ ਨੌਜਵਾਨਾਂ, ਵਿਦਿਆਰਥੀਆਂ ਨੂੰ ਆਪਣੀ ਖੇਡ ਕਲਾ ਦਾ ਪ੍ਰਦਰਸ਼ਨ ਕਰਨ ਲਈ ਮੰਚ ਮਿਲਿਆ। ਪੰਜਾਬ ਸਰਕਾਰ ਵਲੋਂ ਕਰਵਾਈਆਂ ਜਾ ਰਹੀਆਂ ਇਹ ਖੇਡਾਂ ਨਰੋਏ ਸਮਾਜ ਦੀ ਸਿਰਜਣਾ ਵਿਚ ਵੱਡੀ ਭੂਮਿਕਾ ਅਦਾ ਕਰਨਗੀਆਂ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚੋਂ ਵੀ ਜ਼ਿਲ੍ਹਾ ਖੇਡ ਅਫ਼ਸਰ ਵਲੋਂ ਵਧੀਆ ਖੇਡਣ ਵਾਲੇ ਖਿਡਾਰੀਆਂ ਦੀ ਸੂਚੀ ਤਿਆਰ ਕਰ ਲਈ ਗਈ ਹੈ ਜੋ ਖੇਡਾਂ ਦੇ ਵਿੱਚ ਆਪਣੇ ਜੌਹਰ ਦਿਖਾਉਣਗੇ ਅਤੇ ਵੱਧ ਤੋਂ ਵੱਧ ਖੇਡਾਂ ਜਿੱਤ ਕੇ ਜ਼ਿਲ੍ਹੇ ਦਾ ਨਾਂਅ ਰੌਸ਼ਨ ਕਰਨਗੇ। ਉਨ੍ਹਾਂ ਕਿਹਾ ਕਿ ਖੇਡਾਂ ਦੇ ਨਾਲ ਚੱਲ ਰਹੇ ਨਸ਼ਾ ਮੁਕਤੀ ਮੁਹਿੰਮ ਨੂੰ ਵੀ ਹੁਲਾਰਾ ਮਿਲੇਗਾ ਅਤੇ ਨੌਜਵਾਨਾਂ ਨੂੰ ਨਸ਼ਿਆਂ ਦਾ ਤਿਆਗ ਕਰਕੇ ਆਪਣਾ ਧਿਆਨ ਖੇਡਾਂ ਵੱਲ ਲਗਾਉਣ ਦੀ ਸੇਧ ਮਿਲੇਗੀ। ਮਸ਼ਾਲ ਮਾਰਚ ਖਟਕੜ ਕਲਾਂ ਤੋਂ ਹੁੰਦੇ ਹੋਏ ਨਵਾਂਸ਼ਹਿਰ ਬੱਸ ਸਟੈਂਡ, ਚੰਡੀਗੜ੍ਹ ਚੌਂਕ ਤੋਂ ਹੁੰਦੀ ਹੋਈ ਬਲਾਚੌਰ ਪਹੁੰਚੀ, ਜਿਥੇ ਵਿਧਾਇਕ ਸੰਤੋਸ਼ ਕਟਾਰੀਆ ਨੇ ਸਵਾਗਤ ਕੀਤਾ। ਇਸ ਤੋਂ ਬਾਅਦ ਇਹ ਮਸ਼ਾਲ ਮਾਰਚ ਰੂਪਨਗਰ ਦੇ ਲਈ ਰਵਾਨਾ ਹੋ ਗਈ। ਇਸ ਮੌਕੇ ਸਹਾਇਕ ਕਮਿਸ਼ਨਰ (ਜ) ਗੁਰਲੀਨ ਕੌਰ, ਪੰਜਾਬ ਗੁਡ ਗਵਰਨਸ ਫੈਲੋ ਸੰਜਨਾ ਸਕਸੈਨਾ, ਜ਼ਿਲ੍ਹਾ ਖੇਡ ਅਫ਼ਸਰ ਬੰਦਨਾ ਚੌਹਾਨ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਸਕੂਲਾਂ ਅਤੇ ਕਾਲਜਾਂ ਦੇ ਬੱਚੇ ਮੌਜੂਦ ਸਨ।

# ਸਾਲਾਨਾ ਕੁਸ਼ਤੀ ਦੰਗਲ 4 ਨੂੰ

**ਕੁਰਾਲੀ (ਮੋਹਨ ਅੱਗਰਵਾਲ ਜੋਗਾ):-** ਛਿੰਝ ਸੁਸਾਇਟੀ ਪਿੰਡ ਮੁੱਲਾਂਪੁਰ ਗਰੀਬਦਾਸ ਨਿਊ ਚੰਡੀਗੜ੍ਹ ਦੇ ਸਾਰੇ ਮੈਂਬਰਾਂ ਦੀ ਵਿਸ਼ੇਸ਼ ਮੀਟਿੰਗ ਹੋਈ,ਜਿਸ ਵਿੱਚ ਫੈਸਲਾ ਕੀਤਾ ਗਿਆ ਕਿ 4 ਸਤੰਬਰ ਨੂੰ ਬਾਅਦ ਦੁਪਹਿਰ ਵੇਲੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸਾਲਾਨਾ ਕੁਸ਼ਤੀ ਦੰਗਲ ਕਰਵਾਇਆ ਜਾਵੇਗਾ,ਜਿਸ ਵਿੱਚ ਸਿਰਫ ਸੱਦਾ ਪੱਤਰ ਵਾਲੇ ਪਹਿਲਵਾਨ ਹੀ ਕੁਸ਼ਤੀਆਂ ਲੜਨਗੇ। ਝੰਡੀ ਦੀ ਕੁਸ਼ਤੀ ਮਸ਼ਹੂਰ ਪਹਿਲਵਾਨ ਸਿਕੰਦਰ ਸ਼ੇਖ ਮਹਾਂਰਾਸ਼ਟਰ ਤੇ ਭੁਪਿੰਦਰ ਅਜਨਾਲਾ ਵਿਚਕਾਰ ਹੋਵੇਗੀ। ਇਹ ਜਾਣਕਾਰੀ ਪੰਚ ਰਵਿੰਦਰ ਸਿੰਘ ਕਾਲਾ ਚਾਹਲ ਤੇ ਰਾਮ ਸਿੰਘ ਵੱਲੋਂ ਦਿੱਤੀ ਗਈ।

# ਸਿਵਲ ਹਸਪਤਾਲ 'ਚ ਬੰਦ ਪਈਆਂ ਮਸ਼ੀਨਾਂ ਤੁਰੰਤ ਚਾਲੂ ਕਰਵਾਈਆਂ ਜਾਣ : ਜਥੇਦਾਰ ਜੁਗਨੂੰ

**ਕਾਲਾ ਸੰਘਿਆਂ (ਮਨਜੀਤ ਮਾਨ)** ਸ਼੍ਰੋਮਣੀ ਅਕਾਲੀ ਦਲ ਦੇ ਰਾਜਸੀ ਮਾਮਲਿਆਂ ਪੀ ਏ ਸੀ ਦੇ ਮੈਂਬਰ ਤੇ ਮੁੱਖ ਬੁਲਾਰੇ ਜਥੇਦਾਰ ਇੰਦਰਜੀਤ ਸਿੰਘ ਜੁਗਨੂੰ ਨੇ ਕਿਹਾ ਕੇ ਸਰਕਾਰ ਦੇ ਹੁਕਮਾਂ ਦੀਆਂ ਸ਼ਰੇਆਮ ਧਜੀਆਂ ਉਡਾਉਂਦੇ ਹੋਏ ਸਰਕਾਰੀ ਹਸਪਤਾਲ ਦੇ ਕੁਝ ਡਾਕਟਰ ਤੇ ਹੋਰ ਵਿਭਾਗਾਂ ਵਿਚ ਤੈਨਾਤ ਮੁਲਾਜਮ ਆਪਣੀ ਉੱਚੀ ਸਿਫਾਰਿਸ਼ ਤੇ ਮੁੱਠੀ ਗਰਮ ਕਰਨ ਦੀ ਨੀਤੀ ਸਦਕਾ ਸਰਕਾਰ ਦੇ ਰੂਲਾਂ ਦੇ ਖਿਲਾਫ਼ ਕਈ ਸਾਲਾਂ ਤੋਂ ਇਕੋ ਜ਼ਿਲ੍ਹੇ ਤੇ ਇੱਕ ਹੀ ਜਗ੍ਹਾ 'ਤੇ ਡਿਊਟੀ ਕਰ ਰਹੇ ਹਨ ਅਤੇ ਆਪਣੀ ਡਿਊਟੀ ਦੌਰਾਨ ਵੱਡੀ ਕੋਤਾਹੀ ਵਰਤ ਕੇ ਸ਼ਹਿਰ ਵਿਚ ਆਪਣੇ ਪ੍ਰਾਈਵੇਟ ਕਲੀਨਿਕ ਤੇ ਲੈਬਾਰਟਰੀਆਂ ਤੇ ਹਸਪਤਾਲ ਚਲਾ ਰਹੇ ਹਨ ਤੇ ਕੁਝ ਕਥਿਤ ਦਲਾਲਾਂ ਰਾਹੀਂ ਸਰਕਾਰੀ ਹਸਪਤਾਲ ਵਿਚ ਇਲਾਜ ਲਈ ਆਏ ਮਰੀਜਾਂ ਨੂੰ ਖੁਲ੍ਹੇਆਮ ਉਥੇ ਬੁਲਾ ਕਿ ਮਨਮਰਜੀ ਨਾਲ ਮੋਟੀਆਂ ਫੀਸਾਂ ਲੈ ਕੇ ਜਿਥੇ ਇਲਾਜ ਕਰ ਰਹੇ ਹਨ ਉਥੇ ਬਾਹਰਲੀਆਂ ਦਵਾਈਆਂ ਲਿਖ ਕਿ ਤੇ ਮਹਿੰਗੇ ਟੈਸਟ ਬਾਹਰੋਂ ਕਰਵਾ ਕੇ ਸਰਕਾਰੀ ਹਸਪਤਾਲ ਦੀ ਮਸ਼ੀਨਰੀ ਜਾਣਬੁੱਝ ਕੇ ਖਰਾਬ ਦੱਸ ਕੇ ਮੋਟੀਆ ਕਮੀਸ਼ਨਾਂ ਲੈਬਾਂ ਵਾਲਿਆਂ ਤੇ ਕੈਮੀਸਟਾਂ ਤੋਂ ਬਟੋਰ ਰਹੇ ਹਨ। ਜਥੇਦਾਰ ਜੁਗਨੂੰ ਨੇ ਸਖ਼ਤ ਚੇਤਾਵਨੀ ਦਿੰਦੇ ਹੋਏ ਕਿਹਾ ਕੇ ਜਲਦ ਏ ਗੋਰਖ ਧੰਦਾ ਤੇ ਮਰੀਜਾਂ ਦੀ ਲੁੱਟ ਖਸੁਟ ਬੰਦ ਨਾ ਕੀਤੀ ਗਈ ਤਾ ਜਿਥੇ ਸਬੂਤਾਂ ਸਮੇਤ ਸਾਰਾ ਕੁਝ ਵਿਜੀਲੈਂਸ ਬਿਊਰੋ ਪੰਜਾਬ ਦੇ ਮੁਖੀ ਦੇ ਧਿਆਨ ਵਿਚ ਵੀ ਲੈ ਕੇ ਆਉਣਗੇ ਤੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਵੀ ਲਿਖਤੀ ਇਸ ਸਾਰੇ ਗੋਰਖ ਧੰਦੇ ਦੀ ਉੱਚ ਪੱਧਰੀ ਜਾਂਚ ਦੀ ਮੰਗ ਕਰਨਗੇ। ਜਥੇਦਾਰ ਇੰਦਰਜੀਤ ਸਿੰਘ ਜੁਗਨੂੰ ਨੇ ਕਿਹਾ ਕੀ ਸਿਵਲ ਹਸਪਤਾਲ ਕਪੂਰਥਲਾ ਵਿਚ ਕਈ ਬਿਮਾਰੀਆਂ ਤੋਂ ਪੀੜ੍ਹਤ ਲੋੜਵੰਦ ਮਰੀਜਾਂ ਦੇ ਇਲਾਜ ਕਰਨ ਲਈ ਬੰਦ ਜਾ ਖਰਾਬ ਮਸ਼ੀਨਾਂ ਨੂੰ ਆਪਣੀ ਨਿਗਰਾਨੀ ਵਿਚ ਸਰਕਾਰ ਤਰੁੰਤ ਚਾਲੂ ਕਰਵਾਏ ਤਾਂ ਜੋ ਮਰੀਜਾਂ ਨੂੰ ਆਪਣੇ ਇਲਾਜ ਲਈ ਹੋਰ ਸ਼ਹਿਰਾਂ ਦੇ ਮਹਿੰਗੇ ਹਸਪਤਾਲਾਂ ਵਿਚ ਨਾ ਜਾਣਾ ਪਵੇ ਤੇ ਮਰੀਜਾਂ ਦੀ ਲੁੱਟ ਖਸੁੱਟ ਬੰਦ ਹੋ ਸਕੇ।

# ਆਰ ਐੱਮ ਪੀ ਆਈ ਵੱਲੋਂ ਦੋ ਜਥਾ ਮਾਰਚ ਮੁਲਤਵੀ, ਕੀਤੀਆਂ ਜਾਣਗੀਆਂ 60 ਰਾਜਨੀਤਕ ਕਾਨਫਰੰਸਾਂ

**ਜਲੰਧਰ (ਰਾਜੇਸ਼ ਥਾਪਾ, ਕੇਸਰ)** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੀ ਪੰਜਾਬ ਰਾਜ ਕਮੇਟੀ ਦੇ ਸਕੱਤਰੇਤ ਦੀ ਮੀਟਿੰਗ ਸਾਥੀ ਹਰਕੰਵਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਪਾਰਟੀ ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਵਰਤਮਾਨ ਰਾਜਨੀਤਕ ਹਾਲਾਤ ਬਾਰੇ ਕੇਂਦਰੀ ਕਮੇਟੀ ਦੀ ਸਮਝਦਾਰੀ ਅਨੁਸਾਰ ਵਿਚਾਰ ਰੱਖੇ। ਸੂਬਾ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਦੱਸਿਆ ਹੈ ਕਿ ਸਕੱਤਰੇਤ ਨੇ ਸੂਬੇ ਅੰਦਰ ਹੜ੍ਹਾਂ ਦੀ ਗੰਭੀਰ ਸਥਿਤੀ ਅਤੇ ਹੜ੍ਹ ਮਾਰੇ ਖੇਤਰਾਂ ਦੇ ਲੋਕਾਂ ਦੀਆਂ ਦੁਸ਼ਵਾਰੀਆਂ ਨੂੰ ਮੁੱਖ ਰੱਖਦਿਆਂ 1 ਤੋਂ 15 ਸਤੰਬਰ ਤੱਕ ਕੀਤੇ ਜਾਣ ਵਾਲੇ ਦੋ ਜੱਥਾ ਮਾਰਚ ਮੁਲਤਵੀ ਕਰ ਦਿੱਤੇ ਹਨ ਅਤੇ ਸੂਬੇ ਅੰਦਰ 10 ਤੋਂ 25 ਸਤੰਬਰ ਤੱਕ 60 ਰਾਜਨੀਤਕ ਕਾਨਫਰੰਸਾਂ ਤੇ ਹਰ ਕਾਨਫਰੰਸ ਦੀ ਤਿਆਰੀ ਲਈ ਜ਼ਿਲ੍ਹਿਆਂ ਅੰਦਰ ਘੱਟੋ-ਘੱਟ ਦੋ ਦਿਨਾਂ ਦਾ ਝੰਡਾ ਮਾਰਚ ਕਰਨ ਦੀ ਰੂਪਰੇਖਾ ਉਲੀਕੀ ਹੈ। ਉਕਤ ਮੁਹਿੰਮ ਦੌਰਾਨ ਲੋਕਾਈ ਨੂੰ ਸੰਘੀ ਸੰਗਠਨਾਂ ਵੱਲੋਂ ਮੋਦੀ-ਸ਼ਾਹ ਸਰਕਾਰ ਦੀ ਸ਼ਹਿ ਨਾਲ ਫਿਰਕੂ ਭੜਕਾਹਟਾਂ ਰਾਹੀਂ ਦੇਸ਼ ਭਰ 'ਚ ਫੈਲਾਈ ਜਾ ਹਿੰਸਾ ਅਤੇ ਵੰਡਵਾਦੀ ਘਿਰਣਾ ਤੋਂ ਪਿੱਛਾ ਛੁਡਾਉਣ, ਭਾਈਚਾਰਕ ਸਾਂਝ ਦੀ ਰਾਖੀ ਲਈ ਨਿੱਤਰਨ ਅਤੇ ਵੱਧ ਰਹੀ ਬੇਰੁਜ਼ਗਾਰੀ, ਨਸ਼ਾ ਤਸਕਰੀ, ਅਪਰਾਧ ਤੇ ਮਾਫੀਆ ਲੁੱਟ ਵੱਲੋਂ ਅੱਖਾਂ ਮੀਚੀ ਬੈਠੀ, ਕੇਵਲ ਇਸ਼ਤਿਹਾਰਾਂ ਨਾਲ ਡੰਗ ਟਪਾਈ ਕਰ ਰਹੀ ਸੂਬੇ ਦੀ ਮਾਨ ਸਰਕਾਰ ਖਿਲਾਫ਼ ਘੋਲ ਵਿੱਢਣ ਦਾ ਹੋਕਾ ਦਿੱਤਾ ਜਾਵੇਗਾ। ਕੇਂਦਰੀ ਤੇ ਸੂਬਾਈ ਸਰਕਾਰਾਂ ਦੀਆਂ ਲੋਕਾਈ ਨੂੰ ਕੰਗਾਲ ਕਰਨ ਤੇ ਦੇਸੀ-ਵਿਦੇਸ਼ੀ ਕਾਰਪੋਰੇਟਾਂ ਦੇ ਖਜਾਨੇ ਭਰਨ ਵਾਲੀਆਂ ਨੀਤੀਆਂ ਵਿਰੁੱਧ ਵੀ ਯੁੱਧ ਛੇੜਨ ਦੀ ਅਪੀਲ ਕੀਤੀ ਜਾਵੇਗੀ। ਪੰਜਾਬ ਨਾਲ ਕੀਤੇ ਜਾ ਰਹੇ ਧੱਕੇ-ਵਿਤਕਰੇ ਬੰਦ ਕਰਾਉਣ ਅਤੇ ਪੰਜਾਬ ਦੇ ਲੰਬਤ ਮਸਲਿਆਂ ਦੇ ਨਿਆਂ ਪੂਰਨ ਹੱਲ ਲਈ ਅਨੁਸ਼ਾਸਨਬੱਧ ਘੋਲ ਪ੍ਰਚੰਡ ਕਰਨ ਦਾ ਵੀ ਸੱਦਾ ਦਿੱਤਾ ਜਾਵੇਗਾ। ਸਕੱਤਰੇਤ ਨੇ ਫੈਸਲਾ ਕੀਤਾ ਹੈ ਕਿ 2024 ਦੀਆਂ ਆਮ ਚੋਣਾਂ 'ਚ ਮੋਦੀ ਦੀ ਕਾਰਪੋਰੇਟ ਪੱਖੀ ਫਿਰਕੂ-ਫਾਸ਼ੀ ਸੱਤਾ ਨੂੰ ਹਾਰ ਦੇਣ ਲਈ ਖੱਬੀਆਂ, ਜਮਹੂਰੀ ਧਰਮ ਨਿਰਪੱਖ ਸਿਆਸੀ ਪਾਰਟੀਆਂ, ਪ੍ਰਗਤੀ ਹਾਮੀ ਤੇ ਇਨਸਾਫਪਸੰਦ ਸੰਸਥਾਵਾਂ, ਬੁੱਧੀਜੀਵੀਆਂ ਅਤੇ ਲੜਾਕੂ ਸੰਗਠਨਾਂ ਦਾ ਸਾਂਝਾ ਘੋਲ ਲਾਮਬੰਦ ਕਰਨ ਦੇ ਯਤਨਾਂ 'ਚ ਹੋਰ ਤੇਜੀ ਲਿਆਂਦੀ ਜਾਵੇਗੀ। ਸਕੱਤਰੇਤ ਨੇ ਹੜ੍ਹ ਪੀੜਤਾਂ ਦੇ ਜਾਨ-ਮਾਲ ਤੇ ਪਸ਼ੂ ਧਨ ਦੇ ਨੁਕਸਾਨ ਦਾ ਪਾਈ-ਪਾਈ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ। ਨਾਲ ਹੀ, ਲੌਂਗੋਵਾਲ, ਸੰਗਰੂਰ ਵਿਖੇ ਕਿਸਾਨਾਂ 'ਤੇ ਕੀਤੇ ਗਏ ਵਹਿਸ਼ੀ ਲਾਠੀਚਾਰਜ਼ ਦੀ ਵੀ ਨਿੰਦਾ ਕੀਤੀ। ਮੀਟਿੰਗ ਦੇ ਸ਼ੁਰੂ ਵਿੱਚ ਲੰਘੇ ਦਿਨੀਂ ਵਿਛੋੜਾ ਦੇ ਗਏ ਸਾਥੀ ਵਿਜੇ ਮਿਸ਼ਰਾ, ਹਰਭਜਨ ਸਿੰਘ ਹੁੰਦਲ, ਫਿਰਕੂ ਹਮਲਿਆਂ ਅਤੇ ਹੜ੍ਹਾਂ ਤੇ ਹੋਰ ਕੁਦਰਤੀ ਆਫ਼ਤਾਂ 'ਚ ਮਾਰੇ ਗਏ ਦੇ ਵਾਸੀਆਂ ਨੂੰ ਮੌਨ ਖੜੋ ਕੇ ਸ਼ਰਧਾਂਜਲੀ ਭੇਟ ਕੀਤੀ ਗਈ।



# ਭਾਸ਼ਾ ਦਫ਼ਤਰ ਨੇ ਕਰਵਾਇਆ ਜ਼ਿਲ੍ਹਾ ਪੱਧਰੀ ਪ੍ਰਸ਼ਨੋਤਰੀ ਮੁਕਾਬਲਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)** ਭਾਸ਼ਾ ਵਿਭਾਗ ਪੰਜਾਬ, ਪ੍ਰਮੁੱਖ ਸਕੱਤਰ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਅਤੇ ਡਾਇਰੈਕਟਰ ਭਾਸ਼ਾ ਵਿਭਾਗ ਡਾ. ਵੀਰਪਾਲ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡਾ. ਜਸਵੰਤ ਰਾਏ ਖੋਜ ਅਫ਼ਸਰ ਜ਼ਿਲ੍ਹਾ ਭਾਸ਼ਾ ਅਫ਼ਸਰ ਹੁਸ਼ਿਆਰਪੁਰ ਦੀ ਅਗਵਾਈ 'ਚ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ 'ਚ ਸਾਹਿਤਕ-ਸੱਭਿਆਚਾਰਕ ਬੌਧਿਕ ਗਿਆਨ ਦਾ ਇਜ਼ਾਫਾ ਕਰਨ ਲਈ ਜ਼ਿਲ੍ਹਾ ਪੱਧਰੀ ਪ੍ਰਸ਼ਨੋਤਰੀ ਮੁਕਾਬਲਾ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਰੇਲਵੇ ਮੰਡੀ ਵਿਖੇ ਕਰਵਾਇਆ ਗਿਆ। ਸੰਸਥਾ ਦੇ ਮੁਖੀ ਪ੍ਰਿੰਸੀਪਲ ਲਲਿਤਾ ਰਾਣੀ ਨੇ ਇਸ ਮੁਕਾਬਲੇ ਲਈ ਪਹੁੰਚੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਜੀ ਆਇਆਂ ਸ਼ਬਦ ਕਹਿੰਦਿਆਂ ਭਾਸ਼ਾ ਵਿਭਾਗ ਨੂੰ ਅਜਿਹੇ ਮੁਕਾਬਲੇ ਕਰਵਾਉਣ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਮੁਕਾਬਲਿਆਂ ਰਾਹੀਂ ਬੱਚਾ ਸਾਹਿਤ, ਸਮਾਜ, ਵਿਰਸੇ, ਧਰਮ ਬਾਰੇ ਬਹੁਤ ਰੌਚਿਕ ਅਤੇ ਬਾਰੀਕਬੀਨੀ ਵਾਲੀ ਜਾਣਕਾਰੀ ਪ੍ਰਾਪਤ ਕਰਦਾ ਹੈ, ਜਿਹੜੀ ਜ਼ਿੰਦਗੀ ਵਿੱਚ ਉਸ ਨੂੰ ਸੰਵੇਦਨਸ਼ੀਲ ਬਣਾਉਂਦੀ ਹੈ।

(ਅ) ਵਰਗ 'ਚ ਕ੍ਰਮਵਾਰ ਨਵਜੀਤ ਕੌਰ ਸ.ਸ.ਸ.ਸ. ਅਹਿਰਾਣਾ ਕਲਾਂ, ਯਸਮੀਨ ਚੌਹਾਨ ਸ.ਕੰ.ਸ.ਸ. ਰੇਲਵੇ ਮੰਡੀ ਅਤੇ ਦਾਮਨੀ ਵਿੱਦਿਆ ਮੰਦਰ ਮਾਡਲ ਸਕੂਲ ਨੇ ਅਤੇ (ੲ) ਵਰਗ 'ਚ ਸੁਖਮੀਨ ਬੰਗਾ ਸਰਕਾਰੀ ਕਾਲਜ ਹੁਸ਼ਿਆਰਪੁਰ, ਹਰਜੋਤ ਸਿੰਘ ਐੱਸ.ਡੀ. ਕਾਲਜ ਅਤੇ ਸੌਰਵ ਗੁਪਤਾ ਐੱਸ.ਡੀ. ਕਾਲਜ ਹੁਸ਼ਿਆਰਪੁਰ ਨੇ ਪ੍ਰਾਪਤ ਕੀਤਾ। ਜੇਤੂ ਵਿਦਿਆਰਥੀਆਂ ਨੂੰ ਭਾਸ਼ਾ ਵਿਭਾਗ ਦੀਆਂ ਪ੍ਰਕਾਸ਼ਨਾਵਾਂ ਵਜੋਂ ਕ੍ਰਮਵਾਰ 1000, 750 ਅਤੇ 500 ਰੁਪਏ ਦੀਆਂ ਕਿਤਾਬਾਂ ਦੇ ਸੈੱਟ ਅਤੇ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਵਲੋਂ ਸੰਸਥਾ ਦੇ ਮੁਖੀ ਪ੍ਰਿੰਸੀਪਲ ਲਲਿਤਾ ਰਾਣੀ, ਮੈਡਮ ਕੁਸਮ ਲਤਾ, ਡਾ. ਰੀਤੂ, ਮਹਿਕ ਸ਼ਗੋਤਰਾ, ਸੁਪ੍ਰਿਆ ਨੂੰ ਵਿਸ਼ੇਸ਼ ਸਹਿਯੋਗ ਲਈ ਕਿਤਾਬਾਂ ਦੇ ਸੈੱਟਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ. ਰਣਜੀਤ ਸਿੰਘ, ਲੈਕ. ਪਰਵੀਨ, ਪਵਨ ਕੁਮਾਰ, ਸੁਰਿੰਦਰ ਪਾਲ, ਪੁਸ਼ਪਾ ਰਾਣੀ, ਵਨੀਤਾ ਠਾਕੁਰ, ਦਵਿੰਦਰ ਸਿੰਘ, ਸੁਰਜੀਤ ਸਿੰਘ ਵੱਖ-ਵੱਖ ਸਕੂਲਾਂ ਤੋਂ ਆਏ ਹੋਏ ਵਿਦਿਆਰਥੀ ਅਤੇ ਅਧਿਆਪਕ ਹਾਜ਼ਰ ਸਨ।

ਤਿੰਨਾਂ ਵਰਗਾਂ 'ਚ ਕਰਵਾਏ ਗਏ ਮੁਕਾਬਲਿਆਂ 'ਚ (ੳ) ਵਰਗ ਵਿੱਚ ਛੇਵੀਂ ਤੋਂ ਅੱਠਵੀਂ ਜਮਾਤ 'ਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਕ੍ਰਮਵਾਰ ਨਵਦੀਪ ਕੌਰ ਸ.ਕੰ.ਸ.ਸ. ਰੇਲਵੇ ਮੰਡੀ, ਸ਼ਿਵਾਨੀ ਜੀ. ਐੱਮ. ਏ. ਸਿਟੀ ਪਬਲਿਕ ਸਕੂਲ ਸਿੰਗੜੀਵਾਲਾ ਅਤੇ ਹਿਮਾਨੀ ਵਿੱਦਿਆ ਮੰਦਰ ਮਾਡਲ ਸਕੂਲ ਨੇ,

# ਭਰੋਮਜਾਰਾ ਵਿਖੇ ਸੰਤਾਂ ਦਾ ਬਰਸੀ ਸਮਾਗਮ 28 - 29 ਨੂੰ



**ਬਹਿਰਾਮ (ਅਵਤਾਰ ਕਲੇਰ)** ਡੇਰਾ 108 ਸੰਤ ਬਾਬਾ ਮੇਲਾ ਰਾਮ ਜੀ ਭਰੋਮਜਾਰਾ ਵਿਖੇ ਸੰਤਾਂ ਦਾ 70ਵਾਂ ਬਰਸੀ ਸਮਾਗਮ 28 - 29 ਅਗਸਤ ਨੂੰ ਕਰਵਾਇਆ ਜਾ ਰਿਹਾ ਹੈ । ਡੇਰੇ ਦੇ ਗੱਦੀਨਸ਼ੀਨ ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਨੇ ਦੱਸਿਆ ਕਿ 28 ਅਗਸਤ ਨੂੰ ਰਾਤ ਨੂੰ ਗੁਰੂ ਜੀ ਦੀ ਮਹਿਮਾ ਦਾ ਗੁਣਗਾਨ ਹੋਵੇਗਾ । 29 ਅਗਸਤ ਸਵੇਰੇ ਨਿਸ਼ਾਨ ਸਾਹਿਬ ਜੀ ਦੀ ਰਸਮ , ਸ੍ਰੀ ਸਹਿਜ ਪਾਠ ਜੀ ਦੇ ਭੋਗ ਪਾਏ ਜਾਣਗੇ ਉਪਰੰਤ ਸੰਤ ਮਹਾਂਪੁਰਸ ਕੀਰਤਨ ਅਤੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ।

26-AUG-PAGE-10.qxd 8/25/2023 11:02 PM Page 1



# ਨਸ਼ੇ ਦੀ ਆੜ 'ਚ ਨੌਜਵਾਨ ਦਾ ਕੁਟਾਪਾ, ਲੋਕਾਂ ਨੇ ਘੇਰਿਆ ਥਾਣਾ

**ਬੁਢਲਾਡਾ (ਅਸ਼ੋਕ ਲਾਕੜਾ)**

ਨਸ਼ੇ ਦੀ ਆੜ 'ਚ ਨੌਜਵਾਨ ਦੀ ਨਜਾਇਜ਼ ਤੌਰ 'ਤੇ ਕੁੱਟਮਾਰ ਕਰਨ ਦੇ ਮਾਮਲੇ 'ਚ ਲੋਕਾਂ ਨੇ ਸਦਰ ਥਾਣਾ ਘੇਰ ਕੇ ਕੁੱਟਮਾਰ ਕਰਨ ਵਾਲੇ ਮੁਲਾਜ਼ਮਾਂ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਪਿੰਡ ਬੱਛੋਆਣਾ ਦੇ ਅਕਾਲੀ ਆਗੂ ਬਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਦਾ ਨੌਜਵਾਨ ਹਰਵਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ ਰੋਜ਼ਾਨਾ ਦੀ ਤਰ੍ਹਾਂ ਸ਼ਾਮ ਸਮੇਂ ਸੈਰ ਕਰਨ ਜਾ ਰਿਹਾ ਸੀ ਤਾਂ ਅਚਾਨਕ ਸਦਰ ਪੁਲਸ ਨਾਲ ਸੰਬੰਧਤ ਕੁਝ ਮੁਲਾਜ਼ਮ ਉਸ ਨੂੰ ਘੇਰ ਕੇ ਉਸ ਦੀ ਕੁੱਟਮਾਰ ਕਰਦਿਆਂ ਸਦਰ ਥਾਣੇ ਵਿੱਚ ਲੈ ਆਏ। ਇਸ ਦੌਰਾਨ ਪਿੰਡ ਵਿੱਚ ਜਦੋਂ ਲੋਕਾਂ ਨੂੰ ਪਤਾ ਲੱਗਿਆ ਤਾਂ ਰੋਹ ਵਿੱਚ ਆਏ ਲੋਕਾਂ ਨੇ ਸਦਰ ਥਾਣੇ ਨੂੰ ਘੇਰ ਕੇ ਪੁਲਸ ਖਿਲਾਫ ਨਾਅਰੇਬਾਜ਼ੀ ਕੀਤੀ। ਪੁਲਸ ਦੀ ਗ੍ਰਿਫ਼ਤ ਤੋਂ ਨੌਜਵਾਨ ਨੂੰ ਅਜ਼ਾਦ ਕਰਵਾਉਂਦਿਆਂ ਸਰਕਾਰੀ ਹਸਪਤਾਲ ਬੁਢਲਾਡਾ ਵਿਖੇ ਦਾਖਲ ਕਰਵਾਇਆ ਗਿਆ ਅਤੇ ਥਾਣੇ ਦੇ ਬਾਹਰ ਸੈਂਕੜੇ ਦੀ ਤਾਦਾਦ ਔਰਤਾਂ ਅਤੇ ਮਰਦਾਂ ਵੱਲੋਂ ਕਾਰਵਾਈ ਦੀ ਮੰਗ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਸ ਸੰਬੰਧੀ ਇਨਸਾਫ ਲਈ ਪਿੰਡ ਦੇ ਲੋਕਾਂ ਵੱਲੋਂ ਸਾਂਝੀ 11 ਮੈਂਬਰੀ ਐਕਸ਼ਨ ਕਮੇਟੀ ਦਾ ਗਠਨ ਕੀਤਾ ਗਿਆ। ਧਰਨਾਕਾਰੀ ਮੰਗ ਕਰ ਰਹੇ ਸਨ ਨੌਜਵਾਨ ਦੀ ਕੁੱਟਮਾਰ ਕਰਨ ਵਾਲੇ ਪੁਲਸ ਮੁਲਾਜ਼ਮਾਂ ਨੂੰ ਤੁਰੰਤ ਮੁਅੱਤਲ ਕਰਦਿਆਂ ਮੁਕੱਦਮਾ ਦਰਜ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਕੁੱਟਮਾਰ ਕਰਨ ਵਾਲੇ ਮੁਲਾਜਮ ਸ਼ਰਾਬ ਦੇ ਨਸ਼ੇ ਵਿੱਚ ਸਨ। ਦੂਸਰੇ ਪਾਸੇ ਪੁਲਸ ਅਧਿਕਾਰੀਆਂ ਨੇ ਧਰਨਾਕਾਰੀਆਂ ਨੂੰ ਸ਼ਾਂਤ ਕਰਦਿਆਂ ਇਨਸਾਫ ਦੇਣ ਦਾ ਭਰੋਸਾ ਦਿੱਤਾ। ਪ੍ਰੰਤੂ ਖਬਰ ਲਿਖੇ ਜਾਣ ਤੱਕ ਧਰਨਾ ਜਾਰੀ ਸੀ। ਧਰਨੇ 'ਚ ਪਿੰਡ ਬੱਛੋਆਣਾ ਦੇ ਤੇਜਾ ਸਿੰਘ, ਮਨਜੀਤ ਸਿੰਘ ਪੋਪੀ, ਮੇਜਰ ਸਿੰਘ ਨਹਿੰਗ, ਨਛੱਤਰ ਸਿੰਘ, ਭੂਰਾ ਸਿੰਘ, ਮੰਗਤ ਸਿੰਘ, ਕਾਲਾ ਸਿੰਘ, ਗੁਰਮੇਲ ਸਿੰਘ, ਗੁਰਧਿਆਨ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਔਰਤਾਂ ਸ਼ਾਮਲ ਸਨ।



ਬੁਢਲਾਡਾ ਸਦਰ ਥਾਣੇ ਦੇ ਗੇਟ ਅੱਗੇ ਬੈਠੀਆਂ ਬੀਬੀਆਂ ਅਤੇ ਧਰਨੇ ਨੂੰ ਸੰਬੋਧਨ ਕਰਦਾ ਹੋਇਆ ਕੁੱਟਮਾਰ ਦਾ ਸ਼ਿਕਾਰ ਨੌਜਵਾਨ।

# ਵਿੱਦਿਆ ਮੰਦਰਾਂ ਨੂੰ ਕਤਲਗਾਹ ਬਣਾਉਣ ਦੇ ਜ਼ਿੰਮੇਵਾਰ ਦੋਸ਼ੀਆਂ ਖਿਲਾਫ਼ ਕਾਰਵਾਈ ਦੀ ਮੰਗ



**ਜਗਰਾਉਂ (ਅਮਿਤ ਖੰਨਾ)**-ਸਮਾਰਟ ਸਕੂਲਾਂ ਤੋਂ ਬਾਅਦ ਹੁਣ ਸਕੂਲ ਆਫ਼ ਐਮੀਨੈਂਸ ਦਾ ਦਰਜਾ ਦੇ ਕੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਕੀ ਹਾਸਲ ਕਰਨਾ ਚਾਹੁੰਦੀ ਹੈ। ਇਸ਼ਤਿਹਾਰੀ ਪਾਰਟੀ ਵਜੋਂ ਸਥਾਪਤ ਹੋ ਚੁੱਕੀ ਇਹ ਸਰਕਾਰ ਸਿੱਖਿਆ ਮੰਤਰੀ, ਸਿੱਖਿਆ ਅਧਿਕਾਰੀ ਪ੍ਰਿੰਸੀਪਲ ਇਹ ਸਾਰੇ ਬੱਦੋਵਾਲ ਸਕੂਲ ਦੀ ਅਧਿਆਪਕਾ ਰਵਿੰਦਰ ਕੌਰ ਦੇ ਕਤਲ ਲਈ ਜ਼ਿੰਮੇਵਾਰ ਹਨ। ਬੀਤੇ ਦਿਨੀਂ ਲੈਂਟਰ ਡਿੱਗਣ ਨਾਲ ਮਾਰੀ ਗਈ ਅਧਿਆਪਕਾ ਦੇ ਪਰਵਾਰਕ ਮੈਂਬਰਾਂ ਨਾਲ ਹਮਦਰਦੀ ਜ਼ਾਹਰ ਕਰਦਿਆਂ ਇਨਕਲਾਬੀ ਕੇਂਦਰ ਪੰਜਾਬ ਦੇ ਆਗੂਆਂ ਕੰਵਲਜੀਤ ਖੰਨਾ ਤੇ ਜਸਵੰਤ ਜੀਰਖ ਨੇ ਇਸ ਘਟਨਾ ਨੂੰ ਹਾਦਸਾ ਕਹਿਣ 'ਤੇ ਤਿੱਖਾ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਸੱਤਰ ਸਾਲ ਪਹਿਲਾਂ 1951 'ਚ ਬਣੀ ਇਸ ਸਕੂਲ ਬਿਲਡਿੰਗ ਦੀਆਂ ਨੀਹਾਂ ਬਦਲਣ ਦੀ ਥਾਂ ਉੱਪਰਲੀ ਮੰਜ਼ਲ 'ਤੇ ਮੁਰੰਮਤ ਕਰ ਡੰਗ ਟਪਾਇਆ ਜਾ ਰਿਹਾ ਸੀ। ਜੇ ਸਕੂਲ ਆਫ ਐਮੀਨੈਂਸ ਬਨਾਉਣੇ ਹਨ ਤਾਂ ਨਵੀਂਆਂ ਹਰ ਤਰ੍ਹਾਂ ਦੀ ਆਧੁਨਿਕ ਤਕਨੀਕ ਨਾਲ ਲੈਸ ਨਵੀਂਆਂ ਇਮਾਰਤਾਂ ਬਨਾਉਣ ਦੀ ਥਾਂ ਰੰਗ ਰੋਗਨ ਲਿਆ ਕੇ ਸਕੂਲਾਂ ਦੇ ਗੇਟਾਂ ਤੇ ਸਮਾਰਟ ਸਕੂਲ ਤੇ ਹੁਣ ਸਕੂਲ ਆਫ਼ ਐਮੀਨੈਂਸ ਉਕੇਰ ਦਿੱਤਾ ਗਿਆ। ਸਕੂਲੀ ਬੱਚੇ ਜੇ ਕਰ ਬਦਕਿਸਮਤੀ ਨਾਲ ਉਸ ਕਮਰੇ 'ਚ ਹੁੰਦੇ ਤਾਂ ਇਹ ਬਹੁਤ ਵੱਡਾ ਨਾ ਸਹਿਣਯੋਗ ਨੁਕਸਾਨ ਹੋਣਾ ਸੀ। ਇਸ ਨੁਕਸਾਨ 'ਤੇ ਅਣਗਹਿਲੀ ਲਈ ਜ਼ਿੰਮੇਵਾਰ ਠੇਕੇਦਾਰ, ਸਕੂਲ ਪ੍ਰਿੰਸੀਪਲ, ਜ਼ਿਲ੍ਹਾ ਸਿੱਖਿਆ ਅਧਿਕਾਰੀ, ਸਿੱਖਿਆ ਮੰਤਰੀ ਸਮੇਤ ਸਾਰੇ ਦੋਸ਼ੀਆਂ 'ਤੇ ਕਤਲ ਦਾ ਮੁਕੱਦਮਾ ਦਰਜ ਕਰਨ ਦੀ ਮੰਗ ਦੋਹਾਂ ਆਗੂਆਂ ਨੇ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਕਈ ਥਾਈਂ ਅਜਿਹੇ ਸਕੂਲੀ ਹਾਦਸੇ ਵਾਪਰਨ ਨਾਲ ਵੱਡੇ ਨੁਕਸਾਨ ਹੋ ਚੁੱਕੇ ਹਨ। ਉਨ੍ਹਾਂ ਮੰਗ ਕੀਤੀ ਕਿ ਸਾਰੇ ਸਰਕਾਰੀ ਸਕੂਲਾਂ ਦੀ ਜੰਗੀ ਪੱਧਰ 'ਤੇ ਪੜਤਾਲ ਕਰਕੇ ਪੁਰਾਣੀਆਂ ਬਿਲਡਿੰਗਾਂ 'ਚ ਸਥਿਤ ਸਕੂਲ ਬਦਲਵਾਂ ਪ੍ਰਬੰਧ ਕਰਕੇ ਤੁਰੰਤ ਸ਼ਿਫਟ ਕੀਤੇ ਜਾਣ।

# ਮਨਰੇਗਾ ਦੇ ਕੰਮ 'ਚ ਸਿਆਸੀ ਦਖਲਅੰਦਾਜ਼ੀ ਵਿਰੁੱਧ ਪੰਜਾਬ ਖੇਤ ਮਜ਼ਦੂਰ ਸਭਾ ਨੇ ਕੀਤੀ ਮੀਟਿੰਗ

**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**



ਮਨਰੇਗਾ ਸਕੀਮ ਤਹਿਤ ਪਹਿਲਾਂ ਤੋਂ ਸੁਚਾਰੂ ਢੰਗ ਨਾਲ ਚੱਲ ਰਹੇ ਕੰਮ ਵਿੱਚ 'ਵੋਟ ਬੈਂਕ ਸਿਆਸਤ' ਤਹਿਤ ਦਖਲਅੰਦਾਜ਼ੀ ਕੀਤੀ ਜਾ ਰਹੀ ਹੈ। ਇਹ ਗੱਲ ਸ਼ਹੀਦ ਕਾਮਰੇਡ ਅਮੋਲਕ ਭਵਨ ਵਿੱਚ 'ਪੰਜਾਬ ਖੇਤ ਮਜ਼ਦੂਰ ਸਭਾ' ਜ਼ਿਲ੍ਹਾ ਫ਼ਰੀਦਕੋਟ ਦੀ ਜਨਰਲ ਬਾਡੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਬੀਬੀ ਕਰਮਜੀਤ ਕੌਰ ਮਚਾਕੀ ਕਲਾਂ, ਦਰਸ਼ਨ ਸਿੰਘ ਜਿਉਣਵਾਲਾ, ਭਲਵਿੰਦਰ ਸਿੰਘ ਔਲਖ ਤੇ ਵੀਰ ਸਿੰਘ ਕੰਮੇਆਣਾ ਨੇ ਕਹੀ। ਮਿਸਾਲ ਵਜੋਂ ਪਿਛਲੇ ਦੋ ਸਾਲ ਤੋਂ ਵਧੀਆ ਢੰਗ ਨਾਲ ਕੰਮ ਚਲਾ ਰਹੀ ਮਚਾਕੀ ਕਲਾਂ ਦੀ ਮੇਟ ਦੇ ਮੁਕਾਬਲੇ ਸਿਆਸੀ ਦਬਾਅ ਤਹਿਤ ਕਿਸੇ ਹੋਰ ਵਿਅਕਤੀ ਦੀ ਆਨਲਾਈਨ ਐਪ ਆਈ ਡੀ ਬਣਾਈ ਗਈ ਹੈ।

ਬੁਲਾਰਿਆਂ ਨੇ ਕਿਹਾ ਕਿ ਇਹ ਕਾਰਵਾਈ ਨਰੇਗਾ ਵਰਕਰਾਂ ਦੀ ਇਕਜੁਟ ਸ਼ਕਤੀ ਅਤੇ ਏਕਤਾ ਨੂੰ ਤੋੜਣ ਅਤੇ ਆਪਣਾ ਵੋਟ ਬੈਂਕ ਪੱਕਾ ਕਰਨ ਦੇ ਇਰਾਦੇ ਨਾਲ ਕੀਤੀ ਜਾ ਰਹੀ ਹੈ, ਜੋ ਜਮਹੂਰੀ ਕਦਰਾਂ-ਕੀਮਤਾਂ ਦੇ ਖਿਲਾਫ਼ ਹੈ। ਮੀਟਿੰਗ ਨੂੰ ਕੁੱਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਹਰਪਾਲ ਸਿੰਘ ਮਚਾਕੀ, ਸੁਖਦਰਸ਼ਨ ਰਾਮ, ਲਛਮਣ ਸਿੰਘ ਤੇ ਚਰਨਜੀਤ ਚੰਬੇਲੀ ਨੇ ਵੀ ਸੰਬੋਧਨ ਕਰਦੇ ਹੋਏ ਕਿਹਾ ਕਿ ਇੱਕ ਪਾਸੇ ਮੋਦੀ ਸਰਕਾਰ ਨਰੇਗਾ ਸਕੀਮ ਦਾ ਬੱਜਟ ਘਟਾ ਕੇ ਇਸ ਸਕੀਮ ਨੂੰ ਕਮਜ਼ੋਰ ਕਰ ਰਹੀ ਹੈ, ਦੂਜੇ ਪਾਸੇ ਪੰਜਾਬ ਸਰਕਾਰ ਵੀ ਖੇਤ ਮਜ਼ਦੂਰ ਜਥੇਬੰਦੀਆਂ ਨਾਲ ਮੀਟਿੰਗ ਕਰਨ ਤੋਂ ਭੱਜ ਰਹੀ ਹੈ। ਇੱਕ ਮਤਾ ਪਾਸ ਕਰਕੇ ਕੇਂਦਰ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਹਾਲੀਆ ਹੜ੍ਹਾਂ ਕਾਰਨ ਗ਼ਰੀਬਾਂ ਦੇ ਘਰਾਂ ਅਤੇ ਕੰਮ ਦਿਹਾੜੀਆਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ। ਬਾਅਦ ਵਿੱਚ ਮੁਜ਼ਾਹਰੇ ਦੀ ਸ਼ਕਲ ਵਿੱਚ ਸਾਰੇ ਨਰੇਗਾ ਵਰਕਰ ਬੀਡੀਪੀਓ ਦਫਤਰ ਪਹੁੰਚੇ ਅਤੇ ਬੀਬੀ ਕਰਮਜੀਤ ਕੌਰ ਮਚਾਕੀ ਕਲਾਂ ਦੀ ਆਈ ਡੀ ਐਪ ਨਿਰੰਤਰ ਜਾਰੀ ਰੱਖਣ ਅਤੇ ਮਸਟਰੋਲ ਜਾਰੀ ਕਰਨ ਦੀ ਮੰਗ ਕੀਤੀ। ਸੁਪਰਡੈਂਟ ਮਨਪ੍ਰੀਤ ਸਿੰਘ ਅਤੇ ਏਪੀਓ ਵੀਰ ਪਾਲ ਕੌਰ ਨੇ ਮੰਗਾਂ ਮੰਨਣ ਦਾ ਭਰੋਸਾ ਦਿੱਤਾ।

## ਕਾਤਰਾਂ

### ਜੇਕਰ ਸਾਡੀਆਂ ਮੰਗਾਂ ਦਾ ਹੱਲ ਨਾ ਕੀਤਾ ਤਾਂ ਹੋਵੇਗਾ ਸੰਘਰਸ਼ : ਯੂਨੀਅਨ

**ਸੰਗਰੂਰ (ਪ੍ਰਵੀਨ ਸਿੰਘ)**-ਭਾਖੜਾ ਬਿਆਸ ਇੰਪਲਾਈਜ ਯੂਨੀਅਨ (ਏਟਕ, ਐਫੀ) ਬ੍ਰਾਂਚ ਸੰਗਰੂਰ ਪਟਿਆਲਾ ਦੇ ਪ੍ਰਧਾਨ ਸਰਬਜੀਤ ਸਿੰਘ, ਸਕੱਤਰ ਸੁਰੇਸ਼ ਕੁਮਾਰ ਸੈਣੀ, ਮੀਤ ਪ੍ਰਧਾਨ ਨਵਦੀਪ ਸਿੰਘ ਪ੍ਰਚਾਰ ਸਕੱਤਰ, ਸੁਰੇਸ਼ ਸਿੰਘ ਸਕੱਤਰ, ਬ੍ਰਾਂਚ ਜਲੰਧਰ ਤੋਂ ਹਰਪ੍ਰੀਤ ਸਿੰਘ ਅਤੇ ਸੈਕਟਰੀ ਅਸ਼ੋਕ ਕੁਮਾਰ ਬ੍ਰਾਂਚ ਜਮਾਲਪੁਰ ਵੱਲੋਂ ਕ੍ਰਮਚਾਰੀਆਂ ਦੇ ਬਕਾਇਆ ਦੇ ਸਬੰਧ ਵਿੱਚ ਸੀਨੀਅਰ ਲੇਖਾ ਅਫ਼ਸਰ ਜਮਾਲਪੁਰ ਨਾਲ ਯੂਨੀਅਨ ਨੇ ਮੀਟਿੰਗ ਕੀਤੀ। ਇਸ ਮੌਕੇ ਹਰਵਿੰਦਰ ਸਿੰਘ ਲੇਖਾ ਅਫ਼ਸਰ ਨੇ ਕ੍ਰਮਚਾਰੀਆਂ ਨੂੰ ਆ ਰਹੀਆਂ ਵਿੱਤੀ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ। ਅੰਤ ਵਿੱਚ ਹਰਵਿੰਦਰ ਸਿੰਘ ਲੇਖਾ ਅਫ਼ਸਰ ਜਮਾਲਪੁਰ ਨੇ ਸਹਿਮਤੀ ਪ੍ਰਗਟਾਈ ਕਿ ਮੈਂ ਤਨਖ਼ਾਹ ਫਿਕਸੇਸ਼ਨ ਅਤੇ ਸਕੇਲ 10900 ਅਤੇ ਬਾਕੀ ਸਾਰੇ ਬਕਾਏ ਜੋ ਵੀ ਬਾਕੀ ਹਨ, ਉਨ੍ਹਾਂ ਦੇ ਹੱਲ ਲਈ ਹਰ ਸੰਭਵ ਕੋਸ਼ਿਸ਼ ਕਰਾਂਗਾ। ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਜੇਕਰ ਸਾਡੀਆਂ ਮੰਗਾਂ ਦਾ ਤੁਰੰਤ ਹੱਲ ਨਾ ਕੀਤਾ ਤਾਂ ਤਿੱਖਾ ਸੰਘਰਸ਼ ਹੋਵੇਗਾ, ਜਿਸ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ। ਇਸ ਮੌਕੇ ਹਰਵਿੰਦਰ ਸਿੰਘ ਲੇਖਾ ਅਫ਼ਸਰ ਜਮਾਲਪੁਰ ਨੇ ਸਾਰੇ ਬਕਾਏ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ।

### ਡਾ. ਸ਼ਿਵਮ ਦੱਤ ਨੇ ਐਮ.ਓ. ਵਜੋਂ ਅਹੁਦਾ ਸੰਭਾਲਿਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਿਹਤ ਵਿਭਾਗ ਵੱਲੋਂ ਡਾ. ਸ਼ਿਵਮ ਦੱਤ ਦੀ ਮੁੱਢਲੇ ਸਿਹਤ ਕੇਂਦਰ ਵਿਚ ਮੈਡੀਕਲ ਅਫ਼ਸਰ ਵਜੋਂ ਨਿਯੁਕਤੀ ਕੀਤੀ ਗਈ ਹੈ, ਜਿਨ੍ਹਾਂ ਆਪਣਾ ਅਹੁਦਾ ਸੰਭਾਲ ਲਿਆ। ਮਾਛੀਵਾੜਾ ਸਰਕਾਰੀ ਹਸਪਤਾਲ, ਜੋ ਡਾਕਟਰਾਂ ਦੀ ਭਾਰੀ ਕਮੀ ਕਾਰਨ ਜੂਝ ਰਿਹਾ ਹੈ ਅਤੇ ਇੱਥੇ ਡਾ. ਸ਼ਿਵਮ ਦੱਤ ਦੀ ਨਿਯੁਕਤੀ ਹੋਣ ਨਾਲ ਇਲਾਕੇ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਡਾ. ਸ਼ਿਵਮ ਦੱਤ ਨੇ ਐਮ.ਬੀ.ਬੀ.ਐਸ., ਐਮ.ਡੀ. (ਮੈਡੀਸਨ) ਕਰਨ ਉਪਰੰਤ ਦਯਾਨੰਦ ਮੈਡੀਕਲ ਕਾਲਜ ਵਿਖੇ ਦਿਲ ਦੇ ਰੋਗਾਂ ਦੇ ਮਾਹਿਰ ਡਾ. ਗੁਰਪ੍ਰੀਤ ਸਿੰਘ ਵਾਂਡਰ ਤੇ ਡਾ. ਵਿਸ਼ਵ ਮੋਹਨ ਦੀ ਦੇਖਰੇਖ ਹੇਠ ਕਰਡਿਓਲੋਜੀ ਵਿਚ ਫੈਲੋਸ਼ਿਪ ਪ੍ਰਾਪਤ ਕੀਤੀ। ਡਾ. ਸ਼ਿਵਮ ਦੱਤ ਵਲੋਂ ਅਹੁਦਾ ਸੰਭਾਲਣ ਮੌਕੇ ਐੱਸ.ਐੱਮ.ਓ. ਡਾ. ਜਸਦੇਵ ਸਿੰਘ ਨੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਡਿਊਟੀ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਤ ਕੀਤਾ। ਡਾ. ਜਸਦੇਵ ਸਿੰਘ ਨੇ ਕਿਹਾ ਕਿ ਹਸਪਤਾਲ ਵਿਚ ਡਾ. ਸ਼ਿਵਮ ਦੇ ਆਉਣ ਨਾਲ ਜਨਰਲ ਰੋਗਾਂ ਅਤੇ ਦਿਲ ਦੇ ਰੋਗਾਂ ਦੇ ਮਰੀਜ਼ਾਂ ਨੂੰ ਹੋਰ ਵੀ ਬਿਹਤਰ ਸੇਵਾਵਾਂ ਮਿਲਣਗੀਆਂ।

### ਇੰਟਰਨੈਸ਼ਨਲ ਹਵਾਈ ਟਿਕਟ ਦੇ ਨਾਲ ਦਿੱਲੀ ਏਅਰਪੋਰਟ ਤੱਕ ਇੰਡੋ-ਕਨੇਡੀਅਨ ਬੱਸ ਸੇਵਾ ਮੁਫ਼ਤ : ਗਗਨ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਓਵਰਸੀਜ਼ ਟੂਰ ਟ੍ਰੈਵਲ ਵਿਖੇ ਡੋਮੈਸਟਿਕ ਤੇ ਇੰਟਰਨੈਸ਼ਨਲ ਹਵਾਈ ਟਿਕਟਾਂ ਦਾ ਕੰਮ ਬਾਖੂਬੀ ਬੀਤੇ ਚਾਰ ਸਾਲਾਂ ਤੋਂ ਕੀਤਾ ਜਾ ਰਿਹਾ ਹੈ। ਓਵਰਸੀਜ਼ ਟੂਰ ਟ੍ਰੈਵਲ ਦੇ ਐਮ.ਡੀ ਗਗਨਦੀਪ ਸਿੰਘ ਨੇ ਦੱਸਿਆ ਕਿ ਬੀਤੀ ਦਿਨੀਂ ਕਨੇਡਾ ਜਾ ਰਹੇ ਵਿਦਿਆਰਥੀਆਂ ਦੇ ਨਾਲ ਪੰਜਾਬ 'ਚ ਜਾਅਲੀ ਟ੍ਰੈਵਲ ਟਿਕਟਾਂ ਦਾ ਬਹੁਤ ਵੱਡਾ ਧੋਖਾ ਹੋਇਆ ਸੀ। ਇਸ ਧੋਖੇ ਨਾਲ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਬਹੁਤ ਖੱਜਲ ਖੁਆਰ ਹੋਣਾ ਪਿਆ ਸੀ। ਇਨ੍ਹਾਂ ਧੋਖੇਬਾਜ਼ ਲੋਕਾਂ ਤੋਂ ਬਚਣ ਲਈ ਵਿਦਿਆਰਥੀਆਂ ਨੂੰ ਹੁਣ ਦਿੱਲੀ ਏਅਰਪੋਰਟ ਵਾਂਗ ਖੱਜਲ ਖੁਆਰ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਵਿਦੇਸ਼ ਦੀ ਟਿਕਟ ਦੇ ਨਾਲ ਫ਼ਰੀਦਕੋਟ ਤੋਂ ਦਿੱਲੀ ਏਅਰਪੋਰਟ ਤੱਕ ਮੁਫ਼ਤ ਇੰਡੋ-ਕਨੇਡੀਅਨ ਬੱਸ ਸੇਵਾ ਮੁਹੱਈਆ ਕਰਾਈ ਜਾਵੇਗੀ।

### ਸਬਸਿਡੀ ਵਾਲੀ ਮਸ਼ੀਨਰੀ ਕਿਰਾਏ 'ਤੇ ਦੇਣ ਲਈ ਹੋਣਗੇ ਪਾਬੰਦ : ਡੀ ਸੀ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਝੋਨੇ ਤੇ ਬਾਸਮਤੀ ਦੀ ਸੁਚੱਜੀ ਸਾਂਭ ਸੰਭਾਲ ਸਬੰਧੀ ਦਿਸ਼ਾ ਨਿਰਦੇਸ਼ ਦਿੰਦਿਆਂ ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਨੇ ਦੱਸਿਆ ਕਿ ਪਿਛਲੇ 5 ਸਾਲਾਂ ਦੌਰਾਨ ਸਹਿਕਾਰੀ ਸਭਾਵਾਂ, ਪੰਚਾਇਤਾਂ ਤੇ ਨਿੱਜੀ ਕਿਸਾਨ ਗਰੁੱਪਾਂ ਨੂੰ ਮਸ਼ੀਨਰੀ 80 ਪ੍ਰਤੀਸ਼ਤ ਸਬਸਿਡੀ 'ਤੇ ਮੁਹੱਈਆ ਕੀਤੀ ਗਈ ਹੈ, ਜਿਸ ਦੀ ਵਰਤੋਂ ਕਰਕੇ ਕਿਸਾਨ ਪਰਾਲੀ ਨੂੰ ਖੇਤ ਚੋਂ ਬਾਹਰ ਕੱਢ ਸਕਦੇ ਹਨ ਜਾਂ ਪਰਾਲੀ ਨੂੰ ਖੇਤ ਵਿੱਚ ਵਾਹ ਕੇ ਕਣਕ ਦੀ ਬਿਜਾਈ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਸਾਲ ਪਰਾਲੀ ਨੂੰ ਅੱਗ ਨਹੀਂ ਲਾਈ ਜਾਵੇਗੀ, ਸਗੋਂ ਇਸ ਦੀ ਖੇਤ ਵਿੱਚ ਹੀ ਸੰਭਾਲ ਕਰਕੇ ਜ਼ਮੀਨ ਦੀ ਉਪਜਾਊ ਸ਼ਕਤੀ ਵਧੇਗੀ ਤੇ ਪ੍ਰਦੂਸ਼ਣ ਨਹੀਂ ਹੋਵੇਗਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਿਹੜੇ ਛੋਟੇ ਤੇ ਸੀਮਾਂਤ ਕਿਸਾਨ ਮਹਿੰਗੀ ਮਸ਼ੀਨਰੀ ਨਹੀਂ ਖਰੀਦ ਸਕਦੇ। ਉਹ ਸਹਿਕਾਰੀ ਸਭਾਵਾਂ, ਪੰਚਾਇਤਾਂ ਅਤੇ ਨਿੱਜੀ ਕਿਸਾਨ ਗਰੁੱਪਾਂ ਤੋਂ ਮਸ਼ੀਨਰੀ ਕਿਰਾਏ 'ਤੇ ਲੈਣਗੇ। 80 ਪ੍ਰਤੀਸ਼ਤ ਸਬਸਿਡੀ ਲੈਣ ਵਾਲੇ ਸਾਰੇ ਗਰੁੱਪ ਖੇਤੀ ਮਸ਼ੀਨਰੀ ਕਿਰਾਏ +ਤੇ ਦੇਣ ਲਈ ਪਾਬੰਦ ਹੋਣਗੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕਿਸਾਨ ਦੀ ਸ਼ਿਕਾਇਤ ਆਉਂਦੀ ਹੈ ਕਿ ਉਸਨੂੰ ਮਸ਼ੀਨਰੀ ਕਿਰਾਏ 'ਤੇ ਨਹੀਂ ਮਿਲ ਰਹੀ ਤਾਂ ਸਬੰਧਤ ਗਰੁੱਪ ਖਿਲਾਫ ਕਾਨੂੰਨੀ ਕਾਰਵਾਈ ਹੋਵੇਗੀ।

# ਆਯੁਸ਼ਮਾਨ ਕਾਰਡ ਬਣਾਉਣ ਲਈ ਲਾਇਆ ਵਿਸ਼ੇਸ਼ ਕੈਂਪ



**ਸਮਰਾਲਾ (ਸੁਰਜੀਤ ਸਿੰਘ)**-ਸਿਵਲ ਸਰਜਨ ਲੁਧਿਆਣਾ ਡਾਕਟਰ ਹਤਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਤੇ ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਤਾਰਕਜੋਤ ਸਿੰਘ ਦੀ ਅਗਵਾਈ ਹੇਠ ਸ਼ਹਿਰ ਵਿਖੇ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਸਿਹਤ ਬੀਮਾ ਯੋਜਨਾ ਤਹਿਤ ਆਯੁਸ਼ਮਾਨ ਕਾਰਡ ਬਣਾਉਣ ਲਈ ਵਿਸ਼ੇਸ਼ ਕੈਂਪ ਲਾਇਆ ਗਿਆ। ਕੈਂਪ ਦਾ ਉਦਘਾਟਨ ਹਲਕਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਵੱਲੋਂ ਕੀਤਾ ਗਿਆ। ਇਸ ਮੌਕੇ ਲੋਕਾਂ ਨੂੰ ਜਾਗਰੂਕ ਕਰਨ ਲਈ ਸਿਹਤ ਬੀਮਾ ਯੋਜਨਾ ਜਾਗਰੂਕਤਾ ਵਹੀਕਲ ਨੂੰ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਤਾਰਕਜੋਤ ਸਿੰਘ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਦਿਆਲਪੁਰਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਤੇ ਸਿਹਤ ਮੰਤਰੀ ਡਾਕਟਰ ਬਲਵੀਰ ਸਿੰਘ ਪੰਜਾਬ ਦੇ ਲੋਕਾਂ ਲਈ ਹਰ ਸਮੇਂ ਮੌਜੂਦ ਹਨ ਅਤੇ ਲੋਕਾਂ ਦੀ ਸਿਹਤ ਪ੍ਰਤੀ ਵਚਨਬੱਧ ਹਨ ਅਤੇ ਇਸੇ ਲੜੀ ਤਹਿਤ ਆਯੁਸ਼ਮਾਨ ਕਾਰਡ ਬਣਾਏ ਜਾ ਰਹੇ ਹਨ। ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਤਾਰਕਜੋਤ ਸਿੰਘ ਨੇ ਕਿਹਾ ਕਿ ਆਯੁਸਮਾਨ ਕਾਰਡ ਤਹਿਤ ਲੋਕ ਆਪਣਾ ਪੰਜ ਲੱਖ ਤੱਕ ਦਾ ਇਲਾਜ ਹਸਪਤਾਲ ਵਿੱਚ ਮੁਫ਼ਤ ਕਰਾ ਸਕਦੇ ਹਨ। ਹੁਣ ਤੱਕ ਇਸ ਬੀਮਾ ਯੋਜਨਾ ਦਾ ਫ਼ਾਇਦਾ ਬਹੁਤ ਲੋਕ ਲੈ ਚੁੱਕੇ ਹਨ। ਇਸ ਮੌਕੇ ਇਸ ਸਿਹਤ ਬੀਮਾ ਯੋਜਨਾ ਦਾ ਕਾਰਡ ਬਣਾਉਣ ਲਈ ਕਾਫੀ ਭੀੜ ਦੇਖਣ ਨੂੰ ਮਿਲੀ।

# ਲਿਖਤੀ ਕੁਇਜ਼ ਮੁਕਾਬਲੇ 'ਚ ਅੰਮ੍ਰਿਤਪਾਲ ਸਿੰਘ ਨੇ ਬਾਜ਼ੀ ਮਾਰੀ

**ਸੰਗਤ ਮੰਡੀ (ਰਾਜਦੀਪ ਜੋਸ਼ੀ)**



ਭਾਸ਼ਾ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਭਾਸ਼ਾ ਅਫ਼ਸਰ ਵੱਲੋਂ ਜ਼ਿਲ੍ਹਾ ਪੱਧਰੀ ਲਿਖਤੀ ਕੁਇਜ਼ ਮੁਕਾਬਲਾ ਟੀਚਰਜ ਹੋਮ ਬਠਿੰਡਾ ਵਿਖੇ ਕਰਾਇਆ ਗਿਆ। ਇਸ ਮੌਕੇ ਜ਼ਿਲ੍ਹਾ ਭਾਸ਼ਾ ਅਫ਼ਸਰ ਕੀਰਤੀ ਕਿਰਪਾਲ ਨੇ ਮੁਕਾਬਲਿਆਂ ਬਾਰੇ ਵੇਰਵਾ ਦਿੰਦੇ ਹੋਏ ਦੱਸਿਆ ਕਿ ਇਹ ਮੁਕਾਬਲਾ ਤਿੰਨ ਵਰਗਾਂ ਵਿੱਚ ਕਰਾਇਆ ਗਿਆ। ਉਨ੍ਹਾਂ ਕਿਹਾ ਕਿ ਪਹਿਲੇ ਵਰਗ ਵਿੱਚ ਅੱਠਵੀਂ ਤੱਕ ਦੇ ਵਿਦਿਆਰਥੀ, ਦੂਜੇ ਵਿੱਚ ਨੌਂਵੀ ਤੋਂ ਬਾਰ੍ਹਵੀਂ ਅਤੇ ਤੀਜੇ ਵਰਗ ਵਿੱਚ ਗ੍ਰੈਜੂਏਸ਼ਨ ਤੱਕ ਦੇ 100 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ।

ਉਨ੍ਹਾਂ ਹੋਰ ਦੱਸਿਆ ਕਿ ਇਸ ਕੁਇਜ਼ ਮੁਕਾਬਲੇ ਦਾ ਮੂਲ ਮੰਤਵ ਅਜੋਕੀ ਪੀੜ੍ਹੀ ਦੇ ਵਿਦਿਆਰਥੀਆਂ ਨੂੰ ਪੰਜਾਬ ਦੇ ਇਤਿਹਾਸ, ਭੂਗੋਲ, ਸਾਹਿਤ ਤੇ ਸੱਭਿਆਚਾਰ ਨਾਲ ਜਾਣੂ ਕਰਾਉਣਾ ਹੈ ਅਤੇ ਪੰਜ ਦਰਿਆਵਾਂ ਦੀ ਇਸ ਧਰਤੀ ਨੂੰ ਹੋਰ ਡੂੰਘਾਈ ਨਾਲ ਜਾਨਣ ਪ੍ਰਤੀ ਦਿਲਚਸਪੀ ਪੈਦਾ ਕਰਨਾ ਹੈ। ਇਸ ਮੌਕੇ ਵਿਦਿਆਰਥੀਆਂ ਦੇ ਨਾਲ ਆਏ ਅਧਿਆਪਕਾਂ ਲਈ ਭਾਸ਼ਾ ਵਿਭਾਗ ਵੱਲੋਂ ਖਾਸ ਪੁਸਤਕ ਪ੍ਰਦਰਸ਼ਨੀ ਲਾਈ ਗਈ।

ਨਤੀਜਿਆਂ ਵਿੱਚ ਅੱਠਵੀਂ ਤੱਕ ਦੇ ਪਹਿਲੇ ਵਰਗ ਵਿੱਚ ਪਹਿਲਾ ਸਥਾਨ ਅੰਮ੍ਰਿਤਪਾਲ ਸਿੰਘ ਸਰਕਾਰੀ ਸਮਾਰਟ ਸਕੂਲ ਭੁੱਚੋ ਕਲਾਂ, ਦੂਜਾ ਸਥਾਨ ਹਰਕੀਰਤ ਕੌਰ ਸਿਲਵਰ ਓਕਸ ਸਕੂਲ ਬਠਿੰਡਾ ਤੇ ਤੀਜਾ ਸਥਾਨ ਗੁਰਸਰਨ ਸਿੰਘ ਸਰਕਾਰੀ ਸਮਾਰਟ ਸਕੂਲ ਭੁੱਚੋ ਕਲਾਂ ਨੇ ਪ੍ਰਾਪਤ ਕੀਤਾ। ਇਸੇ ਤਰ੍ਹਾਂ ਬਾਰ੍ਹਵੀਂ ਤੱਕ ਦੇ ਦੂਜੇ ਵਰਗ ਵਿੱਚ ਵਿਸਾਲ ਮੈਰੀਟੋਰੀਅਸ ਸਕੂਲ ਬਠਿੰਡਾ ਨੇ ਪਹਿਲਾ, ਸਰਕਾਰੀ ਸਕੂਲ ਭੁੱਚੋ ਖੁਰਦ ਦੀ ਵਿਦਿਆਰਥਣ ਕੁਲਦੀਪ ਕੌਰ ਨੇ ਦੂਜਾ ਤੇ ਤੀਜਾ ਸਥਾਨ ਅਮਨਦੀਪ ਕੌਰ ਸਰਕਾਰੀ ਸਮਾਰਟ ਸਕੂਲ ਘੁੱਦਾ ਨੇ ਪ੍ਰਾਪਤ ਕੀਤਾ। ਤੀਜੇ ਵਰਗ ਵਿੱਚ ਪਹਿਲਾ ਸਥਾਨ ਪ੍ਰਭਜੋਤ ਕੌਰ ਐੱਸ. ਐੱਸ. ਡੀ. ਗਰਲਜ ਕਾਲਜ ਬਠਿੰਡਾ, ਦੂਜਾ ਸਥਾਨ ਮਨਪ੍ਰੀਤ ਕੌਰ ਐੱਸ. ਐੱਸ. ਡੀ. ਗਰਲਜ ਕਾਲਜ ਬਠਿੰਡਾ ਅਤੇ ਤੀਜਾ ਸਥਾਨ ਨੂਰ ਕੁੰਵਰ ਸਿੰਘ ਬਾਬਾ ਫ਼ਰੀਦ ਕਾਲਜ ਦਿਉਣ ਨੇ ਪ੍ਰਾਪਤ ਕੀਤਾ।

# ਸਤਲੁਜ ਦਰਿਆ 'ਚ ਹੜ੍ਹਾਂ ਦੀ ਸਥਿਤੀ ਕਾਬੂ ਹੇਠ : ਦਿਆਲਪੁਰਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਤਲੁਜ ਦਰਿਆ ਵਿੱਚ ਬੇਸ਼ੱਕ ਪਾਣੀ ਦਾ ਪੱਧਰ ਵਧਿਆ ਹੋਇਆ ਹੈ, ਪਰ ਹੜ੍ਹਾਂ ਦੀ ਸਥਿਤੀ ਕੰਟਰੋਲ ਹੇਠ ਹੈ। ਇਸ ਲਈ ਲੋਕ ਘਬਰਾਉਣ ਨਾ ਅਤੇ ਨਾ ਹੀ ਕਿਸੇ ਅਫ਼ਵਾਹਾਂ 'ਤੇ ਧਿਆਨ ਦੇਣ। ਉਕਤ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਸਤਲੁਜ ਦਰਿਆ ਦੇ ਧੁੱਸੀ ਬੰਨ੍ਹ ਦਾ ਦੌਰਾ ਕਰਨ ਉਪਰੰਤ ਕੀਤਾ।

ਵਿਧਾਇਕ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਸਤਲੁਜ ਦਰਿਆ ਵਿੱਚ ਵਧਦੇ ਪਾਣੀ ਦੇ ਪੱਧਰ ਅਤੇ ਧੁੱਸੀ ਬੰਨ੍ਹ ਦੇ ਨਾਜ਼ੁਕ ਸਥਾਨਾਂ 'ਤੇ ਪੂਰੀ ਨਜ਼ਰ ਰੱਖੀ ਹੋਈ ਹੈ। ਉਨ੍ਹਾਂ ਕਿਹਾ ਕਿ ਧੁੱਲੇਵਾਲ ਨਾਜ਼ੁਕ ਸਥਾਨ ਹੈ, ਜਿੱਥੇ ਪੁਲਸ ਚੈੱਕ ਪੋਸਟ ਸਥਾਪਤ ਕੀਤੀ ਹੋਈ ਹੈ, ਜੋ 24 ਘੰਟੇ ਬੰਨ੍ਹ ਦੀ ਨਿਗਰਾਨੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਧੁੱਸੀ ਬੰਨ੍ਹ ਜਿੱਥੇ ਵੀ ਪਾਣੀ ਢਾਹ ਲਾਉਂਦਾ ਹੈ, ਉੱਥੇ ਬੋਰੀਆਂ ਭਰ ਕੇ ਰੋਕ ਅਤੇ ਠੋਕਰਾਂ ਤੇ ਪੱਥਰ ਲਾਏ ਜਾ ਰਹੇ ਹਨ।

ਵਿਧਾਇਕ ਨੇ ਕਿਹਾ ਕਿ ਕੁਝ ਲੋਕ ਅਫ਼ਵਾਹਾਂ ਫੈਲਾ ਦਿੰਦੇ ਹਨ ਕਿ ਬੰਨ੍ਹ ਨੂੰ ਖ਼ਤਰਾ ਪੈਦਾ ਹੋ ਗਿਆ ਹੈ, ਜੋ ਬਿਲਕੁਲ ਬੇਬੁਨਿਆਦ ਹਨ, ਇਸ ਲਈ ਲੋਕ ਇਨ੍ਹਾਂ 'ਤੇ ਯਕੀਨ ਨਾ ਕਰਨ। ਉਨ੍ਹਾਂ ਕਿਹਾ ਕਿ ਅੱਜ ਉਹ ਆਪ ਧੁੱਸੀ ਬੰਨ੍ਹ ਤੇ ਇਸ ਦੇ ਚੱਲਦੇ ਮੁਰੰਮਤ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਗੱਲਬਾਤ ਕੀਤੀ।

# ਨਿਹੱਥੇ ਕਿਸਾਨਾਂ 'ਤੇ ਪੁਲਸ ਲਾਠੀਚਾਰਜ ਦੀ ਘਟਨਾ ਅਤਿ ਮੰਦਭਾਗੀ : ਸਿੱਧੂ ਲੌਂਗੋਵਾਲ



**ਲੌਂਗੋਵਾਲ (ਕੁਲਦੀਪ ਅੱਤਰੀ, ਪ੍ਰਦੀਪ ਸਿੰਘ ਸੱਪਲ)**-ਉਤਰੀ ਭਾਰਤ ਦੀਆਂ 16 ਕਿਸਾਨ ਜਥੇਬੰਦੀਆਂ ਵੱਲੋਂ ਕਿਸਾਨ ਮਸਲਿਆਂ ਨੂੰ ਲੈ ਕੇ ਰਹਿੰਦੀਆਂ ਮੰਗਾਂ ਨੂੰ ਪੂਰਾ ਕਰਾਉਣ ਲਈ, ਹੜ੍ਹ ਪੀੜਤਾਂ ਦੇ ਮਸਲੇ, ਨਰੇਗਾ ਮਜ਼ਦੂਰਾਂ ਆਦਿ ਮੰਗਾਂ ਲਈ 22 ਅਗਸਤ ਨੂੰ ਚੰਡੀਗੜ੍ਹ ਵਿੱਚ ਪੱਕਾ ਧਰਨਾ ਲਾਉਣ ਦਾ ਫ਼ੈਸਲਾ ਕੀਤਾ ਗਿਆ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫ਼ਤਿਹ) ਦੇ ਮੈਂਬਰ ਪੀਏਸੀ ਕੌਮੀ ਜਨਰਲ ਸਕੱਤਰ ਤੇ ਕਿਸਾਨ ਯੂਨੀਅਨ ਅੰਮ੍ਰਿਤਸਰ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਅੰਮ੍ਰਿਤਪਾਲ ਸਿੰਘ ਸਿੱਧੂ ਲੌਂਗੋਵਾਲ ਅਤੇ ਬਿਕਰਮਜੀਤ ਸਿੰਘ ਰਾਓ ਜ਼ਿਲ੍ਹਾ ਪ੍ਰਧਾਨ ਕਿਸਾਨ ਯੂਨੀਅਨ ਅੰਮ੍ਰਿਤਸਰ ਨੇ ਦੱਸਿਆ ਕਿ ਕਿਸਾਨ ਯੂਨੀਅਨਾਂ ਵੱਲੋਂ ਚੰਡੀਗੜ੍ਹ ਮੋਰਚੇ ਲਈ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਸਨ, ਉਥੇ ਹੀ ਇਸ ਮੋਰਚੇ ਨੂੰ ਫੇਲ੍ਹ ਕਰਨ ਲਈ ਕੇਂਦਰ ਅਤੇ ਪੰਜਾਬ ਸਰਕਾਰ ਹਰ ਤਰ੍ਹਾਂ ਦੇ ਹਥਕੰਡੇ ਅਪਣਾ ਰਹੀ ਹੈ। ਪੁਲਸ ਪ੍ਰਸ਼ਾਸਨ ਵੱਲੋਂ ਕਿਸਾਨ ਯੂਨੀਅਨ ਦੇ ਆਗੂਆਂ ਨੂੰ ਫੜ ਕੇ ਥਾਣਿਆਂ ਵਿੱਚ ਬੰਦ ਕੀਤਾ ਗਿਆ ਹੈ। ਪੁਲਸ ਵੱਲੋਂ ਜਥੇਬੰਦੀ ਦੇ ਆਗੂਆਂ ਦੀ ਫੜੋ ਫੜਾਈ ਜਾਰੀ ਹੈ। ਪੁਲਸ ਪ੍ਰਸ਼ਾਸਨ ਵੱਲੋਂ ਕੀਤੀ ਇਸ ਕਾਰਵਾਈ ਦੀ ਕਿਸਾਨ ਯੂਨੀਅਨ ਅੰਮ੍ਰਿਤਸਰ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫ਼ਤਿਹ) ਵੱਲੋਂ ਨਿਖੇਧੀ ਕਰਦਿਆਂ ਕਿਸਾਨਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਲਾਮ ਬੰਦ ਹੋ ਕੇ ਸਰਕਾਰ ਦੀਆਂ ਮਾਰੂ ਨੀਤੀਆਂ ਵਿਰੁੱਧ ਡਟਣ ਦਾ ਸੱਦਾ ਦਿੱਤਾ। ਇਸ ਤੋਂ ਇਲਾਵਾ ਲੌਂਗੋਵਾਲ ਵਿਖੇ ਇੱਕ ਗ਼ਰੀਬ ਕਿਸਾਨ ਪ੍ਰੀਤਮ ਸਿੰਘ ਦੀ ਪੁਲਿਸ ਲਾਠੀਚਾਰਜ ਨਾਲ ਹੋਈ ਮੌਤ 'ਤੇ ਕਿਸਾਨ ਯੂਨੀਅਨ ਅੰਮ੍ਰਿਤਸਰ ਵੱਲੋਂ ਦੁੱਖ ਪ੍ਰਗਟ ਕਰਦੇ ਹੋਏ ਪੰਜਾਬ ਸਰਕਾਰ ਦੀ ਨਿਖੇਧੀ ਕੀਤੀ ਗਈ ਅਤੇ ਇਸ ਮੌਤ ਲਈ ਜ਼ਿੰਮੇਵਾਰ ਪੰਜਾਬ ਪੁਲਸ ਦੇ ਅਧਿਕਾਰੀਆਂ ਵਿਰੁੱਧ ਕਰਵਾਈ ਕਰਨ ਦੀ ਮੰਗ ਕੀਤੀ।

# ਗੁਰਦੁਆਰਾ ਕਾਲਾਮਾਲਾ ਸਾਹਿਬ 'ਚ ਇਕੋਤਰੀ ਸਮਾਗਮ ਕਰਾਇਆ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**



ਇਤਿਹਾਸਕ ਗੁਰਦੁਆਰਾ ਸਿੱਧਸਰ ਕਾਲਾਮਾਲਾ ਸਾਹਿਬ ਛਾਪਾ ਵਿਖੇ ਸਾਲਾਨਾ ਇਕੋਤਰੀ ਧਾਰਮਿਕ ਸਮਾਗਮ ਗੁਰਦੁਆਰਾ ਕਮੇਟੀ ਦੀ ਅਗਵਾਈ ਹੇਠ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਸ਼ਰਧਾ ਭਾਵਨਾ ਨਾਲ ਕਰਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਜੱਸਾ ਸਿੰਘ ਆਹਲੂਵਾਲੀਆ ਗੁਰਮਤਿ ਸੰਗੀਤ ਵਿਦਿਆਲਾ ਦੇ ਵਿਦਿਆਰਥੀਆਂ ਅਤੇ ਵੱਖ-ਵੱਖ ਰਾਗੀ ਜਥਿਆਂ ਨੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਗੁਰਸਿੱਖੀ 'ਚ ਪ੍ਰਪੱਕ ਹੋਣ ਦੀ ਅਪੀਲ ਕੀਤੀ।

ਭਾਈ ਜਸਵੀਰ ਸਿੰਘ ਮਾਣਕੀ, ਪ੍ਰਧਾਨ ਨਾਜਰ ਸਿੰਘ, ਬਲਵਿੰਦਰ ਸਿੰਘ ਛਾਪਾ, ਸਫਾਈ ਸੇਵਾ ਕਲੱਬ ਦੇ ਗੁਰਪ੍ਰੀਤ ਸਿੰਘ ਪੀਤਾ, ਵਿਦਿਆਲਾ ਇੰਚਾਰਜ ਭਾਈ ਗੁਰਪ੍ਰੀਤ ਸਿੰਘ ਨੂਰ ਨੇ ਇਸ ਇਤਿਹਾਸਕ ਧਾਰਮਿਕ ਅਸਥਾਨ ਦੇ ਇਤਿਹਾਸ ਸਬੰਧੀ ਕਿਹਾ ਕਿ ਸੱਚਖੰਡ ਵਾਸੀ ਬਾਬਾ ਮੱਲ ਸਿੰਘ, ਸੰਤ ਜਸਵੀਰ ਸਿੰਘ ਖਾਲਸਾ ਵੱਲੋਂ ਸ਼ੁਰੂ ਕੀਤੀ ਗਈ ਪ੍ਰੰਪਰਾ ਨੂੰ ਨਿਰੰਤਰ ਜਾਰੀ ਰੱਖਿਆ ਜਾਵੇਗਾ। ਇਸ ਮੌਕੇ ਜਥੇ: ਧੰਨਾ ਸਿੰਘ ਰਾਜਸਥਾਨ, ਭਾਈ ਪਾਲ ਸਿੰਘ, ਭਾਈ ਹਰਜੀਤ ਸਿੰਘ ਕੈਰੇ, ਬਾਬਾ ਵਰਿਆਮ ਸਿੰਘ, ਬਾਬਾ ਗੁਰਦੀਪ ਸਿੰਘ ਕਾਰ ਸੇਵਾ, ਪ੍ਰਧਾਨ ਜਗਤਾਰ ਸਿੰਘ ਪੰਡੋਰੀ, ਮਨਦੀਪ ਸਿੰਘ, ਬਲਵੰਤ ਸਿੰਘ, ਬਲਰਾਜ ਸਿੰਘ ਫੌਜੀ, ਹਰਨੇਕ ਸਿੰਘ ਛਾਪਾ, ਮਨਜੀਤ ਸਿੰਘ, ਹਰਜੰਟ ਸਿੰਘ ਫੌਜੀ, ਬਾਬਾ ਬਖਸ਼ੀਸ ਸਿੰਘ, ਬੀਬੀ ਪਰਮਜੀਤ ਕੌਰ ਭੱਠਲ, ਬਲਜੀਤ ਸਿੰਘ ਸਿੱਧੂ ਕੈਨੇਡੀਅਨ, ਹਰਜਿੰਦਰ ਸਿੰਘ ਫੀਡ ਵਾਲੇ, ਗੁਰਦੀਪ ਸਿੰਘ ਬਾਬਾ, ਜਥੇ: ਧਰਮ ਸਿੰਘ, ਭਾਈ ਆਗਿਆਪਾਲ ਸਿੰਘ, ਮੁਖਤਿਆਰ ਸਿੰਘ ਛਾਪਾ, ਇੰਦਰਜੀਤ ਸਿੰਘ, ਗੁਰਦੀਪ ਸਿੰਘ ਪਿੱਲਾ ਮੱਲੀਆਂ ਆਦਿ ਹਾਜ਼ਰ ਸਨ।

# ਹਰਜੀਤ ਸਿੰਘ ਵਿਰਕ ਹਰਿਆਣਾ ਪੀ ਏ ਸੀ ਦੇ ਮੈਂਬਰ ਨਿਯੁਕਤ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-"ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਜਥੇਬੰਦੀ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਇਕ ਹੋਏ ਸਰਬਸੰਮਤੀ ਦੇ ਫੈਸਲੇ ਅਨੁਸਾਰ ਹਰਜੀਤ ਸਿੰਘ ਵਿਰਕ, ਜੋ ਹਰਿਆਣਾ ਸਟੇਟ ਦੇ ਯੂਥ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਹਨ, ਉਨ੍ਹਾਂ ਦੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਬਤੌਰ ਪੀ.ਏ.ਸੀ. ਮੈਂਬਰ ਨਿਯੁਕਤ ਕਰਨ ਦੇ ਦਫਤਰ ਨੂੰ ਆਦੇਸ਼ ਦਿੱਤੇ ਹਨ। ਜਿਸ ਅਨੁਸਾਰ ਹਰਜੀਤ ਸਿੰਘ ਵਿਰਕ ਨੂੰ ਪਾਰਟੀ ਵੱਲੋਂ ਬਤੌਰ ਪੀ.ਏ.ਸੀ. ਮੈਂਬਰ ਦੀ ਸੂਚੀ 'ਚ ਸ਼ਾਮਲ ਕਰਦੇ ਹੋਏ ਇਹ ਨਿਯੁਕਤੀ ਕੀਤੀ ਜਾਂਦੀ ਹੈ ਅਤੇ ਉਮੀਦ ਕੀਤੀ ਜਾਂਦੀ ਹੈ ਕਿ ਉਹ ਹਰਿਆਣੇ ਵਿਚ ਜਥੇਬੰਦੀ ਨੂੰ ਪਹਿਲੇ ਨਾਲੋਂ ਵੀ ਵਧੇਰੇ ਮਜ਼ਬੂਤ ਕਰਨ ਦੇ ਨਾਲ-ਨਾਲ ਪੀ.ਏ.ਸੀ ਕਮੇਟੀ ਦੀਆਂ ਹੋਣ ਵਾਲੀਆਂ ਮਹੱਤਵਪੂਰਨ ਮੀਟਿੰਗਾਂ 'ਚ ਸ਼ਾਮਲ ਹੋ ਕੇ ਹੋਣ ਵਾਲੇ ਫੈਸਲਿਆਂ ਵਿਚ ਆਪਣੀ ਰਾਏ ਅਨੁਸਾਰ ਯੋਗਦਾਨ ਪਾਉਂਦੇ ਰਹਿਣਗੇ। ਇਹ ਜਾਣਕਾਰੀ ਅੱਜ ਇਥੇ ਇਕਬਾਲ ਸਿੰਘ ਟਿਵਾਣਾ ਮੁੱਖ ਬੁਲਾਰਾ ਸਿਆਸੀ ਤੇ ਮੀਡੀਆ ਸਲਾਹਕਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪਾਰਟੀ ਦਫਤਰ ਤੋਂ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਅਤੇ ਸੰਬੰਧਤ ਨਵਾਂ ਅਹੁਦਾ ਪ੍ਰਾਪਤ ਹਰਜੀਤ ਸਿੰਘ ਵਿਰਕ ਨੂੰ ਆਪਣੀ ਅਗਲੀ ਪਾਰਟੀ ਜ਼ਿੰਮੇਵਾਰੀ ਸੰਬੰਧੀ ਦਿੱਤੀ।

# ਆਈ ਟੀ ਆਈ 'ਚ ਰੁਜ਼ਗਾਰ ਮੇਲਾ 28 ਨੂੰ

**ਬੁਢਲਾਡਾ (ਅਸ਼ੋਕ ਲਾਕੜਾ)**-ਸਥਾਨਕ ਸਰਕਾਰੀ ਆਈ ਟੀ ਆਈ ਵਿਖੇ 28 ਅਗਸਤ ਨੂੰ ਲੱਗਣ ਵਾਲੇ ਜਗਾਰ ਮੇਲੇ 'ਚ ਨਾਮਵਰ ਕੰਪਨੀਆਂ, ਫੈਕਟਰੀਆਂ ਵੱਲੋਂ ਨੌਜਵਾਨ ਲੜਕੇ ਲੜਕੀਆਂ ਨੂੰ ਭਰਤੀ ਕੀਤਾ ਜਾਵੇਗਾ। ਸੰਸਥਾ ਦੇ ਪ੍ਰਿੰਸੀਪਲ ਸੁਭਾਸ਼ ਚੰਦਰ ਗੁਪਤਾ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਜਗਾਰ ਮੇਲੇ ਵਿੱਚ ਜਗਤਜੀਤ ਕੰਪਨੀ ਚੀਮਾ, ਸਟੈਂਡਰਡ ਟਰੈਕਟਰ ਕੰਪਨੀ ਬਰਨਾਲਾ, ਐਗਰੀਜੋਨ ਕੰਪਨੀ ਪਟਿਆਲਾ, ਟਰਾਈਡੈਂਟ ਗਰੁੱਪ ਬਰਨਾਲਾ, ਮਾਈਜੇਨ ਸਟੋਨ ਗੀਅਰ ਲਿਮਟਿਡ ਬੱਦੀ (ਹਿਮਾਚਲ), ਜੀ ਐਸ ਅਲਾਏ ਪਟਿਆਲਾ ਅਤੇ ਹੋਰ ਨਾਮਵਰ ਕੰਪਨੀਆਂ ਫਿਟਰ, ਟਰਨਰ, ਮੋਟਰ ਮਕੈਨਿਕ, ਵੈਲਡਰ, ਆਰ ਏ ਸੀ ਕੰਜ਼ਿਊਮਰ ਇਲੈਕਟ੍ਰਾਨਿਕਸ, ਡੀਜ਼ਲ ਮਕੈਨਿਕ, ਤੇ ਟਰੈਕਟਰ ਮਕੈਨਿਕ ਦੀ ਆਈ ਟੀ ਆਈ ਪਾਸ ਸਿਖਿਆਰਥੀਆਂ ਅਤੇ ਮਕੈਨੀਕਲ ਡਿਪਲੋਮਾ ਪਾਸ ਸਿਖਿਆਰਥੀਆਂ ਦੀ ਭਰਤੀ ਕਰਨਗੇ। ਉਨ੍ਹਾਂ ਇਲਾਕੇ ਦੇ ਸਮੂਹ ਲੜਕੇ ਲੜਕੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਅਸਲ ਸਰਟੀਫਿਕੇਟ ਲੈ ਕੇ ਸਵੇਰੇ 9:00 ਵਜੇ ਸਰਕਾਰੀ ਆਈ.ਟੀ.ਆਈ. ਵਿਖੇ ਪਹੁੰਚਣ। ਇਸ ਮੌਕੇ ਸਮੁੱਚੇ ਮੇਲੇ ਦਾ ਪ੍ਰਬੰਧ, ਦੇਖ ਰੇਖ ਇੰਸਟਰਕਟਰ ਪ੍ਰਭਜੋਤ ਸਿੰਘ, ਸੁਪਰਡੈਂਟ ਮੇਜਰ ਸਿੰਘ ਤੇ ਸਮੂਹ ਇੰਸਟਰਕਟਰਾਂ ਵੱਲੋਂ ਕੀਤੀ ਜਾ ਰਹੀ ਹੈ।

# ਕਿਸਾਨ ਆਗੂਆਂ ਦੀ ਫੜੋ-ਫੜੀ ਨਾਲ ਸਰਕਾਰ ਦਾ ਲੋਕ ਵਿਰੋਧੀ ਚਿਹਰਾ ਨੰਗਾ ਹੋਇਆ : ਕਾਲੇਕੇ

**ਬਾਘਾ ਪੁਰਾਣਾ (ਮਨੀ ਸਿੰਗਲਾ)**



ਬੀਤੇ ਦਿਨ ਪੰਜਾਬ, ਹਰਿਆਣਾ, ਰਾਜਸਥਾਨ, ਉਤਰਾਖੰਡ ਅਤੇ ਉਤਰ ਪ੍ਰਦੇਸ਼ ਨਾਲ ਸਬੰਧਤ 16 ਕਿਸਾਨ ਜਥੇਬੰਦੀਆਂ ਵੱਲੋਂ ਚੰਡੀਗੜ੍ਹ ਵਿਖੇ ਪ੍ਰਸਤਾਵਿਤ ਟਰੈਕਟਰ ਮਾਰਚ ਦੇ ਮੱਦੇਨਜ਼ਰ ਪੰਜਾਬ ਭਰ ਵਿੱਚ ਪੁਲਸ ਨੇ ਕਿਸਾਨ ਜਥੇਬੰਦੀਆਂ ਦੇ ਆਗੂ ਹਿਰਾਸਤ ਵਿਚ ਲਏ ਤੇ ਕਈ ਆਗੂਆਂ ਨੂੰ ਪੁਲਸ ਨੇ ਉਨ੍ਹਾਂ ਦੇ ਘਰਾਂ ਵਿਚ ਹੀ ਨਜ਼ਰਬੰਦ ਕੀਤਾ। ਪੁਲਸ ਦੀ ਇਸ ਕਾਰਵਾਈ ਵਿਰੁੱਧ ਕਿਸਾਨ ਜਥੇਬੰਦੀਆਂ ਨੇ ਕੌਮੀ ਤੇ ਰਾਜ ਮਾਰਗਾਂ 'ਤੇ ਲਗਭਗ ਇਕ ਦਰਜ਼ਨ ਟੋਲ ਪਲਾਜਿਆਂ ਦਾ ਘਿਰਾਓ ਕਰਕੇ ਕੇਂਦਰ ਅਤੇ ਰਾਜ ਸਰਕਾਰ ਵਿਰੁੱਧ ਪ੍ਰਦਰਸ਼ਨ ਕੀਤਾ। ਇਸ ਦੌਰਾਨ ਪੰਜਾਬ ਪੁਲਸ ਵੱਲੋਂ ਕਿਸਾਨਾਂ ਉਤੇ ਲਾਠੀਚਾਰਜ ਕੀਤਾ ਗਿਆ, ਜਿਸ ਦੌਰਾਨ ਇਕ ਕਿਸਾਨ ਦੀ ਮੌਤ ਵੀ ਹੋ ਗਈ ਅਤੇ ਬਹੁਤ ਸਾਰੇ ਕਿਸਾਨ ਇਸ ਦੌਰਾਨ ਜ਼ਖ਼ਮੀ ਹੋ ਗਏ। ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਹਲਕਾ ਬਾਘਾਪੁਰਾਣਾ ਦੇ ਮੁੱਖ ਸੇਵਾਦਾਰ ਜਗਸੀਰ ਸਿੰਘ ਕਾਲੇਕੇ ਨੇ ਕਿਸਾਨਾਂ ਉਪਰ ਹੋਏ ਲਾਠੀਚਾਰਜ ਕੀਤੀਆਂ ਗ੍ਰਿਫ਼ਤਾਰੀਆਂ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।

ਕਾਲੇਕੇ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੇ ਸੱਤਾ ਸੰਭਾਲਣ ਤੋਂ ਪਹਿਲਾਂ ਕੀਤੇ ਗਏ ਵਾਅਦਿਆਂ ਨੂੰ ਭੁੱਲ ਚੁੱਕੀ ਹੈ। ਇਸ ਜਬਰ ਜ਼ੁਲਮ ਲਈ ਭਗਵੰਤ ਮਾਨ ਸਰਕਾਰ ਅਤੇ ਪੁਲਸ ਅਧਿਕਾਰੀਆਂ ਨੂੰ ਦੋਸ਼ੀ ਠਹਿਰਾਇਆ ਅਤੇ ਮੰਗ ਕੀਤੀ ਕਿ ਸ਼ਹੀਦ ਕਿਸਾਨ ਦੇ ਵਾਰਿਸਾਂ ਨੂੰ ਢੁੱਕਵਾਂ ਮੁਆਵਜ਼ਾ ਅਤੇ ਨੌਕਰੀ ਦਿੱਤੀ ਜਾਵੇ ਅਤੇ ਗ੍ਰਿਫ਼ਤਾਰ ਕੀਤੇ ਸਾਰੇ ਕਿਸਾਨ ਰਿਹਾਅ ਕੀਤੇ ਜਾਣ। ਉਨ੍ਹਾਂ ਮੰਗ ਕੀਤੀ ਕਿ ਕਿਸਾਨਾਂ ਦਾ ਸ਼ਾਂਤਮਈ ਸੰਘਰਸ਼ ਕਰਨ ਦਾ ਜਮਹੂਰੀ ਹੱਕ ਬਹਾਲ ਕੀਤਾ ਜਾਵੇ। ਇਸ ਮੌਕੇ ਬਲਾਕ ਪ੍ਰਧਾਨ ਗੁਰਤੇਜ ਸਿੰਘ, ਬਲਾਕ ਪ੍ਰਧਾਨ ਹਰਦੀਸ਼ ਸੇਖਾ, ਸਰਪੰਚ ਗਗਨ ਬਰਾੜ ਪ੍ਰਧਾਨ ਯੂਥ ਵਿੰਗ ਕਾਂਗਰਸ ਬਾਘਾ ਪੁਰਾਣਾ, ਜੱਜ ਸਰਪੰਚ ਹਰੀਏਵਾਲਾ, ਗੁਰਮੁੱਖ ਐਮ.ਸੀ, ਪ੍ਰਦੀਪ ਅਰੋੜਾ ਬਾਘਾ ਪੁਰਾਣਾ, ਡਾਇਰੈਕਟਰ ਸੀਪਾ ਰਾਜਿਆਣਾ, ਡਾਇਰੈਕਟਰ ਇਕਬਾਲ ਨੱਥੂਵਾਲਾ, ਸੁੱਖਾ ਲੰਗੇਆਣਾ, ਨਵਜੋਤ ਸਿੰਘ ਚੰਦ ਨਵਾਂ ਪੀ.ਏ, ਕੁਲਵੀਰ ਭਲੂਰ, ਸਰਪੰਚ ਹਰਪ੍ਰੀਤ ਚੰਦ ਨਵਾਂ, ਸਰਪੰਚ ਹਰਬੰਸ ਚੰਦ ਨਵਾਂ ਆਦਿ ਹਾਜ਼ਰ ਸਨ।

# ਜ਼ਿਲ੍ਹਾ ਪੱਧਰੀ ਮੁਜ਼ਾਹਰੇ ਦੀ ਤਿਆਰੀ ਲਈ ਵੱਡੀ ਪੱਧਰ 'ਤੇ ਤਿਆਰੀਆਂ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਸੂਬਾ ਪੱਧਰੀ ਜੋ ਘਰ-ਘਰ ਸੱਥਰ ਵਿਛਾ ਰਹੇ ਸਿੰਥੈਟਿਕ ਨਸ਼ਿਆਂ ਦੇ ਕੋਹੜ ਲਈ ਜ਼ਿੰਮੇਵਾਰ ਤਾਕਤਾਂ ਵਿਰੁੱਧ ਜ਼ੋਰਦਾਰ ਮੁਹਿੰਮ ਚਲਾਈ ਜਾ ਰਹੀ ਹੈ ਤੇ 6 ਸਤੰਬਰ ਨੂੰ ਪੰਜਾਬ ਤੇ ਕੇਂਦਰ ਦੀਆਂ ਸਰਕਾਰਾਂ, ਨਸ਼ਿਆਂ ਦੇ ਸੌਦਾਗਰਾਂ ਅਤੇ ਕਾਰਪੋਰੇਟ ਘਰਾਣਿਆਂ ਵਿਰੁੱਧ ਜ਼ਿਲ੍ਹਾ ਪੱਧਰੀ ਮੁਜ਼ਾਹਰਾ ਬਠਿੰਡਾ ਵਿਖੇ ਕੀਤਾ ਜਾਵੇਗਾ।

ਨਸ਼ਿਆਂ ਦੇ ਇਸ ਕੋਹੜ ਦੀਆਂ ਜ਼ਿੰਮੇਵਾਰ ਤਾਕਤਾਂ ਵਿੱਚ ਕਾਰਪੋਰੇਟ ਉਤਪਾਦਕ ਕੰਪਨੀਆਂ, ਥੋਕ ਨਸ਼ਾ-ਵਪਾਰੀ ਅਤੇ ਉਨ੍ਹਾਂ ਉੱਤੇ ਸੁਰੱਖਿਆ ਛਤਰੀ ਤਾਨਣ ਵਾਲੇ ਪੁਲਸ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਸਮੇਤ ਸਿਆਸੀ ਆਗੂ ਹਨ ਤੇ ਨਸ਼ੇ ਵਰਤਣ ਵਰਤਾਉਣ ਵਾਲੇ ਨੌਜਵਾਨਾਂ ਤੇ ਆਮ ਲੋਕਾਂ ਨੂੰ ਇਨ੍ਹਾਂ ਤਾਕਤਾਂ ਦੇ ਜਾਲ ਵਿੱਚ ਫਸੇ ਹੋਏ ਪੀੜਤ ਰੋਗੀ ਹਨ। ਜ਼ਿਲ੍ਹਾ ਆਗੂ ਜਗਦੇਵ ਸਿੰਘ ਜੋਗੇਵਾਲਾ ਨੇ ਕਿਹਾ ਕਿ ਤਿਆਰੀ ਲਈ ਪਿੰਡ ਪਿੰਡ ਜਾਗ੍ਰਿਤੀ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਤਹਿਤ ਤਲਵੰਡੀ ਸਾਬੋ ਬਲਾਕ ਦੀਆਂ 4 ਪਿੰਡ ਇਕਾਈਆਂ ਮਲਕਾਣਾ, ਲੇਲੇਵਾਲਾ, ਤਲਵੰਡੀ ਸਾਬੋ ਤੇ ਸੰਗਤ ਖੁਰਦ ਵਿਖੇ ਪਿੰਡ ਪੱਧਰੀਆਂ ਮੀਟਿੰਗਾਂ ਕਰਕੇ ਪਿੰਡਾਂ ਵਿੱਚ ਜਾਗ੍ਰਿਤੀ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਸ਼ਹੀਦ ਭਗਤ ਸਿੰਘ ਕਲਾਂ ਮੰਚ ਚੜ੍ਹਿਕ (ਮੋਗਾ) ਵੱਲੋਂ ਨਾਟਕ 'ਪਰਿੰਦੇ ਭਟਕ ਗਏ' (ਰਚਨਾ ਹਰਕੇਸ਼ ਚੌਧਰੀ) ਪੇਸ਼ ਕੀਤਾ ਗਿਆ, ਜੋ ਲੋਕਾਂ ਦੇ ਦਿਲੀਂ ਡੂੰਘੀ ਛਾਪ ਛੱਡ ਗਿਆ। ਮੀਟਿੰਗ ਵਿੱਚ ਬਲਾਕ ਆਗੂ ਰਣਜੋਧ ਸਿੰਘ ਮਾਹੀਨੰਗਲ, ਜਸਵੀਰ ਸਿੰਘ ਪ੍ਰਧਾਨ ਪਿੰਡ ਲੇਲੇਵਾਲਾ ਤੋਂ ਇਲਾਵਾ ਪਿੰਡ ਇਕਾਈਆਂ ਦੇ ਆਗੂ ਹਾਜ਼ਰ ਸਨ।

# ਮਾਤਾ ਗੁਜਰੀ ਕਾਲਜ ਦੇ ਐੱਨ ਐੱਸ ਐੱਸ ਯੂਨਿਟ ਵੱਲੋਂ ਖੂਨਦਾਨ ਕੈਂਪ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਮਾਤਾ ਗੁਜਰੀ ਕਾਲਜ ਦੇ ਐਨ.ਐੱਸ.ਐੱਸ. ਯੂਨਿਟ ਵੱਲੋਂ ਸਵ: ਡਾ. ਅੰਮ੍ਰਿਤਪਾਲ ਸਿੰਘ ਦੀ ਨਿੱਘੀ ਯਾਦ ਨੂੰ ਸਮਰਪਤ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਦੇ ਸਹਿਯੋਗ ਨਾਲ ਵਿਸ਼ੇਸ਼ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ 102 ਦਾਨੀ ਸੱਜਣਾਂ ਨੇ ਬੜੇ ਉਤਸ਼ਾਹ ਨਾਲ ਖੂਨਦਾਨ ਕੀਤਾ। ਕੈਂਪ ਵਿੱਚ ਕਾਲਜ ਦੇ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਦੁਆਰਾ ਰਾਜਿੰਦਰਾ ਹਸਪਤਾਲ ਪਟਿਆਲਾ ਦੇ ਬਲੱਡ ਬੈਂਕ ਲਈ ਕੁੱਲ 102 ਯੂਨਿਟ ਖੂਨ ਇਕੱਤਰ ਕੀਤਾ ਗਿਆ। ਇਸ ਮੌਕੇ ਕਾਲਜ ਗਵਰਨਿੰਗ ਬਾਡੀ ਦੇ ਐਡੀਸ਼ਨਲ ਸਕੱਤਰ ਜਗਦੀਪ ਸਿੰਘ ਚੀਮਾ ਨੇ ਕਾਲਜ ਦੇ ਐਨ.ਐੱਸ. ਐੱਸ. ਯੂਨਿਟ ਦੇ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਤੇ ਉਨ੍ਹਾਂ ਨੇ ਵਿਦਿਆਰਥੀਆਂ ਦਾ ਹੌਸਲਾ ਵਧਾਉਂਦੇ ਹੋਏ ਕਿਹਾ ਕਿ ਖੂਨਦਾਨ ਸਰਵੋਤਮ ਦਾਨ ਹੈ ਅਤੇ ਕਾਲਜ ਦੇ ਵਿਦਿਆਰਥੀਆਂ ਨੇ ਖੂਨਦਾਨ ਕੈਂਪ ਵਿਚ ਵਧ ਚੜ੍ਹ ਕੇ ਹਿੱਸਾ ਲੈ ਕੇ ਸਮਾਜ ਪ੍ਰਤੀ ਆਪਣੇ ਸੁਹਿਰਦ ਯੋਗਦਾਨ ਦੀ ਅਹਿਮ ਭੂਮਿਕਾ ਨਿਭਾਈ ਹੈ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਕਿਹਾ ਕਿ ਇਹ ਕੈਂਪ ਸਵਰਗਵਾਸੀ ਡਾ. ਅੰਮ੍ਰਿਤਪਾਲ ਸਿੰਘ, ਅਸਿਸਟੈਂਟ ਪ੍ਰੋਫੈਸਰ ਕੈਮਿਸਟਰੀ ਵਿਭਾਗ, ਜੋ ਸਾਨੂੰ ਪਿਛਲੇ ਸਾਲ ਸਦੀਵੀ ਵਿਛੋੜਾ ਦੇ ਗਏ ਸਨ, ਦੀ ਨਿੱਘੀ ਯਾਦ 'ਚ ਲਾਇਆ ਗਿਆ ਹੈ ਅਤੇ ਵਿਦਿਆਰਥੀਆਂ ਵਿੱਚ ਮਨੁੱਖਤਾ ਦੀ ਸੇਵਾ ਭਾਵਨਾ ਤੇ ਨੈਤਿਕ ਕਦਰਾਂ ਕੀਮਤਾਂ ਦੀ ਉਸਾਰੀ ਕਰਨ ਲਈ ਖੂਨਦਾਨ ਕੈਂਪ ਬਹੁਤ ਜ਼ਰੂਰੀ ਹਨ।

ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਦਾਨੀ ਸੱਜਣਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਇਸ ਮੌਕੇ ਐੱਨ ਐੱਸ.ਐੱਸ. ਅਫ਼ਸਰ ਪ੍ਰੋ. ਬੀਰਇੰਦਰ ਸਿੰਘ ਸਰਾਓ, ਪ੍ਰੋ. ਰਵਿੰਦਰ ਕੌਰ, ਪ੍ਰੋ. ਹਰਬਿੰਦਰ ਸਿੰਘ, ਡਾ. ਨੈਨਾ ਖੁੱਲਰ, ਪ੍ਰੋ. ਹਰਮਨਜੋਤ ਕੌਰ ਤੇ ਐਨ.ਸੀ.ਸੀ. ਇੰਚਾਰਜ ਪ੍ਰੋ. ਪੁਸ਼ਪਿੰਦਰ ਸਿੰਘ ਸਨ।

# ਮਾਤਾ ਨੈਣਾ ਦੇਵੀ ਦੇ ਦਰਸ਼ਨਾਂ ਨੂੰ ਜਾਂਦੇ ਸ਼ਰਧਾਲੂਆਂ ਲਈ ਲੰਗਰ ਜਾਰੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਹਰੇਕ ਸਾਲ ਦੀ ਤਰ੍ਹਾਂ ਸਾਵਣ ਦੇ ਨਰਾਤਿਆਂ ਦੇ ਸ਼ੁਭ ਦਿਹਾੜੇ 'ਤੇ ਮਾਤਾ ਨੈਣਾ ਦੇਵੀ (ਹਿਮਾਚਲ ਪ੍ਰਦੇਸ਼) ਦੇ ਦਰਸ਼ਨਾਂ ਨੂੰ ਜਾਂਦੇ ਸ਼ਰਧਾਲੂਆਂ ਲਈ ਸਰਹਿੰਦ ਨਹਿਰ ਕਿਨਾਰੇ ਗੜ੍ਹੀ ਪੁਲ 'ਤੇ 24 ਘੰਟੇ ਲਈ 21ਵਾਂ ਸਲਾਨਾ ਲੰਗਰ ਨਿਰੰਤਰ ਜਾਰੀ ਹੈ। ਇਹ ਲੰਗਰ ਸਾਵਣ ਚਾਲਾ ਮਾਤਾ ਸ੍ਰੀ ਨੈਣਾ ਦੇਵੀ ਲੰਗਰ ਕਮੇਟੀ ਵਲੋਂ ਪਿੰਡ ਗੜ੍ਹੀ ਤਰਖਾਣਾ, ਮਾਛੀਵਾੜਾ ਤੇ ਸਮਰਾਲਾ ਦੀ ਸਮੂਹ ਸੰਗਤ ਦੇ ਸਹਿਯੋਗ ਨਾਲ 26 ਅਗਸਤ ਤੱਕ ਚੱਲੇਗਾ। ਇਸ ਲੰਗਰ ਵਿੱਚ ਮਾਤਾ ਨੈਣਾ ਦੇਵੀ ਦੇ ਦਰਸ਼ਨਾਂ ਨੂੰ ਜਾਂਦੇ ਹਜ਼ਾਰਾਂ ਦੀ ਗਿਣਤੀ 'ਚ ਸ਼ਰਧਾਲੂ ਲੰਗਰ ਛਕਦੇ ਹਨ, ਜਿਨ੍ਹਾਂ ਦੀ ਸੇਵਾ ਲਈ ਆਸ-ਪਾਸ ਤੋਂ ਸ਼ਰਧਾਲੂ ਰੋਜ਼ਾਨਾ ਆਉਂਦੇ ਹਨ। ਮਾਤਾ ਨੈਣਾਂ ਦੇਵੀ ਜਾਂਦੇ ਸ਼ਰਧਾਲੂਆਂ ਲਈ ਪਿੰਡ ਗੜ੍ਹੀ ਤਰਖਾਣਾ ਮੰਦਰ ਵਿਖੇ ਰਾਤ ਨੂੰ ਅਰਾਮ ਕਰਨ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਇਸ ਮੌਕੇ ਰਾਮ ਸਿੰਘ, ਵਿਜੈ ਕੁਮਾਰ ਮਹਿੰਦਰੂ, ਸਿੱਧ ਰਾਮ, ਅਮਰਨਾਥ, ਬਲਵੰਤ, ਸੋਨੂੰ ਮਹਿੰਦਰੂ, ਸੰਜੀਵ ਮਹਿੰਦਰੂ, ਕ੍ਰਿਸ਼ਨ ਲਾਲ ਕਪੂਰ ਤੇ ਰਾਜੀਵ ਮਹਿੰਦਰੂ ਵੀ ਮੌਜੂਦ ਸਨ।

# ਅਵਾਰਾ ਪਸ਼ੂ ਫੜਨ ਦੀ ਮੁਹਿੰਮ ਤੇਜ਼ ਕਰਨ ਸਮੇਤ ਗਊਸ਼ਾਲਾਵਾਂ ਦੀ ਸਮਰੱਥਾ ਵਧਾਈ ਜਾਵੇਗੀ : ਡੀ ਸੀ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**



ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਗਾਜੀਪੁਰ, ਸਮਾਣਾ ਗਊਸ਼ਾਲਾ ਦਾ ਦੌਰਾ ਕਰਕੇ ਜ਼ਿਲ੍ਹੇ ਵਿੱਚ ਅਵਾਰਾ ਪਸ਼ੂਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਵਿਆਪਕ ਯੋਜਨਾ ਉਲੀਕੀ। ਉਨ੍ਹਾ ਕਿਹਾ ਕਿ ਜ਼ਿਲ੍ਹੇ ਵਿੱਚ ਸੜਕਾਂ ਉਪਰ ਫਿਰਦੇ ਸਾਰੇ ਪਸ਼ੂਆਂ ਦਾ ਸਰਵੇ ਰਾਹੀਂ ਗਿਣਤੀ ਕਰਾ ਲਈ ਹੈ ਤੇ ਜਲਦੀ ਹੀ ਇਸ ਸਮੱਸਿਆ ਦਾ ਹੱਲ ਕਰ ਦਿੱਤਾ ਜਾਵੇਗਾ। ਉਨ੍ਹਾਂ ਇਸ ਦੌਰਾਨ ਨਗਰ ਨਿਗਮ ਕਮਿਸ਼ਨਰ ਅਦਿੱਤਿਆ ਉੱਪਲ, ਗੁਰਦੇਵ ਸਿੰਘ ਟਿਵਾਣਾ, ਐਸ.ਡੀ.ਐਮ ਸਮਾਣਾ ਚਰਨਜੀਤ ਸਿੰਘ, ਡੀ.ਡੀ.ਪੀ.ਓ ਅਮਨਦੀਪ ਕੌਰ, ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੇ ਕਾਰਜ ਸਾਧਕ ਅਧਿਕਾਰੀਆਂ, ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਗੁਰਦਰਸ਼ਨ ਸਿੰਘ ਅਤੇ ਹੋਰ ਸਬੰਧਤ ਹਿੱਸੇਦਾਰਾਂ ਨਾਲ ਮੀਟਿੰਗ ਕੀਤੀ।

ਡਿਪਟੀ ਕਮਿਸਨਰ ਨੇ ਸਮੁੱਚੇ ਜ਼ਿਲ੍ਹੇ ਲਈ ਇਕਜੁਟ ਕਾਰਜ ਯੋਜਨਾ ਦੀ ਲੋੜ 'ਤੇ ਜ਼ੋਰ ਦਿੰਦਿਆਂ ਜ਼ਿਲ੍ਹਾ ਪਟਿਆਲਾ ਵਿੱਚ ਅਵਾਰਾ ਪਸ਼ੂਆਂ ਦੀ ਸਮੱਸਿਆ ਦੇ ਹੱਲ ਲਈ ਸਮੂਹਿਕ ਰੂਪ ਵਿੱਚ ਹੰਭਲਾ ਮਾਰਨ ਲਈ ਕਿਹਾ। ਇਸ ਦੌਰਾਨ ਕੀਤੀਆਂ ਗਈਆਂ ਤਜਵੀਜ਼ਸ਼ੁਦਾ ਪਹਿਲਕਦਮੀਆਂ ਵਿੱਚ ਹੋਰ ਵਾਧੂ ਕੈਟਲ ਕੈਚਰਾਂ ਦੀ ਖਰੀਦ, ਜ਼ਿਲ੍ਹੇ ਭਰ ਵਿੱਚ ਰੋਜ਼ਾਨਾ ਆਵਾਰਾ ਪਸ਼ੂ ਫੜਨ ਦੀ ਮੁਹਿੰਮ ਚਲਾਉਣਾ, ਸਾਰੀਆਂ ਗਊਸ਼ਾਲਾਵਾਂ ਦੀ ਸਮਰੱਥਾ ਨੂੰ ਵਧਾਉਣਾ ਤੇ ਬੁਨਿਆਦੀ ਢਾਂਚਾਗਤ ਚੁਣੌਤੀਆਂ ਦਾ ਤੁਰੰਤ ਹੱਲ ਕਰਨਾ ਸ਼ਾਮਲ ਹਨ। ਮੀਟਿੰਗ ਤੋਂ ਬਾਅਦ ਡਿਪਟੀ ਕਮਿਸਨਰ ਸਾਕਸ਼ੀ ਸਾਹਨੀ ਨੇ ਕਿਹਾ ਕਿ ਉਲੀਕੀ ਗਈ ਕਾਰਜ ਯੋਜਨਾ ਨੂੰ ਤਨਦੇਹੀ ਨਾਲ ਲਾਗੂ ਕੀਤਾ ਜਾਵੇਗਾ। ਪ੍ਰਭਾਵੀ ਅਮਲ ਨੂੰ ਯਕੀਨੀ ਬਣਾਉਣ ਲਈ, ਉਹ ਖੁਦ ਹਫ਼ਤਾਵਾਰ ਸਮੀਖਿਆ ਕਰਨਗੇ, ਜਦਕਿ ਏਡੀਸੀ ਵਿਕਾਸ ਅਤੇ ਨਗਰ ਨਿਗਮ ਕਮਿਸ਼ਨਰ ਵੱਲੋਂ ਇਸ ਦਾ ਰੋਜ਼ਾਨਾ ਪੱਧਰ ਉਤੇ ਜਾਇਜ਼ਾ ਲਿਆ ਜਾਵੇਗਾ। ਡਿਪਟੀ ਕਮਿਸਨਰ ਨੇ ਅੱਗੇ ਦੱਸਿਆ ਕਿ ਗਾਜੀਪੁਰ ਗਊਸ਼ਾਲਾ ਵਿਖੇ ਪਸ਼ੂਆਂ ਦੀ ਮੌਤ ਦਰ ਨੂੰ ਘਟਾਉਣ ਵਿੱਚ ਜ਼ਿਕਰਯੋਗ ਪ੍ਰਗਤੀ ਹੋਈ ਹੈ। ਇੱਥੇ ਬਾਇਓ ਗੈਸ ਪਲਾਂਟ ਸਫ਼ਲਤਾਪੂਰਵਕ ਚਾਲੂ ਹੋਣ ਨਾਲ ਨਵਿਆਉਣਯੋਗ ਊਰਜਾ ਨੂੰ ਉਤਸ਼ਾਹਤ ਕਰਨ ਦੇ ਨਾਲ-ਨਾਲ ਲਾਗਤ ਵਿੱਚ ਮਹੱਤਵਪੂਰਨ ਬੱਚਤ ਹੋਈ ਹੈ। ਇਸ ਤੋਂ ਇਲਾਵਾ ਗਊਸ਼ਾਲਾ ਨੇ ਨਵੇਂ ਅਭਿਆਸਾਂ ਵਿੱਚ ਉੱਦਮ ਕਰਦਿਆਂ ਗਾਂ ਦੇ ਗੋਹੇ ਤੋਂ ਲੱਕੜੀ ਤਿਆਰ ਕਰਨਾ ਅਤੇ ਆਪਣੀ ਖੁਦ ਦੀ ਸਾਇਲੇਜ ਤਿਆਰ ਕਰਨਾ। ਇਸ ਤੋਂ ਇਲਾਵਾ, ਸਮਾਣਾ ਗਊਸ਼ਾਲਾ 600 ਵਾਧੂ ਪਸ਼ੂਆਂ ਦੇ ਰਹਿਣ ਲਈ ਨਵੇਂ ਸ਼ੈੱਡਾਂ ਦੀ ਉਸਾਰੀ ਦੇ ਨਾਲ ਵਿਸਥਾਰ ਵੱਲ ਕਦਮ ਵਧਾ ਰਹੀ ਹੈ।

CMYK

# ਮਿਡ ਡੇ ਮੀਲ ਵਰਕਰਾਂ ਸਿੱਖਿਆ ਮੰਤਰੀ ਨੂੰ ਭੇਜਿਆ ਮੰਗ ਪੱਤਰ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਮਿਡ ਡੇ ਮੀਲ ਵਰਕਰਜ਼ ਯੂਨੀਅਨ ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਸੂਬਾਈ ਆਗੂ ਮਮਤਾ ਸ਼ਰਮਾ ਦੀ ਅਗਵਾਈ ਹੇਠ ਸਕੂਲਾਂ ਵਿੱਚ ਨਿਗੂਣੇ ਮਾਣ ਭੱਤੇ 'ਤੇ ਕੰਮ ਕਰਦੀਆਂ ਕੁੱਕ ਵਰਕਰਾਂ ਦੀਆਂ ਵਾਜਬ ਮੰਗਾਂ ਦਾ ਮੰਗ ਪੱਤਰ ਉਪ-ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਇੰਦੂ ਮੰਗੋਤਰਾ ਰਾਹੀਂ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਨੂੰ ਭੇਜਿਆ ਗਿਆ। ਇਸ ਮੌਕੇ ਯੂਨੀਅਨ ਦੀਆਂ ਜ਼ਿਲ੍ਹਾ ਆਗੂ ਹਰਜਿੰਦਰ ਕੌਰ ਗਹਿਰੀ, ਕੰਵਲਜੀਤ ਕੌਰ ਲਸ਼ਕਰੀਨੰਗਲ, ਪਰਮਜੀਤ ਕੌਰ ਲਹਿਰਕਾ, ਜਸਵਿੰਦਰ ਕੌਰ ਮਹਿਤਾ, ਗੁਰਜੀਤ ਕੌਰ ਮਹਿਤਾ, ਰਾਜਵਿੰਦਰ ਕੌਰ ਜੇਠੂਵਾਲ, ਪ੍ਰੇਮ ਲਤਾ, ਦਲਜੀਤ ਕੌਰ ਕਟੜਾ ਕਰਮ ਸਿੰਘ, ਭੁਪਿੰਦਰ ਕੌਰ ਅੰਮ੍ਰਿਤਸਰ, ਵਰਿੰਦਰ ਕੌਰ ਫੈਜ਼ਪੁਰਾ, ਕੁਲਦੀਪ ਕੌਰ ਛੇਹਰਟਾ ਅਤੇ ਕਵਲਜੀਤ ਕੌਰ ਜੰਡਿਆਲਾ ਨੇ ਕਿਹਾ ਕਿ ਪੰਜਾਬ ਦੇ ਸਕੂਲਾਂ ਅੰਦਰ ਕੰਮ ਕਰਦੀਆਂ ਮਿਡ-ਡੇ-ਮੀਲ ਵਰਕਰਾਂ 'ਤੇ ਘੱਟੋ-ਘੱਟ ਉਜਰਤਾਂ ਦਾ ਕਾਨੂੰਨ ਲਾਗੂ ਕਰਨਾ ਤਾਂ ਅਜੇ ਦੂਰ ਦੀ ਗੱਲ ਹੈ ਸਗੋਂ ਭਗਵੰਤ ਮਾਨ ਸਰਕਾਰ ਵੱਲੋਂ ਚੋਣਾਂ ਤੋਂ ਪਹਿਲਾਂ ਦਿੱਤੀਆਂ ਗਈਆਂ ਗਾਰੰਟੀਆਂ 'ਚੋਂ ਕੁੱਕ ਵਰਕਰਾਂ ਦੇ ਮਾਣ ਭੱਤੇ ਨੂੰ ਤੁਰੰਤ ਦੁੱਗਣਾ ਕਰਨ ਦੀ ਦਿੱਤੀ ਗਾਰੰਟੀ ਨੂੰ ਵੀ ਪੂਰਾ ਨਹੀਂ ਕੀਤਾ ਜਾ ਰਿਹਾ।

ਉਕਤ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਿਡ ਡੇ ਮੀਲ ਵਰਕਰਾਂ ਦੀਆਂ ਮੰਗਾਂ ਵੱਲ ਧਿਆਨ ਨਾ ਦੇਣ ਕਾਰਨ ਜਥੇਬੰਦੀ ਵੱਲੋਂ 3 ਸਤੰਬਰ ਨੂੰ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਹਲਕਾ ਆਨੰਦਪੁਰ ਸਾਹਿਬ ਵਿਖੇ ਸੂਬਾ ਪੱਧਰੀ ਰੋਸ ਰੈਲੀ ਕੀਤੀ ਜਾ ਰਹੀ ਹੈ।

ਮੰਗ ਪੱਤਰ ਰਾਹੀਂ ਮੰਗ ਕੀਤੀ ਗਈ ਕਿ ਕੁੱਕ ਵਰਕਰਾਂ 'ਤੇ ਛੁੱਟੀਆਂ ਲੈਣ ਦੇ ਸਾਰੇ ਨਿਯਮ ਲਾਗੂ ਕੀਤੇ ਜਾਣ, ਵਰਕਰਾਂ ਦਾ ਈ.ਪੀ.ਐਫ. ਅਤੇ ਈ.ਐਸ.ਆਈ. ਕੱਟਿਆ ਜਾਵੇ, ਬੱਚਿਆਂ ਦੀ ਗਿਣਤੀ ਘਟਣ ਕਾਰਨ ਕੁੱਕ ਵਰਕਰਾਂ ਦੀ ਕੀਤੀ ਛਾਂਟੀ ਨਾ ਕੀਤੀ ਜਾਵੇ, ਕੁੱਕ ਵਰਕਰ ਦੀ ਮੌਤ ਹੋਣ 'ਤੇ ਉਸ ਦੇ ਪਰਵਾਰਕ ਮੈਂਬਰ ਨੂੰ ਨੌਕਰੀ ਦਿੱਤੀ ਜਾਵੇ, ਅੱਠਵੀਂ ਪਾਸ ਵਰਕਰਾਂ ਨੂੰ ਦਰਜਾ-4 ਦੀਆਂ ਖਾਲੀ ਪਈਆਂ ਪੋਸਟਾਂ 'ਤੇ ਨਿਯੁਕਤ ਕੀਤਾ ਜਾਵੇ ਅਤੇ ਵਰਕਰਾਂ ਨੂੰ ਸਾਲ ਵਿੱਚ ਦੋ ਵਾਰ ਵਰਦੀ ਦਿੱਤੀ ਜਾਵੇ।

# ਕਿਸਾਨ ਯੂਨੀਅਨ ਵੱਲੋਂ ਧਰਨੇ 'ਚ ਗਰਮੀ ਤੋਂ ਬਚਾਅ ਲਈ ਏ ਸੀ/ਕੂਲਰਾਂ ਦਾ ਪ੍ਰਬੰਧ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਕੋਪਰੇਟਿਵ ਬੈਂਕ ਬਰਾਂਚ ਡੇਰਾ ਬਾਬਾ ਨਾਨਕ ਅੱਗੇ ਪੰਜਾਬ ਕਿਸਾਨ ਯੂਨੀਅਨ ਰਾਜੇਵਾਲ ਵੱਲੋਂ ਕਰੋੜਾਂ ਰੁਪਏ ਦੇ ਘਪਲੇ ਨੂੰ ਲੈ ਕੇ ਅਣਮਿੱਥੇ ਸਮੇਂ ਲਈ ਲਗਾਇਆ ਗਿਆ ਪਿਛਲੇ ਕਰੀਬ 16 ਦਿਨਾਂ ਤੋਂ ਧਰਨਾ ਨਿਰੰਤਰ ਜਾਰੀ ਹੈ। ਅੱਤ ਦੀ ਪੈ ਰਹੀ ਗਰਮੀ ਤੋਂ ਰਾਹਤ ਪਾਉਣ ਲਈ ਕਿਸਾਨਾਂ ਨੇ ਟਰਾਲੀਆਂ ਵਿੱਚ ਏ ਸੀ ਅਤੇ ਧਰਨੇ ਦੇ ਪੰਡਾਲ ਵਿੱਚ ਕੂਲਰਾਂ ਦਾ ਪ੍ਰਬੰਧ ਕੀਤਾ ਹੋਇਆ ਹੈ। ਇਸ ਮੌਕੇ ਕਿਸਾਨ ਜਥੇਬੰਦੀਆਂ ਦੇ ਵੱਖ-ਵੱਖ ਬੁਲਾਰਿਆਂ ਸਮੇਤ ਯੂਨੀਅਨ ਦੇ ਪ੍ਰਧਾਨ ਪਲਵਿੰਦਰ ਸਿੰਘ ਮਠੋਲਾ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਬੈਂਕਾਂ ਵੱਲੋਂ ਕਿਸਾਨਾਂ ਨੂੰ ਚੂਹੇ ਦੀ ਤਰ੍ਹਾਂ ਕੁਤਰਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬੀਤੇ ਸਮੇਂ ਦੌਰਾਨ ਕਿਸਾਨਾਂ ਨਾਲ ਹੋਈ ਘਪਲੇਬਾਜ਼ੀ ਵਿੱਚ ਸ਼ਾਮਲ ਡੇਰਾ ਬਾਬਾ ਨਾਨਕ ਅਧੀਨ ਪੈਂਦੇ ਨੇੜਲੇ ਪਿੰਡ ਸਮਰਾਏ ਸੋਸਾਇਟੀ ਵੱਲੋਂ ਕਿਸਾਨਾਂ ਨਾਲ ਕਰੀਬ ਛੇ ਕਰੋੜ ਦੀ ਰਾਸ਼ੀ ਦੀ ਘਪਲੇਬਾਜ਼ੀ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਹੁਣ ਤੱਕ ਉਹ ਰਾਸ਼ੀ ਵਧ ਕੇ ਕਰੀਬ 12 ਤੋਂ 13 ਕਰੋੜ ਰੁਪਏ ਤੋਂ ਵੀ ਜ਼ਿਆਦਾ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਵਿੱਚ ਕਰੀਬ 350 ਕਿਸਾਨ ਕਰਜ਼ ਹੇਠਾਂ ਆ ਚੁੱਕੇ ਹਨ। ਉਨ੍ਹਾਂ ਕਿਹਾ ਕਿ ਬੈਂਕ ਵਲੋਂ ਕਿਸਾਨਾਂ ਨੂੰ ਫੌਰਨ ਕਲੀਅਰ ਸਰਟੀਫਿਕੇਟ ਦਿੱਤੇ ਅਤੇ ਸੰਬੰਧਤ ਮੁਲਾਜ਼ਮਾਂ ਉੱਪਰ ਸਾਰੇ ਮਾਮਲੇ ਦੀ ਛਾਣਬੀਨ ਕਰਕੇ ਇਸ ਵਿੱਚ ਪਾਏ ਜਾਣ ਵਾਲੇ ਦੋਸੀਆਂ ਉਪਰ ਬਣਦੀ ਕਾਨੂੰਨੀ ਕਾਰਵਾਈ ਕਰਵਾਉਣਾ ਹੀ ਧਰਨੇ ਦਾ ਮੁੱਖ ਮਕਸਦ ਹੈ। ਉਨ੍ਹਾਂ ਕਿਹਾ ਕਿ ਜਿੰਨਾ ਚਿਰ ਸਬੰਧਤ ਕਿਸਾਨਾਂ ਨੂੰ ਇਨਸਾਫ ਨਹੀਂ ਮਿਲਦਾ ਉਨਾ ਚਿਰ ਧਰਨਾ ਨਿਰੰਤਰ ਦਿਨ ਰਾਤ ਜਾਰੀ ਰਹੇਗਾ।

ਇਸ ਮੌਕੇ ਜ਼ਿਲ੍ਹਾ ਪ੍ਰਧਾਨ ਪਲਵਿੰਦਰ ਸਿੰਘ ਮਠੋਲਾ, ਬਲਾਕ ਪ੍ਰਧਾਨ ਸੁਖਦੇਵ ਦੇਵ ਸਿੰਘ ਤਪਾਲਾ, ਸੁਖਰਾਜ ਸਿੰਘ ਬਿਸ਼ਨੀਵਾਲ, ਬਲਦੇਵ ਸਿੰਘ ਤਪਾਲਾ, ਪਲਵਿੰਦਰ ਸਿੰਘ ਮੀਕਾ, ਹਰਦੇਵ ਸਿੰਘ ਲਖਵਿੰਦਰਜੀਤ, ਸੁਖਦੇਵ ਸਿੰਘ ਨਵਾਂ ਪਿੰਡ, ਦਲਜੀਤ ਸਿੰਘ, ਗੁਰਦੀਪ ਸਿੰਘ, ਸੁਖਮਿੰਦਰ ਸਿੰਘ ਚੌੜਾ ਬਾਜਵਾ, ਸਾਹਿਲਪ੍ਰੀਤ ਸਿੰਘ, ਬਾਬਾ ਜੋਗਿੰਦਰ ਸਿੰਘ, ਜਸਬੀਰ ਸਿੰਘ, ਰਾਮ ਸਿੰਘ, ਜੋਗਾ ਸਿੰਘ ਮਾਨ, ਸੁੱਚਾ ਸਿੰਘ ਸਿੰਘ, ਭਗਵੰਤ ਸਿੰਘ, ਸੁੱਚਾ ਸਿੰਘ, ਬੱਲੀ ਸਿੰਘ, ਸ਼ਮਸ਼ੇਰ ਸਿੰਘ, ਆਸਾ ਸਿੰਘ, ਲਖਬੀਰ ਸਿੰਘ, ਸੁਖਵੰਤ ਸਿੰਘ, ਟਹਿਲ ਸਿੰਘ, ਕਰਮਜੀਤ ਸਿੰਘ ਚੌੜਾ ਬਾਜਵਾ, ਬਲਜਿੰਦਰ ਸਿੰਘ ਤਲਵੰਡੀ ਗੁਰਾਇਆ ਆਦਿ ਹਾਜ਼ਰ ਸਨ।

## ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਦੀ ਮੀਟਿੰਗ



ਬਿਆਸ, (ਬਲਰਾਜ ਸਿੰਘ ਰਾਜਾ)-ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੀ ਪੂਰੀ ਟੀਮ ਨੇ ਸਟੇਟ ਨੁਮਾਇੰਦੇ ਸੀਨੀਅਰ ਪੱਤਰਕਾਰ ਦਵਿੰਦਰ ਸਿੰਘ ਭੰਗੂ ਦੀ ਅਗਵਾਈ ਵਿਚ ਡੀਐੱਸਪੀ ਬਾਬਾ ਬਕਾਲਾ ਸਾਹਿਬ ਸੁਖਵਿੰਦਰਪਾਲ ਸਿੰਘ ਨਾਲ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਨੇ ਬਾਬਾ ਬਕਾਲਾ ਸਾਹਿਬ ਵਿਖੇ ਰੱਖੜ ਪੁੰਨਿਆ ਮੌਕੇ ਹੋਣ ਵਾਲੀਆਂ ਸਿਆਸੀ ਕਾਨਫਰੰਸਾਂ ਬਾਰੇ ਵਿਚਾਰ ਚਰਚਾ ਕੀਤੀ। ਡੀਐੱਸਪੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਰੱਖੜ ਪੁੰਨਿਆ ਮੌਕੇ ਟ੍ਰੈਫਿਕ ਦੇ ਬਦਲੇ ਰੂਟਾਂ ਦਾ ਪਾਲਣ ਕਰਕੇ ਕਿਸੇ ਵੀ ਤਰ੍ਹਾਂ ਦੀ ਖੱਜਲ ਖੁਆਰੀ ਤੋਂ ਬਚਿਆ ਜਾ ਸਕਦਾ ਹੈ। ਇਸ ਮੌਕੇ ਐੱਸਐੱਚਓ ਬਿਆਸ ਸਤਨਾਮ ਸਿੰਘ, ਯੂਨੀਅਨ ਦੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਡਾ. ਰਾਜਿੰਦਰ ਰਿਖੀ, ਡੀ. ਕੇ. ਰੈਡੀ, ਸੁਮੀਤ ਕਾਲੀਆ, ਸੁਖਵਿੰਦਰ ਬਾਵਾ, ਨਵਰੂਪ ਸਲਵਾਨ, ਬਲਰਾਜ ਸਿੰਘ ਰਾਜਾ, ਵਿਸ਼ਵਜੀਤ, ਕਮਲਜੀਤ ਸੋਨੂ, ਰੋਹਿਤ ਅਰੋੜਾ, ਕਰਮਜੀਤ ਸਿੰਘ, ਬਲਜਿੰਦਰ ਸਿੰਘ, ਰਣਜੀਤ ਸਿੰਘ ਕੰਗ ਆਦਿ ਹਾਜ਼ਰ ਸਨ।

## ਚੰਦਰਯਾਨ ਦੀ ਸਫ਼ਲ ਲੈਂਡਿੰਗ 'ਤੇ ਭਾਰਤ ਵਾਸੀਆਂ ਨੂੰ ਦਿੱਤੀ ਵਧਾਈ

ਮਜੀਠਾ (ਸੋਇਮ ਆਨੰਦ) ਚੰਦਰਯਾਨ-3 ਦੇ ਚੰਦ 'ਤੇ ਸਫਲਤਾਪੂਰਵਕ ਉਤਰਨ ਕਾਰਨ ਭਾਰਤ ਦਾ ਪੂਰੀ ਦੁਨੀਆ ਵਿੱਚ ਮਾਣ ਤੇ ਸਨਮਾਨ ਵਧਿਆ ਹੈ ਜਿਸ ਦੀ ਮੰਦਰ ਸ੍ਰੀ ਬਾਵਾ ਲਾਲ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਭਾਰਤ ਵਾਸੀਆਂ ਨੂੰ ਵਧਾਈ ਦਿੱਤੀ ਗਈ। ਇਸ ਮੌਕੇ ਕਮੇਟੀ ਚੇਅਰਮੈਨ ਕੁਲਦੀਪ ਕੁਮਾਰ ਤੇ ਪ੍ਰਧਾਨ ਨਰਿੰਦਰ ਕੁਮਾਰ ਨੇ ਕਿਹਾ ਕਿ ਸਾਡੇ ਦੇਸ਼ ਵਿੱਚ ਬਹੁਤ ਵੱਡੇ ਵੱਡੇ ਸਾਇੰਟਿਸਟ ਹਨ ਜੋ ਆਪਣੇ ਤਜਰਬਿਆਂ ਨਾਲ ਭਾਰਤ ਨੂੰ ਅੱਗੇ ਲਿਜਾਣ ਲਈ ਮੋਹਰੀ ਹੋ ਕੇ ਉਪਰਾਲੇ ਕਰਦੇ ਰਹਿੰਦੇ ਹਨ ਤੇ ਸਫਲਤਾ ਵੀ ਹਾਸਲ ਕਰਦੇ ਹਨ। ਇਸ ਮੌਕੇ ਮੰਦਰ ਕਮੇਟੀ ਚੇਅਰਮੈਨ ਕੁਲਦੀਪ ਕੁਮਾਰ, ਪ੍ਰਧਾਨ ਨਰਿੰਦਰ ਕੁਮਾਰ, ਮਿੰਕੂ ਨਈਅਰ, ਰਵਿੰਦਰ ਕਪਾਹੀ, ਡਾ. ਬਿੱਟੂ ਤੇ ਹੋਰ ਕਮੇਟੀ ਮੈਂਬਰ ਆਦਿ ਮੌਜੂਦ ਸਨ।

## ਚੰਦਰਯਾਨ-3 ਦੀ ਚੰਦਰਮਾ 'ਤੇ ਸਫ਼ਲ ਲੈਂਡਿੰਗ 'ਤੇ ਖ਼ੁਸ਼ੀ ਦਾ ਪ੍ਰਗਟਾਵਾ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਚੀਫ਼ ਖ਼ਾਲਸਾ ਦੀਵਾਨ ਦੇ ਮੁੱਖ ਦਫ਼ਤਰ ਵਿਖੇ ਹੋਈ ਇਕੱਤਰਤਾ ਦੌਰਾਨ ਅੱਜ ਦੀਵਾਨ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨ ਵੱਲੋਂ ਭਾਰਤ ਦੇ ਚੰਦਰਯਾਨ-3 ਦੇ ਚੰਦਰਮਾ ਤੇ ਉਤਰਨ ਦੀ ਸ਼ਾਨਦਾਰ ਅਤੇ ਇਤਿਹਾਸਕ ਸਫਲਤਾ 'ਤੇ ਖ਼ੁਸ਼ੀ ਪ੍ਰਗਟ ਕਰਦਿਆਂ ਵਧਾਈ ਦਿੱਤੀ ਗਈ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਅਤੇ ਆਨਰੇਰੀ ਸਕੱਤਰ ਅਜੀਤ ਸਿੰਘ ਬਸਰਾ ਨੇ ਖ਼ੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਭਾਰਤ ਚੰਦਰਮਾ 'ਤੇ ਪੁੱਜਣ ਵਾਲਾ ਚੌਥਾ ਅਤੇ ਇਸ ਦੇ ਦੱਖਣੀ ਧਰੁਵ 'ਤੇ ਪੁੱਜਣ ਵਾਲਾ ਪਹਿਲਾ ਦੇਸ਼ ਬਣ ਗਿਆ ਹੈ। ਉਨ੍ਹਾਂ ਇਸ ਦਾ ਸਿਹਰਾ ਮਿਸ਼ਨ ਨੂੰ ਸਮਰਪਤ ਭਾਰਤੀ ਪੁਲਾੜ ਖੋਜ ਸੰਸਥਾ ਅਤੇ ਦੇਸ਼ ਦੇ ਵਿਗਿਆਨੀਆਂ ਦੀ ਦਿਨ-ਰਾਤ ਦੀ ਅਣਥਕ ਮਿਹਨਤ, ਉਨ੍ਹਾਂ ਦੇ ਉਤਸ਼ਾਹ, ਦ੍ਰਿੜ੍ਹ ਇਰਾਦੇ ਅਤੇ ਵਿਸ਼ਵਾਸ ਨੂੰ ਪਾਇਆ। ਉਨ੍ਹਾਂ ਕਿਹਾ ਕਿ ਸਮੂਹ ਦੇਸ਼ ਵਾਸੀਆਂ ਨੂੰ ਆਪਣੇ ਵਿਗਿਆਨੀਆਂ ਦੀ ਇਸ ਮਹਾਨ ਪ੍ਰਾਪਤੀ 'ਤੇ ਹਮੇਸ਼ਾ ਮਾਣ ਰਹੇਗਾ। ਇਸ ਮੌਕੇ ਮੀਤ ਪ੍ਰਧਾਨ ਜਗਜੀਤ ਸਿੰਘ, ਆਨਰੇਰੀ ਐਡੀ. ਸਕੱਤਰ ਜਸਪਾਲ ਸਿੰਘ ਢਿੱਲੋਂ, ਆਨਰੇਰੀ ਜੁਆਇੰਟ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ, ਰਮਣੀਕ ਸਿੰਘ ਫਰੀਡਮ, ਪ੍ਰੋ.ਭੁਪਿੰਦਰ ਸਿੰਘ ਸੇਠੀ, ਗੁਰਪ੍ਰੀਤ ਸਿੰਘ ਸੇਠੀ, ਡਾਇਰੈਕਟਰ ਓਪਰੇਸ਼ਨ ਡਾ.ਏ.ਪੀ.ਐਸ ਚਾਵਲਾ ਆਦਿ ਮੈਂਬਰ ਹਾਜ਼ਰ ਸਨ।

# ਨਗਰ ਨਿਗਮ ਬਟਾਲਾ ਨੇ ਡੇਂਗੂ ਵਿਰੁੱਧ ਵਿੱਢੀ ਮੁਹਿੰਮ



ਬਟਾਲਾ (ਡਾ. ਮਲਵਿੰਦਰ ਸਿੰਘ)- ਨਗਰ ਨਿਗਮ ਬਟਾਲਾ ਵਲੋਂ ਡੇਂਗੂ ਵਿਰੁੱਧ ਵਿਸ਼ੇਸ਼ ਮੁਹਿੰਮ ਵਿੱਢੀ ਗਈ ਹੈ, ਜਿਸਦੇ ਚੱਲਦਿਆਂ ਵਾਰਡ ਨੰਬਰ 20, 35, 9, 38, 6, 42,10, 8, ਸਿਵਲ ਹਸਪਤਾਲ ਬਟਾਲਾ, ਗੁਰਦੁਆਰਾ ਸ੍ਰੀ ਸੱਤਕਰਤਾਰੀਆਂ ਸਾਹਿਬ, ਫਰੈਂਡਸ ਕਲੋਨੀ, ਬੀਕੋ ਕੰਪਲੈਕਸ ਵਿਖੇ ਫੌਗਿੰਗ ਕਰਵਾਈ ਅਤੇ ਲੋਕਾਂ ਨੂੰ ਡੇਂਗੂ ਦੀ ਬਿਮਾਰੀ ਵਿਰੁੱਧ ਜਾਗਰੂਕ ਕੀਤਾ।

ਇਸ ਮੌਕੇ ਗੱਲਬਾਤ ਦੌਰਾਨ ਡਾ. ਸ਼ਾਇਰੀ ਭੰਡਾਰੀ, ਐਸਡੀਐਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਨੇ ਦੱਸਿਆ ਕਿ ਸ਼ਹਿਰ ਅੰਦਰ ਨਗਰ ਨਿਗਮ ਦੀਆਂ ਟੀਮਾਂ ਵਲੋਂ ਫੌਗਿੰਗ ਕਰਵਾਈ ਜਾ ਰਹੀ ਹੈ ਅਤੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਲੋਕਾਂ ਨੂੰ ਡੇਂਗੂ ਵਿਰੁੱਧ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ। ਕਮਿਸ਼ਨਰ ਨਗਰ ਨਿਗਮ ਬਟਾਲਾ ਨੇ ਕਿਹਾ ਕਿ ਲੋਕ ਆਪਣੇ ਘਰਾਂ/ਦੁਕਾਨਾਂ/ਸਰਕਾਰੀ ਦਫਤਰਾਂ ਵਿੱਚ ਮੌਜੂਦ ਕੂਲਰ, ਗਮਲੇ, ਟਾਇਰਾਂ, ਟੈਂਕੀਆਂ, ਫਰਿੱਜ ਦੇ ਪਿੱਛੇ ਲੱਗੀ ਟਰੇਅ ਵਿਚੋ ਹਰ ਸ਼ੁੱਕਰਵਾਰ ਨੂੰ ਪਾਣੀ ਕੱਢ ਕੇ ਜ਼ਰੂਰ ਸੁਕਾਉਣ। ਮੱਛਰ ਦੇ ਕੱਟਣ ਤੋ ਬਚਾਅ ਕੀਤਾ ਜਾਵੇ, ਪੂਰੀ ਬਾਂਹ ਵਾਲੇ ਅਤੇ ਸਰੀਰ ਨੂੰ ਢੱਕਣ ਵਾਲੇ ਕੱਪੜੇ ਪਾਏ ਜਾਣ।

## 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਵੱਖ-ਵੱਖ ਥਾਈਂ ਨਿਰੀਖਣ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਮਾਨਯੋਗ ਸਿਹਤ ਮੰਤਰੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਅਧੀਨ ਸਿਵਲ ਸਰਜਨ ਡਾ. ਹਰਭਜਨ ਰਾਮ ਮਾਂਡੀ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਪ੍ਰਭਜੋਤ ਕਲਸੀ ਦੀ ਵਿਸ਼ੇਸ਼ ਸੁਪਰਵੀਜ਼ਨ ਅਧੀਨ ਬਲਾਕ ਪੱਧਰੀ ਟੀਮ ਡਾ. ਨੀਲਮ ਐੱਸਐੱਮਓ ਦੀ ਅਗਵਾਈ ਹੇਠ ਬੱਸ ਸਟੈਂਡ ਕਾਹਨੂੰਵਾਨ, ਦੁਕਾਨਾਂ, ਪਾਰਕ ਅਤੇ ਘਰਾ ਵਿਚ ਵਿਜ਼ਿਟ ਕੀਤੀ ਗਈ ਅਤੇ ਡੇਂਗੂ ਦਾ ਲਾਰਵਾ ਮਿਲਣ 'ਤੇ ਮੌਕੇ 'ਤੇ ਨਸ਼ਟ ਕੀਤਾ ਗਿਆ ਅਤੇ ਲੋਕਾਂ ਨੂੰ ਡੇਂਗੂ ਬੁਖਾਰ, ਚਿਕਨਗੁਨੀਆ ਬੁਖਾਰ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਰਛਪਾਲ ਸਿੰਘ ਸਹਾਇਕ ਮਲੇਰੀਆ ਅਫਸਰ, ਦਲੀਪ ਰਾਜ, ਲਖਬੀਰ ਸਿੰਘ, ਭੁਪਿੰਦਰ ਸਿੰਘ, ਜੋਗਾ ਸਿੰਘ ਅਤੇ ਅਮੋਲਕ ਸਿੰਘ ਹਾਜ਼ਰ ਸਨ।

# ਖ਼ਾਲਸਾ ਕਾਲਜ ਪਬਲਿਕ ਸਕੂਲ ਵਿਖੇ ਨਸ਼ਿਆਂ ਵਿਰੁੱਧ ਕੱਢੀ ਰੈਲੀ




ਅੰਮ੍ਰਿਤਸਰ ( ਜਸਬੀਰ ਸਿੰਘ ਪੱਟੀ )-ਖ਼ਾਲਸਾ ਕਾਲਜ ਪਬਲਿਕ ਸਕੂਲ ਜੀ. ਟੀ. ਰੋਡ ਵਿਖੇ 24 ਪੰਜਾਬ ਬਟਾਲੀਅਨ ਐਨ. ਸੀ. ਸੀ. ਅੰਮ੍ਰਿਤਸਰ ਵੱਲੋਂ ਨਸ਼ਿਆਂ ਦੇ ਵਿਰੋਧ 'ਚ ਰੈਲੀ ਕੱਢੀ ਗਈ। ਸਕੂਲ ਪ੍ਰਿੰਸੀਪਲ ਅਮਰਜੀਤ ਸਿੰਘ ਗਿੱਲ ਦੇ ਸਹਿਯੋਗ ਨਾਲ ਕਰਨਲ ਅਲੋਕ ਧਾਮੀ ਦੀ ਅਗਵਾਈ ਹੇਠ ਉਕਤ ਰੈਲੀ ਦੌਰਾਨ ਐਨ. ਸੀ. ਸੀ. ਕੈਡਿਟਾਂ ਨੇ ਹੱਥਾਂ 'ਚ ਪੋਸਟਰ ਫੜ ਕੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਨਸ਼ਿਆਂ ਖਿਲਾਫ਼ ਸਖ਼ਤ ਕਾਨੂੰਨ ਵਿਵਸਥਾ ਅਪਣਾਉਣ ਦੀ ਅਪੀਲ ਕੀਤੀ। ਇਸ ਮੌਕੇ ਪ੍ਰਿੰ: ਗਿੱਲ ਨੇ ਵੀ ਵਿਦਿਆਰਥੀਆਂ ਨੂੰ ਕਿਹਾ ਕਿ ਨਸ਼ਿਆਂ ਦੇ ਨਾਲ ਮਾਲੀ, ਜਾਨੀ ਤੇ ਦੇਸ਼ ਦਾ ਨੁਕਸਾਨ ਹੁੰਦਾ ਹੈ। ਉਨ੍ਹਾਂ ਕਿਹਾ ਕਿ ਨਸ਼ਾ ਇਕ ਤਰ੍ਹਾਂ ਦੀ ਗੁਲਾਮੀ ਹੈ, ਜਿਸ ਦੀ ਪੂਰਤੀ ਲਈ ਨਸ਼ੇੜੀ ਕਿਸੇ ਵੀ ਤਰ੍ਹਾਂ ਕੰਮ ਕਰਨ ਨੂੰ ਚਾਹੇ ਉਹ ਜੁਰਮ ਦਾ ਹੀ ਕਿਉਂ ਨਾ ਰਸਤਾ ਹੋਵੇ, ਤਿਆਰ ਰਹਿੰਦਾ ਹੈ। ਇਸ ਲਈ ਨਸ਼ੇ ਨੂੰ ਤਿਆਗੋ ਤੇ ਖ਼ੁਦ ਨੂੰ ਸੁਤੰਤਰ ਕਰੋ। ਇਸ ਮੌਕੇ ਸਮੂਹ ਵਿਦਿਆਰਥੀਆਂ ਨੇ ਹੱਥਾਂ 'ਚ ਪੋਸਟਰ, ਚਾਰਟ ਫੜ ਕੇ ਨਸ਼ਿਆਂ ਦੇ ਨੁਕਸਾਨ ਸੰਬੰਧੀ ਜਾਗਰੂਕ ਕਰਦਿਆਂ ਸਕੂਲ ਤੋਂ ਯੂਨੀਵਰਸਿਟੀ, ਖੰਡਵਾਲਾ ਤੱਕ ਰੈਲੀ ਕੱਢੀ।

ਇਸ ਮੌਕੇ ਵਿਦਿਆਰਥੀ 'ਨਸ਼ਾ ਜ਼ਹਿਰ ਹੈ, ਨਸ਼ਾ ਕੋਹੜ ਹੈ, ਨਸ਼ਾ ਮੌਤ ਹੈ' ਵਰਗੇ ਨਾਅਰੇ ਲਗਾਉਂਦਿਆਂ ਅਵਾਜ਼ ਬੁਲੰਦ ਕੀਤੀ। ਇਸ ਮੌਕੇ ਪ੍ਰਿੰ: ਗਿੱਲ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਖਿਲਾਫ਼ ਡਟ ਕੇ ਲੜਨ ਦੀ ਸਹੁੰ ਵੀ ਚੁਕਾਈ।

## ਸਕੋਡਾ ਆਟੋ ਇੰਡੀਆ ਵੱਲੋਂ ਐਕਸਚੇਂਜ ਕਾਰਨੀਵਲ ਦੀ ਸ਼ੁਰੂਆਤ

ਜਲੰਧਰ-ਆਪਣੇ ਮਾਡਲ ਅੱਪਡੇਟ ਅਤੇ ਗਾਹਕ ਸੇਵਾ ਪਹਿਲਕਦਮੀਆਂ ਨੂੰ ਜਾਰੀ ਰੱਖਦੇ ਹੋਏ ਸਕੋਡਾ ਆਟੋ ਇੰਡੀਆ ਨੇ ਅਗਸਤ 2023 ਲਈ ਐਕਸਚੇਂਜ ਕਾਰਨੀਵਲ ਦੀ ਸ਼ੁਰੂਆਤ ਕੀਤੀ। ਇਸ ਵਿੱਚ ਗਾਹਕ-ਅਨੁਕੂਲ ਸੌਦੇ, ਛੋਟ ਅਤੇ ਸੇਵਾ, ਰੱਖ-ਰਖਾਅ ਅਤੇ ਵਾਰੰਟੀ ਪੈਕੇਜ ਸ਼ਾਮਲ ਹਨ ਤਾਂ ਜੋ ਉਨ੍ਹਾਂ ਦੇ ਮਾਲਕੀ ਅਨੁਭਵ ਨੂੰ ਹੋਰ ਵਧਾਇਆ ਜਾ ਸਕੇ। ਐਕਸਚੇਂਜ ਕਾਰਨੀਵਲ ਦੇ ਤਹਿਤ ਸਕੋਡਾ ਆਟੋ ਇੰਡੀਆ 60,000 ਰੁਪਏ ਤੱਕ ਦੇ ਲਾਭ ਅਤੇ 70,000 ਰੁਪਏ ਤੱਕ ਦੇ ਕਾਰਪੋਰੇਟ ਲਾਭਾਂ ਦੀ ਪੇਸ਼ਕਸ਼ ਕਰਦਾ ਹੈ। ਇੱਕ ਗਾਹਕ, ਜੇਕਰ ਉਹ ਚਾਹੁੰਦਾ ਹੈ ਤਾਂ ਆਪਣੀ ਮੌਜੂਦਾ ਕਾਰ ਦੇ ਨਾਲ ਗੱਡੀ ਚਲਾ ਸਕਦਾ ਹੈ ਅਤੇ ਸਭ ਤੋਂ ਤੇਜ਼ ਅਤੇ ਮੁਸ਼ਕਲ ਰਹਿਤ, ਸਿੰਗਲ-ਵਿੰਡੋ, ਸਿੰਗਲ-ਟਾਈਮ ਐਕਸਚੇਂਜ, ਖਰੀਦਦਾਰੀ ਅਤੇ ਦਸਤਾਵੇਜ਼ੀ ਅਨੁਭਵ ਲਈ ਆਪਣੀ ਮੌਜੂਦਾ ਕਾਰ ਦੇ ਨਾਲ ਸਭ ਤੋਂ ਵੱਧ ਸੰਭਵ ਮੁੱਲ ਨੂੰ ਯਕੀਨੀ ਬਣਾ ਸਕਦਾ ਹੈ। ਇਸ ਐਕਸਚੇਂਜ ਕਾਰਨੀਵਲ ਦੇ ਤਹਿਤ ਗਾਹਕਾਂ ਨੂੰ ਉਨ੍ਹਾਂ ਦੀਆਂ ਸਾਰੀਆਂ ਨਵੀਆਂ ਸਕੋਡਾ ਕਾਰਾਂ ਲਈ 4 ਸਾਲਾਂ ਲਈ ਮੁਫ਼ਤ ਸੇਵਾ ਅਤੇ ਰੱਖ-ਰਖਾਅ ਪੈਕੇਜ ਵੀ ਮਿਲਦਾ ਹੈ। ਇਸ ਤੋਂ ਇਲਾਵਾ, ਗਾਹਕਾਂ ਨੂੰ 4,000 ਰੁਪਏ ਤੱਕ ਦੀ ਵਿਸਤ੍ਰਿਤ ਵਾਰੰਟੀ ਦਾ ਲਾਭ ਮਿਲੇਗਾ।

## ਬਾਲੀਵੁੱਡ ਸੁਪਰ ਸਟਾਰ ਰਣਵੀਰ ਸਿੰਘ ਲਾਵੀ ਸਪੋਰਟ ਦੇ ਬ੍ਰਾਂਡ ਅੰਬੈਸਡਰ ਬਣੇ

ਅੰਮ੍ਰਿਤਸਰ- ਭਾਰਤ ਦੀ ਸਭ ਤੋਂ ਵੱਡੀ ਬੈਗ ਕੰਪਨੀ, ਬੈਗਜੋਨ ਲਾਈਫਸਟਾਈਲ ਪ੍ਰਾਈਵੇਟ ਲਿਮਟਿਡ ਨੇ ਸੁਪਰ ਸਟਾਰ ਰਣਵੀਰ ਸਿੰਘ ਨੂੰ ਆਪਣੇ ਬੋਲਡ ਅਤੇ ਵਿਲੱਖਣ, ਯੂਨੀਸੈਕਸ ਬ੍ਰਾਂਡ, ਲਾਵੀ ਸਪੋਰਟ ਲਈ ਬ੍ਰਾਂਡ ਅੰਬੈਸਡਰ ਵਜੋਂ ਸਾਈਨ ਕੀਤਾ ਹੈ। ਅਭਿਨੇਤਾ ਰਣਵੀਰ ਸਿੰਘ ਲਵੀ ਸਪੋਰਟ ਦੀ ਵਿਸ਼ਾਲ ਸ਼੍ਰੇਣੀ ਦੇ ਨਾਲ ਆਪਣੀ ਸਰਗਰਮ ਜੀਵਨ ਸ਼ੈਲੀ ਨੂੰ ਵਧਾਉਂਦੇ ਹੋਏ ਦਰਸ਼ਕਾਂ ਨੂੰ ਸਟਾਈਲਿਸ ਰਹਿਣ ਲਈ ਪ੍ਰੇਰਿਤ ਕਰਦੇ ਨਜ਼ਰ ਆਉਣਗੇ। ਲਾਵੀ ਸਪੋਰਟ ਵਿੱਚ ਬੈਕਪੈਕ, ਡਫਲ ਬੈਗ, ਬ੍ਰੀਫਕੇਸ ਅਤੇ ਵੈਲਟਸ ਅਤੇ ਸਲਿੰਗਸ ਵਰਗੇ ਉਪਕਰਨਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਹੈ। ਸੰਗ੍ਰਹਿ ਕਾਰਜਸ਼ੀਲ, ਸਟਾਈਲਿਸ਼ ਅਤੇ ਟਿਕਾਊ ਉਤਪਾਦਾਂ ਦਾ ਇੱਕ ਸੰਪੂਰਨ ਮੇਲ ਹੈ। ਸਾਂਝੇਦਾਰੀ 'ਤੇ ਟਿੱਪਣੀ ਕਰਦੇ ਹੋਏ ਆਯੁਸ਼ ਤੈਨਵਾਲਾ, ਸੀ ਈ ਓ ਅਤੇ ਫਾਊਂਡਰ ਲਾਵੀ ਐਂਡ ਲਵੀ ਸਪੋਰਟ ਨੇ ਕਿਹਾ, "ਲਾਵੀ ਸਪੋਰਟ 'ਤੇ ਅਸੀਂ ਹਮੇਸ਼ਾ ਵਧੀਆ ਪ੍ਰਦਰਸ਼ਨ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਹੈ ਅਤੇ ਅਸੀਂ ਨਵੇਂ ਰੁਝਾਨਾਂ ਨਾਲ ਆਉਣਾ ਚਾਹੁੰਦੇ ਹਾਂ ਜੋ ਸਾਡੇ ਗਾਹਕਾਂ ਨੂੰ ਆਕਰਸ਼ਤ ਕਰਨਗੇ।

# ਬੁੱਢਾ ਦਲ ਵੱਲੋਂ ਯੂ ਕੇ ਦੇ ਗੁਰਦੁਆਰਾ ਗੁਰੂ ਕਲਗੀਧਰ ਵਿਖੇ ਗੁਰਮਤਿ ਸਮਾਗਮ ਆਯੋਜਿਤ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਸਿੱਖ ਕੌਮ ਦੇ ਮਹਾਨ ਜਰਨੈਲ ਅਤੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਛੇਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਦੀ ਦੂਸਰੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਇੰਗਲੈਂਡ ਦੀਆਂ ਸਿੱਖ ਸੰਗਤਾਂ ਦੀ ਮੰਗ ਨੂੰ ਮੁੱਖ ਰੱਖਦਿਆਂ ਵੱਖ-ਵੱਖ ਗੁਰੂ ਅਸਥਾਨਾਂ ਦੇ ਗੁਰਮਤਿ ਸਮਾਗਮ ਨਿਰੰਤਰ ਜਾਰੀ ਹਨ। ਇਨ੍ਹਾਂ ਸਮਾਗਮਾਂ ਦੌਰਾਨ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵਿਸ਼ੇਸ਼ ਤੌਰ ਬੁੱਢਾ ਦਲ ਦੇ ਪਾਸ ਗੁਰੂ ਸਾਹਿਬਾਨ ਵੱਲੋਂ ਬਖਸ਼ਿਸ਼ ਇਤਿਹਾਸਕ ਸ਼ਸਤਰਾਂ ਦੇ ਦਰਸ਼ਨ ਸੰਗਤਾਂ ਨੂੰ ਕਰਵਾ ਰਹੇ ਹਨ। ਪਹਿਲਾਂ ਅਮਰੀਕਾ ਅਤੇ ਕਨੇਡਾ ਵਿੱਚ ਵੀ ਵਿਸ਼ੇਸ਼ ਗੁਰਮਤਿ ਸਮਾਗਮ ਹੋਏ ਹਨ। ਏਸੇ ਲੜੀ ਤਹਿਤ ਗੁਰਦੁਆਰਾ ਗੁਰੂ ਕਲਗੀਧਰ ਵਿਖੇ ਮਹਾਨ ਗੁਰਮਤਿ ਸਮਾਗਮ ਹੋਏ। ਜਿਸ ਵਿੱਚ ਬਾਬਾ ਹਰਜੀਤ ਸਿੰਘ ਮਹਿਤਾ ਚੌਕ ਖੰਡਾ ਖੜਕੇਗਾ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਅਤੇ ਢਾਡੀ ਨਿਸ਼ਾਨ ਸਿੰਘ ਦੇ ਜਥੇ ਨੇ ਬੀਰਰਸ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸੰਗਤੀ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬੁੱਢਾ ਦਲ ਦਾ ਇਤਿਹਾਸ ਬਹੁਤ ਹੀ ਸੰਘਰਸ਼ਮਈ ਹੈਰਾਨਕੁੰਨ ਦਲੇਰੀ ਵਾਲੇ ਕਾਰਨਾਮਿਆਂ ਵਾਲਾ ਹੈ ਜਿਸ ਤੇ ਸਮੁੱਚਾ ਖਾਲਸਾ ਪੰਥ ਨਾਜ਼ ਕਰਦਾ ਹੈ। ਉਨ੍ਹਾਂ ਗੁਰਦੁਆਰਾ ਪ੍ਰਬੰਧਕਾਂ ਤੇ ਵਿਸ਼ੇਸ਼ ਤੌਰ 'ਤੇ ਪੁੱਜੀਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਬਾਬਾ ਬਲਬੀਰ ਸਿੰਘ ਅਕਾਲੀ ਨੂੰ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਸਨਮਾਨ ਵੀ ਦਿੱਤਾ ਗਿਆ। ਇਸ ਸਮੇਂ ਪੰਥਕ ਬੁਲਾਰੇ ਗਿਆਨੀ ਭਗਵਾਨ ਸਿੰਘ ਜੌਹਲ, ਬਾਬਾ ਹਰਜੀਤ ਸਿੰਘ ਮਹਿਤਾ ਚੌਂਕ ਖੰਡਾ ਖੜਕੇਗਾ, ਬਾਬਾ ਜਸਵਿੰਦਰ ਸਿੰਘ ਜੱਸੀ ਅਮਰੀਕਾ ਤੇ ਹੋਰ ਸਥਾਨਕ ਨਿਹੰਗ ਸਿੰਘ ਵੱਡੀ ਗਿਣਤੀ ਵਿੱਚ ਬਾਬਾ ਜੀ ਦੇ ਨਾਲ ਸਨ।

# ਮੂਲ ਅਨਾਜਾਂ ਦੀ ਖੇਤੀ ਸਿਹਤ, ਪਾਣੀ, ਵਾਤਾਵਰਨ ਤੇ ਮਿੱਟੀ ਦੀ ਸਿਹਤ ਲਈ ਲਾਹੇਵੰਦ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਜ਼ਿਲ੍ਹਾ ਗੁਰਦਾਸਪੁਰ ਦੇ ਅਗਾਂਹਵਧੂ ਕਿਸਾਨ ਗੁਰਮੁਖ ਸਿੰਘ ਕਲਸੀ ਵਾਸੀ ਪਿੰਡ ਰੰਗੀਲਪੁਰ (ਬਲਾਕ ਬਟਾਲਾ) ਨੇ ਮੂਲ ਅਨਾਜਾਂ ਦੀ ਖੇਤੀ ਕਰਕੇ ਪੂਰੇ ਇਲਾਕੇ ਵਿੱਚ ਮਿਸਾਲ ਪੈਦਾ ਕੀਤੀ ਹੈ ਤੇ ਆਪਣੇ ਤਜਰਬੇ ਨਾਲ ਸਿੱਧ ਕੀਤਾ ਹੈ ਕਿ ਰਵਾਇਤੀ ਫਸਲਾਂ ਦੇ ਮੁਕਾਬਲੇ ਮੂਲ ਅਨਾਜ ਦੀ ਖੇਤੀ ਆਰਥਕ ਤੇ ਸਿਹਤ ਪੱਖੋਂ ਬਹੁਤ ਲਾਹੇਵੰਦ ਹੈ। ਗਰੈਜੂਏਟ ਅਗਾਂਹਵਧੂ ਕਿਸਾਨ ਗੁਰਮੁਖ ਸਿੰਘ ਦੇ ਗ੍ਰਹਿ ਵਿਖੇ ਅੱਜ ਸੰਦੀਪ ਸਿੰਘ ਪ੍ਰੋਜੈਕਟ ਡਾਇਰੈਕਟਰ ਆਤਮਾ ਤੇ ਉਨਾਂ ਦੀ ਟੀਮ ਪਹੁੰਚੀ। ਕਿਸਾਨ ਗੁਰਮੁਖ ਸਿੰਘ ਨੇ ਟੀਮ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਉਸ ਦੀ ਪਤਨੀ ਅਤੇ ਦੋ ਬੱਚੇ ਅਤੇ ਇਕ ਭਰਾ ਦਾ ਪਰਵਾਰ ਕੁਦਰਤੀ ਖੇਤੀ ਕਰ ਰਿਹਾ ਹੈ ਅਤੇ ਛੋਟੀ ਉਮਰ ਵਿੱਚ ਮਾਤਾ ਪਿਤਾ ਦਾ ਸਾਇਆ ਉੱਠ ਜਾਣ ਕਰਕੇ ਬਚਪਨ ਵਿੱਚ ਹੀ ਘਰ ਦੀ ਜ਼ਿੰਮੇਵਾਰੀ ਸੰਭਾਲਦਿਆਂ ਆਪਣੇ ਪਿਤਾ ਪੁਰਖੀ ਕਾਰਜ ਖੇਤੀ ਨੂੰ ਅੱਗੇ ਵਧਾਇਆ। ਉਨ੍ਹਾਂ ਦੱਸਿਆ ਕਿ ਉਹ ਕਣਕ ਤੇ ਝੋਨੇ ਤੋਂ ਇਲਾਵਾ ਮਸਰ, ਛੋਲੇ ਤੇ ਸਰ੍ਹੋਂ ਦੀ ਖੇਤੀ ਕਰਦੇ ਸਨ ਪਰ ਸਾਲ 2015 ਤੋਂ ਉਨਾਂ ਮੂਲ ਅਨਾਜਾਂ ਦੀ ਖੇਤੀ ਕਰਨੀ ਸ਼ੁਰੂ ਕੀਤੀ। ਉਨਾਂ ਮੂਲ ਅਨਾਜ ਜਿਵੇਂ ਕੋਧਰਾ, ਸਵਾਂਕ, ਕੰਗਣੀ, ਕੁਟਕੀ, ਹਰੀ ਕੰਗਣੀ, ਚੀਨਾ, ਜਵਾਰ ਤੇ ਬਾਜਰਾ ਦੀ ਗੱਲ ਕਰਦਿਆਂ ਦੱਸਿਆ ਕਿ ਉਨਾਂ ਪਹਿਲਾਂ 5-5 ਮਰਲਿਆਂ ਵਿੱਚ ਇਨਾਂ ਦੀ ਖੇਤੀ ਕਰਨੀ ਸ਼ੁਰੂ ਕੀਤੀ ਤੇ ਹੁਣ ਕਰੀਬ 3 ਏਕੜ ਵਿੱਚ ਮੂਲ ਅਨਾਜਾਂ ਦੀ ਖੇਤੀ ਕਰ ਰਹੇ ਹਨ। ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਗੁਰਦਾਸਪੁਰ ਡਾ. ਕ੍ਰਿਪਾਲ ਸਿੰਘ ਢਿੱਲੋਂ ਨੇ ਦੱਸਿਆ ਕਿ ਅਗਾਂਹਵਧੂ ਕਿਸਾਨ ਗੁਰਮੁਖ ਸਿੰਘ ਸਾਡੇ ਜ਼ਿਲ੍ਹੇ ਦਾ ਮਾਣ ਹਨ। ਉਨਾਂ ਅੱਗੇ ਦੱਸਿਆ ਕਿ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਸ੍ਰੀ ਹਰਗੋਬਿੰਦਪੁਰ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਤੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਵੀ ਕਿਸਾਨ ਗੁਰਮੁਖ ਸਿੰਘ ਦੇ ਖੇਤੀ ਫਾਰਮ ਦਾ ਦੌਰਾ ਕੀਤਾ ਗਿਆ ਸੀ ਤੇ ਉਨ੍ਹਾਂ ਵਲੋਂ ਕੀਤੇ ਜਾ ਰਹੇ ਕੰਮ ਦੀ ਭਰਵੀਂ ਸ਼ਲਾਘਾ ਕੀਤੀ ਸੀ।

ਉਨਾਂ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਰਵਾਇਤੀ ਫਸਲਾਂ ਦੇ ਚੱਕਰ ਵਿੱਚ ਬਾਹਰ ਨਿਕਲਣ ਤੇ ਮੂਲ ਅਨਾਜਾਂ ਦੀ ਖੇਤੀ ਕਰਨ। ਇਸ ਮੌਕੇ ਸੰਦੀਪ ਸਿੰਘ ਪ੍ਰੋਜੈਕਟ ਡਾਇਰੈਕਟਰ ਆਤਮਾ, ਕੁਲਵਿੰਦਰ ਸਿੰਘ ਬਲਾਕ ਟੈਕਨਾਲੋਜੀ ਮੈਨੇਜਰ ਬਟਾਲਾ ਤੇ ਹਰਗੁਰਨੇਕ ਸਿੰਘ ਸਹਾਇਕ ਟੈਕਨਾਲੋਜੀ ਮੈਨੇਜਰ ਵੀ ਮੌਜੂਦ ਸਨ।

# ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰੇ ਪੰਜਾਬ ਸਰਕਾਰ: ਗੁਰਜੰਟ ਕੋਕਰੀ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)- ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੇ ਸੂਬਾ ਕਨਵੀਨਰ ਗੁਰਜੰਟ ਸਿੰਘ ਕੋਕਰੀ, ਕੋ-ਕਨਵੀਨਰ ਟਹਿਲ ਸਿੰਘ ਸਰਾਭਾ, ਰਣਦੀਪ ਸਿੰਘ ਫਤਿਹਗੜ੍ਹ ਸਾਹਿਬ, ਕੰਵਲਜੀਤ ਸਿੰਘ ਰੋਪੜ, ਦਰਸ਼ੀ ਕਾਂਤ ਰਾਜਪੁਰਾ, ਡਿੰਪਲ ਰੁਹੇਲਾ, ਮਨਦੀਪ ਸਰਥਲੀ ਰੋਪੜ ਵੱਲੋਂ ਸਾਂਝਾ ਬਿਆਨ ਜਾਰੀ ਕਰਦੇ ਹੋਏ ਪੰਜਾਬ ਸਰਕਾਰ ਨੂੰ ਪੁਰਜ਼ੋਰ ਅਪੀਲ ਕੀਤੀ ਗਈ ਕਿ 28 ਅਗਸਤ ਦੀ ਪੰਜਾਬ ਕੈਬਨਿਟ ਮੀਟਿੰਗ ਵਿੱਚ 1972 ਦੇ ਪੈਨਸ਼ਨ ਨਿਯਮਾਂ ਅਨੁਸਾਰ ਪੁਰਾਣੀ ਪੈਨਸ਼ਨ ਸਕੀਮ ਅਮਲੀ ਰੂਪ ਵਿਚ ਲਾਗੂ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣ। ਆਗੂਆਂ ਵੱਲੋਂ ਦੱਸਿਆ ਗਿਆ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਦੀਆਂ ਹੋਈਆਂ ਮੀਟਿੰਗਾਂ ਵਿੱਚ ਆਗੂਆਂ ਵੱਲੋਂ 1972 ਦੇ ਪੈਨਸ਼ਨ ਨਿਯਮਾਂ ਅਤੇ 1 ਜਨਵਰੀ 2004 ਤੋਂ ਪਹਿਲਾਂ ਚੱਲਦੀ ਪੈਨਸ਼ਨ ਸਕੀਮ ਇੰਨ-ਬਿੰਨ ਲਾਗੂ ਕਰਨ ਦੀ ਗੱਲ ਤੱਥਾਂ ਅਤੇ ਦਸਤਾਵੇਜ਼ਾਂ ਸਮੇਤ ਰੱਖੀ ਹੈ। ਇਸ ਤੋਂ ਉਪਰੰਤ 22 ਅਗਸਤ ਨੂੰ ਪੰਜਾਬ ਊਰਜਾ ਵਿਕਾਸ ਏਜੰਸੀ, ਚੰਡੀਗੜ੍ਹ ਵਿਖੇ ਕੈਬਨਿਟ ਸਬ ਕਮੇਟੀ ਮੈਂਬਰ ਕੁਲਦੀਪ ਸਿੰਘ ਧਾਲੀਵਾਲ ਕੈਬਨਿਟ ਮੰਤਰੀ ਨਾਲ ਮੀਟਿੰਗ ਵਿੱਚ ਜਲਦੀ ਤੋਂ ਜਲਦੀ ਜਨਵਰੀ 2004 ਤੋਂ ਬਾਅਦ ਨਿਯੁਕਤ ਸਮੂਹ ਮੁਲਾਜ਼ਮਾਂ ਉੱਪਰ ਪੁਰਾਣੀ ਪੈਨਸ਼ਨ ਸਕੀਮ ਅਮਲੀ ਰੂਪ ਵਿੱਚ ਲਾਗੂ ਕਰਨ ਅਤੇ ਐਨਪੀਐਸ ਦੀ ਕਟੌਤੀ ਬੰਦ ਕਰਕੇ ਜੀਪੀਐੱਫ ਕਟੌਤੀ ਸ਼ੁਰੂ ਕਰਨ ਦੀ ਜ਼ੋਰਦਾਰ ਮੰਗ ਰੱਖੀ। ਜਦੋਂ ਵੀ ਪੰਜਾਬ ਸਰਕਾਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰ ਦਿੰਦੀ ਹੈ ਤਾਂ ਪੰਜਾਬ ਦੇ ਮੁਲਾਜ਼ਮਾਂ ਦਾ ਜੀਪੀਐਫ ਲਗਭਗ 180 ਕਰੋੜ ਰੁਪਏ ਮਹੀਨਾ ਕਟੌਤੀ ਉਪਰੰਤ ਪੰਜਾਬ ਸਰਕਾਰ ਦੇ ਖਜ਼ਾਨੇ ਵਿੱਚ ਆਵੇਗਾ ਅਤੇ ਪੰਜਾਬ ਸਰਕਾਰ ਦਾ ਐਨਪੀਐਸ ਕਟੌਤੀ ਦਾ 14% ਸ਼ੇਅਰ ਲਗਭਗ 190 ਕਰੋੜ ਪੰਜਾਬ ਸਰਕਾਰ ਦੇ ਖਜਾਨੇ ਵਿੱਚ ਹੀ ਰਹੇਗਾ ਜਿਸ ਨਾਲ ਸਾਨੂੰ ਲਗਭਗ 4000 ਕਰੋੜ ਸਾਲਾਨਾ ਦਾ ਮਾਲੀਆ ਇਕੱਠਾ ਹੋਵੇਗਾ। ਮੋਰਚੇ ਵੱਲੋਂ ਰੱਖੇ ਗਏ ਤੱਥਾਂ ਭਰਪੂਰ ਪੱਤਰਾਂ ਅਤੇ ਵੇਰਵੇ ਉਤੇ ਕੈਬਿਨੇਟ ਮੰਤਰੀ ਵੱਲੋਂ ਹਾਂ ਪੱਖੀ ਹੁੰਗਾਰਾ ਭਰਿਆ ਸੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁਲਾਜਮਾਂ ਲਈ ਪੁਰਾਣੀ ਪੈਨਸਨ ਸਕੀਮ 100% ਲਾਗੂ ਕਰਨੀ ਹੈ।

ਆਗੂਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਜਨਵਰੀ 2004 ਤੋਂ ਬਾਅਦ ਨਿਯੁਕਤ ਮੁਲਾਜ਼ਮਾਂ ਦੀ ਜੀਪੀਐੱਫ ਕਟੌਤੀ ਸ਼ੁਰੂ ਨਾ ਕੀਤੀ ਤਾਂ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਵੱਲੋਂ 1 ਸਤੰਬਰ ਤੋਂ 15 ਸਤੰਬਰ ਤੱਕ ਪੂਰੇ ਪੰਜਾਬ ਵਿਚ 'ਪੁਰਾਣੀ ਪੈਨਸ਼ਨ ਲਾਗੂ ਕਰੋ, ਐਨ.ਪੀ.ਐਸ. ਕਟੌਤੀ ਬੰਦ ਕਰੋ, ਜੀ.ਪੀ.ਐਫ. ਕਟੌਤੀ ਸ਼ੁਰੂ ਕਰੋ' ਮੁਹਿਮ ਸ਼ੁਰੂ ਕੀਤੀ ਜਾਵੇਗੀ ਜਿਸ ਅਧੀਨ ਪੂਰੇ ਪੰਜਾਬ ਵਿੱਚ ਬਲਾਕਾਂ, ਤਹਿਸੀਲਾਂ, ਡੀਪੂਆਂ, ਦਫਤਰਾਂ ਵਿੱਚ ਐਕਸ਼ਨ ਕੀਤੇ ਜਾਣਗੇ ਜਿਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

# ਸਿਲਾਈ ਮਸ਼ੀਨਾਂ ਵੰਡੀਆਂ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਪੰਜਾਬ ਸਰਕਾਰ ਵੱਲੋਂ ਜ਼ਰੂਰਤਮੰਦ ਲੜਕੀਆਂ ਨੂੰ ਆਤਮ-ਨਿਰਭਰ ਬਨਾਉਣ ਲਈ ਚਲਾਏ ਜਾ ਰਹੇ ਮਿਸ਼ਨ ਤਹਿਤ ਪਿੰਡ ਰਾਊਵਾਲ ਵਿਖੇ ਆਦਰਸ਼ ਸੋਸ਼ਲ ਵੈੱਲਫੇਅਰ ਐਂਡ ਐਜੂਕੇਸ਼ਨ ਸੁਸਾਇਟੀ ਵੱਲੋਂ ਚਲਾਏ ਗਏ 6 ਮਹੀਨੇ ਦੀ ਟ੍ਰੇਨਿੰਗ ਕਟਿੰਗ ਅਤੇ ਟੇਲਰਿੰਗ ਪ੍ਰੋਗਰਾਮ ਦੇ ਆਖਰੀ ਦਿਨ 25 ਜ਼ਰੂਰਤਮੰਦ ਲੜਕੀਆਂ ਨੂੰ ਮੁਫ਼ਤ ਸਿਲਾਈ ਮਸ਼ੀਨਾਂ ਤੇ ਸਰਟੀਫਿਕੇਟ ਵੰਡੇ ਗਏ। ਇਸ ਸਮਾਗਮ ਵਿੱਚ ਦੀਨਾਨਗਰ ਤੋਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ। ਲੜਕੀਆਂ ਨੂੰ ਸਿਲਾਈ ਮਸ਼ੀਨਾਂ ਤੇ ਸਰਟੀਫਿਕੇਟ ਵੰਡਣ ਮੌਕੇ ਸੰਬੋਧਨ ਕਰਦਿਆਂ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਲੜਕੀਆਂ ਅੱਜ ਹਰ ਖੇਤਰ ਵਿਚ ਮੱਲਾਂ ਮਾਰ ਰਹੀਆਂ ਹਨ। ਪੰਜਾਬ ਸਰਕਾਰ ਵੱਲੋਂ ਲੜਕੀਆਂ ਨੂੰ ਆਤਮ-ਨਿਰਭਰ ਬਣਾਉਣ ਲਈ ਕਈ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਲੜਕੀਆਂ ਆਪਣਾ ਸਵੈ-ਰੋਜ਼ਗਾਰ ਹਾਸਿਲ ਕਰ ਸਕਣ। ਇਸ ਮੌਕੇ ਇੰਦਰਜੀਤ ਕੌਰ ਕੋਆਰਡੀਨੇਟਰ, ਪ੍ਰਿੰ. ਸੁਖਦੇਵ ਰਾਜ, ਸਰਕਲ ਪ੍ਰਧਾਨ ਸੋਮਰਾਜ, ਹੈੱਡਟੀਚਰ ਮੁਕੇਸ਼ ਸ਼ਰਮਾ, ਸੁਰਜੀਤ ਸਿੰਘ ਬੇਦੀ, ਦਿਲਬਾਗ ਸਿੰਘ, ਸੁਭਾਸ਼ ਸਿੰਘ, ਲਖਬੀਰ ਸਿੰਘ, ਅਨੂਪ ਸਿੰਘ ਆਦਿ ਹਾਜ਼ਰ ਸਨ।

# ਗਿੱਲਾਂਵਾਲੀ ਵਿਖੇ ਲੱਗਾ ਕਿਸਾਨ ਜਾਗਰੂਕਤਾ ਕੈਂਪ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਕਿਸਾਨਾਂ ਨੂੰ ਫਸਲਾਂ ਵਿਚ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਪੰਜਾਬ ਸਰਕਾਰ ਦੇ ਹੁਕਮਾਂ ਅਤੇ ਜ਼ਿਲ੍ਹਾ ਗੁਰਦਾਸਪੁਰ ਦੇ ਮੁੱਖ ਖੇਤੀਬਾੜੀ ਅਫਸਰ ਡਾ. ਕਿਰਪਾਲ ਸਿੰਘ ਢਿੱਲੋਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਿਸਾਨ ਭਲਾਈ ਵਿਭਾਗ ਵੱਲੋਂ ਬਲਾਕ ਡੇਰਾ ਬਾਬਾ ਨਾਨਕ ਦੇ ਪਿੰਡ ਗਿੱਲਾਂਵਾਲੀ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਫੀਲਡ ਅਫਸਰ ਮੈਡਮ ਅਰਸਦੀਪ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਮੁੱਖ ਖੇਤੀਬਾੜੀ ਅਫਸਰ ਡਾ. ਕਿਰਪਾਲ ਸਿੰਘ ਢਿੱਲੋਂ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਜ਼ਿਲ੍ਹੇ ਅੰਦਰ ਪਰਾਨਾ ਪ੍ਰਾਜੈਕਟ ਅਧੀਨ ਇਹ ਕਿਸਾਨ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਖੇਤਾਂ ਵਿਚ ਅੱਗ ਲਗਾਉਣ ਤੋਂ ਰੋਕਣ ਲਈ ਪੰਜਾਬ ਸਰਕਾਰ ਵੱਲੋਂ ਇਹ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ ਜਿਸ ਤਹਿਤ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ ਖੂੰਹਦ ਨੂੰ ਅੱਗ ਲਗਾਏ ਬਗੈਰ ਨਿਪਟਾਉਣ ਤੇ ਤਰੀਕੇ ਦੱਸੇ ਜਾ ਰਹੇ ਹਨ ਅਤੇ ਨਾਲ ਹੀ ਕਿਸਾਨਾਂ ਨੂੰ ਇਸ ਹੋਣ ਵਾਲੇ ਨੁਕਸਾਨਾਂ ਤੋਂ ਵੀ ਜਾਣੂ ਕਰਵਾਇਆ ਜਾ ਰਿਹਾ। ਉਨ੍ਹਾਂ ਦੱਸਿਆ ਕਿ ਖੇਤਾਂ ਵਿਚ ਰਹਿੰਦ ਖੂੰਹਦ ਨੂੰ ਅੱਗ ਲਗਾਏ ਬਗੈਰ ਹੀ ਨਿਪਟਾਉਣ ਨਾਲ ਖੇਤਾਂ ਦੇ ਉਪਜਾਊਪਨ ਵਿਚ ਵਾਧਾ ਹੁੰਦਾ ਹੈ ਅਤੇ ਜੇਕਰ ਕਿਸਾਨ ਪਰਾਲੀ ਨੂੰ ਇਕੱਤਰ ਕਰਕੇ ਵੇਚ ਦੇਣ ਤਾਂ ਇਸ ਤੋਂ ਵਾਧੂ ਆਮਦਨ ਵੀ ਲਈ ਜਾ ਸਕਦੀ ਹੈ ਪਰ ਦੂਜੇ ਪਾਸੇ ਜੇਕਰ ਕਿਸਾਨ ਖੇਤਾਂ ਵਿਚ ਰਹਿੰਦ ਖੂੰਹਦ ਨੂੰ ਅੱਗ ਲਗਾ ਦਿੰਦੇ ਹਨ ਤਾਂ ਵਾਤਾਵਰਣ ਦੂਸ਼ਿਤ ਹੋਣ ਸਮੇਤ ਕਈ ਨੁਕਸਾਨ ਹੁੰਦੇ ਹਨ ਅਤੇ ਅੱਗ ਲਗਾਉਣ ਨਾਲ ਸਾਡੇ ਮਿੱਤਰ ਕੀੜੇ ਅਤੇ ਪੰਛੀ ਵੀ ਮਰ ਜਾਂਦੇ ਜਿਸ ਨਾਲ ਸਾਡੀਆਂ ਫਸਲਾਂ ਦੇ ਨਾਲ ਮਨੁੱਖੀ ਬਿਮਾਰੀਆਂ ਵਿੱਚ ਵੀ ਕਾਫੀ ਵਾਧਾ ਹੁੰਦਾ ਹੈ।

ਇਸ ਲਈ ਵਿਭਾਗ ਵੱਲੋਂ ਵੱਖ ਵੱਖ ਪਿੰਡਾਂ ਵਿੱਚ ਕੈਂਪ ਲਗਾ ਕੇ ਕਿਸਾਨਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਜਿਹੜੇ ਥਾਵਾਂ 'ਤੇ ਪਿਛਲੇ ਸਮੇਂ ਵਿਚ ਜ਼ਿਆਦਾ ਕਿਸਾਨਾਂ ਨੇ ਖੇਤਾਂ ਵਿਚ ਅੱਗ ਲਗਾਈ ਸੀ, ਉਨ੍ਹਾਂ ਪਿੰਡਾਂ ਵਿਚ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ।

ਇਸ ਮੌਕੇ ਮੈਡਮ ਅਰਸ਼ਦੀਪ ਕੌਰ, ਖੇਤੀ ਦੂਤ ਟੇਕ ਸਿੰਘ, ਗੁਰਪ੍ਰਤਾਪ ਸਿੰਘ, ਨਿਸ਼ਾਨ ਸਿੰਘ ਤੇ ਸੁਖਰਾਜ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

# ਕਿਸਾਨ ਪ੍ਰੀਤਮ ਸਿੰਘ ਦੀ ਮੌਤ ਲਈ ਸੂਬਾ ਸਰਕਾਰ ਜ਼ਿੰਮੇਵਾਰ: ਕੰਬੋਕੇ, ਕਲਸੀਆਂ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)-ਫਸਲਾਂ ਦੇ ਖਰਾਬੇ 'ਤੇ ਮੁਆਵਜ਼ਾ ਲੈਣ ਲਈ ਚੰਡੀਗੜ੍ਹ ਵੱਲ ਮਾਰਚ ਕਰ ਰਹੇ ਕਿਸਾਨਾਂ ਤੇ ਲੌਂਗੋਵਾਲ ਵਿਖੇ ਕੀਤੇ ਤਸ਼ੱਦਦ ਦੌਰਾਨ ਸੰਗਰੂਰ ਜ਼ਿਲ੍ਹੇ ਦੇ ਪਿੰਡ ਮੰਡੇਰ ਦੇ ਕਿਸਾਨ ਪ੍ਰੀਤਮ ਦੀ ਮੌਤ ਦਾ ਭਗਦੜ ਮਗਰੋਂ ਟਰਾਲੀ ਹੇਠਾਂ ਆ ਕੇ ਦਮ ਤੋੜਨਾ ਮੰਦਭਾਗੀ ਘਟਨਾ ਹੈ। ਕਿਸਾਨ ਪ੍ਰੀਤਮ ਸਿੰਘ ਦੀ ਮੌਤ ਲਈ ਪੰਜਾਬ ਸਰਕਾਰ ਜ਼ਿੰਮੇਵਾਰ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ (ਅੰਬਾਵਤਾ) ਦੇ ਜ਼ਿਲ੍ਹਾ ਤਰਨ ਤਾਰਨ ਤੋਂ ਪ੍ਰਧਾਨ ਪੰਜਾਬ ਸਿੰਘ ਕੰਬੋਕੇ ਅਤੇ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਤਰਨ ਤਾਰਨ ਤੋਂ ਪ੍ਰਧਾਨ ਤਰਸੇਮ ਸਿੰਘ ਕਲਸੀਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਪਰੋਕਤ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਕੋਝੀਆਂ ਚਾਲਾਂ ਚੱਲ ਕੇ ਕਿਸਾਨਾਂ ਦੀ ਆਵਾਜ਼ ਨੂੰ ਦੱਬਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਕਿਸਾਨਾਂ ਨੂੰ ਫੜ ਕੇ ਜੇਲ੍ਹਾਂ ਵਿੱਚ ਡੱਕਣਾ ਕਿਸਾਨ ਵਿਰੋਧੀ ਹੋਣ ਦਾ ਸਬੂਤ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਕੁਦਰਤੀ ਆਫਤਾਂ ਦੀ ਮਾਰ ਝੱਲ ਰਹੇ ਕਿਸਾਨਾਂ ਦੀ ਮਦਦ ਕਰਨ ਦੀ ਬਜਾਏ ਉਨ੍ਹਾਂ 'ਤੇ ਅੱਤਿਆਚਾਰ ਕਰ ਰਹੀ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਸ਼ਾਂਤਮਈ ਢੰਗ ਨਾਲ ਵਿਰੋਧ ਪ੍ਰਦਰਸ਼ਨ ਕਰਨਾ ਕਿਸਾਨਾਂ ਦਾ ਸੰਵਿਧਾਨਕ ਅਧਿਕਾਰ ਹੈ। ਆਗੂਆਂ ਨੇ 'ਆਪ' ਸਰਕਾਰ ਨੂੰ ਚੋਣਾਂ ਦੌਰਾਨ ਕੀਤੇ ਵਾਅਦੇ ਯਾਦ ਕਰਾਉਂਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੂੰ ਹੋਰਨਾਂ ਸੂਬਿਆਂ 'ਚ ਸਿਆਸੀ ਰੈਲੀਆਂ ਕਰਨ ਦੀ ਥਾਂ ਆਪਣੇ ਸੂਬੇ ਦੇ ਮਸਲਿਆਂ ਵੱਲ ਧਿਆਨ ਦੇਣਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਸਰਕਾਰ ਨੂੰ ਪਾਣੀ ਦੀ ਮਾਰ ਹੇਠਾਂ ਆਏ ਕਿਸਾਨਾਂ ਨੂੰ ਜਲਦੀ ਤੋਂ ਜਲਦੀ ਮੁਆਵਜ਼ਾ ਦੇਣਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਨੂੰ ਲੌਂਗੋਵਾਲ ਵਿੱਚ ਸ਼ਹੀਦ ਹੋਏ ਕਿਸਾਨ ਦੇ ਪਰਿਵਾਰ ਨੂੰ ਯੋਗ ਮੁਆਵਜ਼ਾ ਅਤੇ ਸਰਕਾਰੀ ਨੌਕਰੀ ਦੇਣ ਦੀ ਅਪੀਲ ਕੀਤੀ। ਇਸ ਮੌਕੇ ਸਿਕੰਦਰ ਸਿੰਘ ਦਰਾਜਕੇ, ਰਾਜਾ ਸਿੰਘ ਦਰਾਜਕੇ, ਹਰਜਿੰਦਰ ਸਿੰਘ ਪਹਿਲਵਾਨ, ਗੁਰਦੇਵ ਸਿੰਘ ਕੰਬੋਕੇ, ਹਰਚਰਨ ਸਿੰਘ ਖਾਲੜਾ, ਹਰਜੀਤ ਕੁਮਾਰ ਖਾਲੜਾ, ਸੁਖਦੇਵ ਸਿੰਘ ਸੁੱਖ ਮਾੜੀਮੇਘਾ, ਸਤਿਨਾਮ ਕਾਲਾ ਅਮਰਕੋਟ, ਗੁਰਬੀਰ ਸਿੰਘ ਕੰਬੋਕੇ, ਸਕੱਤਰ ਸਿੰਘ ਕੰਬੋਕੇ, ਸਤਨਾਮ ਸਿੰਘ ਕੰਬੋਕੇ, ਬਿਕਰਮਜੀਤ ਸਿੰਘ ਭਿੱਖੀਵਿੰਡ, ਪਲਵਿੰਦਰ ਸਿੰਘ ਭਗਵਾਨਪੁਰਾ, ਹਰਦਿਆਲ ਸਿੰਘ ਭੈਣੀ ਆਦਿ ਹਾਜ਼ਰ ਸਨ।

# ਤਰਨਜੀਤ ਸਿੰਘ ਸੰਧੂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਨਤਮਸਤਕ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੇ ਅਮਰੀਕਾ 'ਚ ਭਾਰਤੀ ਅੰਬੈਸਡਰ ਤਰਨਜੀਤ ਸਿੰਘ ਸੰਧੂ ਨੂੰ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵੱਡ, ਸਕੱਤਰ ਪ੍ਰਤਾਪ ਸਿੰਘ ਤੇ ਹੋਰ ਅਧਿਕਾਰੀਆਂ ਨੇ ਸਨਮਾਨਿਤ ਕੀਤਾ। ਇਸ ਦੌਰਾਨ ਤਰਨਜੀਤ ਸਿੰਘ ਸੰਧੂ ਨੇ ਆਪਣੇ ਦਾਦੇ ਦੇ ਨਾਂ 'ਤੇ ਬਣੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਪੁੱਜ ਕੇ ਆਪਣੇ ਪੁਰਖਿਆਂ ਦੀ ਯਾਦ ਤਾਜ਼ਾ ਕੀਤੀ। ਸ. ਸੰਧੂ ਨੇ ਆਖਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੁੱਚੀ ਮਨੁੱਖਤਾ ਲਈ ਆਸਥਾ ਦਾ ਕੇਂਦਰ ਹੈ, ਜਿਥੋਂ ਮਨੁੱਖ ਨੂੰ ਰੂਹਾਨੀ ਸ਼ਕਤੀ ਮਿਲਦੀ ਹੈ।

ਉਹ ਵੀ ਹਰ ਸਾਲ ਗੁਰੂ ਸਾਹਿਬ ਦਾ ਆਸ਼ੀਰਵਾਦ ਲੈਣ ਲਈ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜਦੇ ਹਨ। ਸ਼੍ਰੋਮਣੀ ਕਮੇਟੀ ਨਾਲ ਉਨ੍ਹਾਂ ਦੇ ਪਰਿਵਾਰ ਦਾ ਗਹਿਰਾ ਰਿਸ਼ਤਾ ਹੈ। ਉਨ੍ਹਾਂ ਦੇ ਵਡੇਰੇ ਸ. ਤੇਜਾ ਸਿੰਘ ਸਮੁੰਦਰੀ ਨੇ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਸਮੇਂ ਵੱਡਾ ਯੋਗਦਾਨ ਪਾਇਆ ਸੀ ਅਤੇ ਕਈ ਮੋਰਚਿਆਂ ਵਿਚ ਹਿੱਸਾ ਲਿਆ। ਸਾਡੇ ਪਰਿਵਾਰ ਲਈ ਇਹ ਮਾਣ ਵਾਲੀ ਗੱਲ ਹੈ ਕਿ ਜਥੇਦਾਰ ਤੇਜਾ ਸਿੰਘ ਸਮੁੰਦਰੀ ਸਿੱਖ ਕੌਮ ਦੇ ਉੱਚ ਦੁਮਾਲੜੇ ਵਾਲੇ ਆਗੂ ਸਨ ਮੌਜੂਦਾ ਸਮਾਂ ਤਕਨਾਲੋਜੀ ਦਾ ਯੁੱਗ ਹੈ ਅਤੇ ਸਿੱਖ ਕੌਮ ਨੂੰ ਵੀ ਆਪਣੀਆਂ ਵਿਦਿਅਕ ਸੰਸਥਾਵਾਂ ਵਿੱਚ ਵਿਦਿਆਰਥੀਆਂ ਨੂੰ ਤਕਨੀਕੀ ਸਿੱਖਿਆ ਵਿਚ ਮਾਹਿਰ ਬਣਾਉਣ ਲਈ ਵਧੇਰੇ ਯਤਨ ਕਰਨੇ ਚਾਹੀਦੇ ਹਨ। ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਸਿੱਖ ਕੌਮ ਲਈ ਇਹ ਵੱਡਾ ਫ਼ਖ਼ਰ ਹੈ ਕਿ ਸਿੱਖ ਆਗੂ ਸ. ਤੇਜਾ ਸਿੰਘ ਸਮੁੰਦਰੀ ਦੇ ਪੋਤਰੇ ਤਰਨਜੀਤ ਸਿੰਘ ਸੰਧੂ ਅਮਰੀਕਾ ਵਿਚ ਭਾਰਤ ਦੇ ਰਾਜਦੂਤ ਵਜੋਂ ਨੁਮਾਇੰਦਗੀ ਕਰ ਰਹੇ ਹਨ।


YES BANK

Registered & Corporate Office : YES BANK House, Off Western Express Highway, Santacruze East, Mumbai-400055, CIN: L65190MH2003PLC143249, Email: communications@yesbank.in, Website: www.yesbank.in

**[(ਰੂਲ-8 (1)] ਸੰਕੇਤਕ ਕਬਜ਼ਾ ਨੋਟਿਸ**

ਜਦੋਂ ਕਿ ਨਿਮਨਹਸਤਾਖਰੀ ਨੇ ਯੈੱਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵੱਲੋਂ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ, 2002 (2002 ਦਾ 54) ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ (1) ਮੈਸ : ਰੂਬਲ ਐਂਬ੍ਰਾਇਡਰੀ ਰਾਹੀਂ ਇਸ ਦੇ ਮਾਲਕ ਸ੍ਰੀ ਜਸਵਿੰਦਰ ਸਿੰਘ ਪੁੱਤਰ ਖਜ਼ਾਨ ਸਿੰਘ, ਪਤਾ : ਸਾਈ ਹਸਪਤਾਲ ਗਲੀ, ਗਲੀ ਨੰ. 3, ਗੁਰੂ ਗੋਬਿੰਦ ਨਗਰ, ਟਿੱਬਾ ਰੋਡ, ਲੁਧਿਆਣਾ-140413, ਪਤਾ ਮਕਾਨ ਨੰ. 3596, ਗਲੀ ਨੰ. ਬੀ-4, ਗੋਬਿੰਦ ਨਗਰ, ਮੁੰਡੀਆਂ ਕਲਾਂ, ਲੁਧਿਆਣਾ-141015 ("ਕਰਜ਼ਦਾਰ") (2) ਸ੍ਰੀ ਜਸਵਿੰਦਰ ਸਿੰਘ ਪੁੱਤਰ ਖਜ਼ਾਨ ਸਿੰਘ ਪਤਾ ਮਕਾਨ ਨੰ. 3596, ਗਲੀ ਨੰ. ਬੀ-4, ਗੋਬਿੰਦ ਨਗਰ, ਮੁੰਡੀਆਂ ਕਲਾਂ, ਲੁਧਿਆਣਾ-141015 ਪਤਾ : ਸਾਈ ਹਸਪਤਾਲ ਗਲੀ, ਗਲੀ ਨੰ. 3, ਗੁਰੂ ਗੋਬਿੰਦ ਨਗਰ, ਟਿੱਬਾ ਰੋਡ, ਲੁਧਿਆਣਾ-14041 ("ਸਹਿ-ਕਰਜ਼ਦਾਰ) (3), ਸ੍ਰੀਮਤੀ ਹਰਪ੍ਰੀਤ ਕੌਰ ਪਤਨੀ ਸ੍ਰੀ ਜਸਵਿੰਦਰ ਸਿੰਘ ਪਤਾ : ਮਕਾਨ ਨੰ. 3596, ਗਲੀ ਨੰ. ਬੀ-4, ਗੋਬਿੰਦ ਨਗਰ, ਮੁੰਡੀਆਂ ਕਲਾਂ, ਲੁਧਿਆਣਾ-141015 (ਸਹਿ-ਕਰਜ਼ਦਾਰ/ਰਹਿਣਕਾਰ) (4) ਸ੍ਰੀ ਹੁਸਨਪ੍ਰੀਤ ਸਿੰਘ ਪੁੱਤਰ ਜਸਵਿੰਦਰ ਸਿੰਘ ਪਤਾ : ਮਕਾਨ ਨੰ. 3596, ਗਲੀ ਨੰ. ਬੀ-4, ਗੋਬਿੰਦ ਨਗਰ, ਮੁੰਡੀਆਂ ਕਲਾਂ, ਲੁਧਿਆਣਾ-141015 ("ਸਹਿ-ਕਰਜ਼ਦਾਰਾਂ") ਨੂੰ 16 ਮਈ 2023 ਨੂੰ ਬਕਾਇਆ ਰਕਮ ਰੁਪਏ 39,77,374.19/- (ਉਨਤਾਲੀ ਲੱਖ ਸੱਤਤਰ ਹਜ਼ਾਰ ਤਿੰਨ ਸੌ ਚੁਹੱਤਰ ਰੁਪਏ ਅਤੇ ਉੱਨੀ ਪੈਸੇ ਕੇਵਲ) ਸਮੇਤ 23 ਅਗਸਤ 2023 ਤੋਂ ਇਸ ਉੱਪਰ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ ਦੇ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਮਿਤੀ 18 ਮਈ 2023 ਨੂੰ ਜਾਰੀ ਅਤੇ 19 ਮਈ 2023 ਨੂੰ ਭੇਜਿਆ ਸੀ।

ਕਰਜ਼ਦਾਰ ਅਤੇ ਗਰੰਟਰ ਪੂਰੀ ਰਕਮ ਮੋੜਨ ਵਿੱਚ ਅਸਫਲ ਰਹੇ ਹਨ। ਕਰਜ਼ਦਾਰਾਂ, ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 23 ਅਗਸਤ 2023 ਨੂੰ ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰਾਂ, ਗਰੰਟਰਾਂ ਨੂੰ ਖਾਸ ਕਰ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਕਿ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ 16 ਮਈ 23 ਨੂੰ ਬਕਾਇਆ ਰਕਮ ਰੁਪਏ 39,77,374.19/- (ਉਨਤਾਲੀ ਲੱਖ ਸੱਤਤਰ ਹਜ਼ਾਰ ਤਿੰਨ ਸੌ ਚੁਹੱਤਰ ਰੁਪਏ ਅਤੇ ਉੱਨੀ ਪੈਸੇ ਕੇਵਲ) ਇਸ ਉਪਰ ਵਿਆਜ ਅਤੇ ਲਾਗਤਾਂ ਯੈੱਸ ਬੈਂਕ ਦੀ ਵਸੂਲੀ ਹੇਠ ਹੋਵੇਗੀ। ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਰਹਿਣ ਕੀਤੀ ਅਚੱਲ ਜਾਇਦਾਦ ਦਾ ਵੇਰਵਾ**

| ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਰਹਿਣਕਾਰ |
|---|---|
| ਪਲਾਟ ਐੱਮ ਸੀ ਨੰ. ਬੀ-31 -1136/131/246 (ਟੀ ਐੱਸ ਫਾਰਮ 1 ਅਨੁਸਾਰ ਸਾਲ 2019-2020 ਵਾਸਤੇ) ਜਾਇਦਾਦ ਰਕਬਾ 150 ਵਰਗ ਗਜ਼, ਖਸਰਾ ਨੰ. 3, ਖੱਤਾ ਨੰ. 26/34, ਸਫਾ ਨੰ. 40, ਜਮ੍ਹਾਂਬੰਦੀ ਸਾਲ 2004-2005/(ਖੱਤਾ ਨੰ. 32/36 ਸਫਾ ਨੰ. 49, ਜਮ੍ਹਾਂਬੰਦੀ ਸਾਲ 2009-2010) ਪਿੰਡ ਮੁੰਡੀਆਂ ਕਲਾਂ, ਹਦਬਸਤ ਨੰ. 179, ਅਬਾਦੀ ਗੋਬਿੰਦ ਨਗਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। | ਸ੍ਰੀਮਤੀ ਹਰਪ੍ਰੀਤ ਕੌਰ ਪਤਨੀ ਸ੍ਰੀ ਜਸਵਿੰਦਰ ਸਿੰਘ |

ਮਿਤੀ : 23 ਅਗਸਤ 2023
ਸਥਾਨ : ਲੁਧਿਆਣਾ

ਸ੍ਰੀ ਗੌਰਵ ਮਹਾਜਨ
ਅਧਿਕਾਰਤ ਅਫਸਰ
ਵਾਸਤੇ ਯੈੱਸ ਬੈਂਕ ਲਿਮਟਿਡ

# ਨਵੀਂ ਪੀੜ੍ਹੀ ਵਿਦੇਸ਼ ਨਹੀਂ ਇੱਥੇ ਦੇਸ਼ ਦੀ ਤਰੱਕੀ 'ਚ ਯੋਗਦਾਨ ਪਾਵੇ : ਅਨੀਤਾ ਦਰਸ਼ੀ




**ਮੋਗਾ**—ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਨੀਤਾ ਦਰਸ਼ੀ ਨੇ ਕਿਹਾ ਕਿ ਸਾਡੀ ਨਵੀਂ ਪੀੜ੍ਹੀ ਨੂੰ ਨੌਕਰੀਆਂ ਕਰਨ ਲਈ ਵਿਦੇਸ਼ ਜਾਣ ਦੀ ਬਜਾਏ ਆਪਣੇ ਸੂਬੇ ਪੰਜਾਬ ਵਿੱਚ ਰਹਿ ਕੇ ਆਪਣੇ ਕਾਰੋਬਾਰ ਕਰਨੇ ਚਾਹੀਦੇ ਹਨ। ਉਨ੍ਹਾਂ ਨੂੰ ਆਪਣਾ ਕਾਰੋਬਾਰ ਖੋਲ੍ਹਣ ਲਈ ਸਰਕਾਰ ਵੱਲੋਂ ਰਿਆਇਤੀ ਦਰਾਂ ਉੱਤੇ ਕਰਜਾ ਦਿੱਤਾ ਜਾਵੇਗਾ। ਅਜਿਹਾ ਕਰਨ ਨਾਲ ਜਿੱਥੇ ਉਹ ਆਪਣੇ ਮਾਤਾ-ਪਿਤਾ ਅਤੇ ਪਰਵਾਰ ਨਾਲ ਰਹਿ ਕੇ ਉਨ੍ਹਾਂ ਦੀ ਦੇਖਭਾਲ ਕਰ ਸਕਣਗੇ, ਉੱਥੇ ਹੀ ਉਹ ਆਪਣੇ ਸੂਬੇ ਅਤੇ ਦੇਸ਼ ਦੀ ਤਰੱਕੀ ਵਿੱਚ ਵੀ ਆਪਣਾ ਯੋਗਦਾਨ ਪਾ ਸਕਣਗੇ। ਉਨ੍ਹਾਂ ਨੇ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰਾਲਾ ਵੱਲੋਂ ਇਥੇ ਅੰਬੇਦਕਰ ਭਵਨ ਵਿਖੇ '9 ਸਾਲ-ਸੇਵਾ, ਸੁਸਾਸਨ, ਗਰੀਬ ਕਲਿਆਣ' ਸਿਰਲੇਖ ਹੇਠ ਚਲ ਰਹੀ ਤਿੰਨ ਰੋਜਾ ਫੋਟੋ ਪ੍ਰਦਰਸਨੀ ਦੇ ਦੂਜੇ ਦਿਨ ਸ਼ਿਰਕਤ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਉਦਯੋਗ ਕੇਂਦਰ ਦੇ ਜਨਰਲ ਮੈਨੇਜਰ ਸੁਖਵਿੰਦਰ ਸਿੰਘ ਲੇਖੀ, ਨਾਬਾਰਡ ਦੇ ਜ਼ਿਲ੍ਹਾ ਮੈਨੇਜਰ ਰਸੀਦ ਲੇਖੀ ਅਤੇ ਮੰਤਰਾਲਾ ਦੇ ਖੇਤਰੀ ਪ੍ਰਚਾਰ ਅਧਿਕਾਰੀ ਅਤੇ ਇਸ ਪ੍ਰਦਰਸ਼ਨੀ ਦੇ ਨੋਡਲ ਅਫਸਰ ਰਾਜੇਸ਼ ਬਾਲੀ ਵੀ ਹਾਜਰ ਸਨ। ਜ਼ਿਲ੍ਹਾ ਉਦਯੋਗ ਕੇਂਦਰ ਦੇ ਜਨਰਲ ਮੈਨੇਜਰ ਸੁਖਵਿੰਦਰ ਸਿੰਘ ਲੇਖੀ ਨੇ ਹਾਜਰ ਨੌਜਵਾਨਾਂ ਅਤੇ ਆਮ ਲੋਕਾਂ ਨੂੰ ਕਿਹਾ ਕਿ ਉਹ ਆਪਣਾ ਕਾਰੋਬਾਰ ਸ਼ੁਰੂ ਕਰਨ ਅਤੇ ਸਿਖਲਾਈ ਲੈਣ ਲਈ ਉਨ੍ਹਾਂ ਦੇ ਵਿਭਾਗ ਨਾਲ ਸੰਪਰਕ ਕਰਨ, ਉੱਥੇ ਹੀ ਨਾਬਾਰਡ ਦੇ ਜ਼ਿਲ੍ਹਾ ਮੈਨੇਜਰ ਰਸੀਦ ਲੇਖੀ ਨੇ ਸਬਸਿਡੀ ਵਾਲੇ ਕਰਜੇ ਬਾਰੇ ਜਾਣਕਾਰੀ ਦਿੰਦੇ ਹੋਏ ਬੱਚਤ ਕਰਨ ਦੇ ਤਰੀਕਿਆਂ ਬਾਰੇ ਵੀ ਸੁਝਾਅ ਦਿੱਤੇ। ਇਸ ਦੌਰਾਨ ਗਿੱਧੇ ਅਤੇ ਗੀਤਾਂ ਦੀ ਸ਼ਾਨਦਾਰ ਪੇਸ਼ਕਾਰੀ ਦੇ ਨਾਲ-ਨਾਲ ਕੁਇਜ ਮੁਕਾਬਲਾ ਵੀ ਕਰਵਾਇਆ ਗਿਆ ਅਤੇ ਜੇਤੂਆਂ ਨੂੰ ਇਨਾਮ ਵੀ ਦਿੱਤੇ ਗਏ। ਇਸ ਮਗਰੋਂ ਦੇਸ ਵਿਆਪੀ 'ਮੇਰੀ ਮਾਤਾ ਮੇਰਾ ਦੇਸ਼' ਮੁਹਿੰਮ ਤਹਿਤ ਭਾਰਤ ਦੇ ਨਾਇਕਾਂ ਨੂੰ ਯਾਦ ਕਰਦਿਆਂ ਵਸੁਧਾ ਵੰਦਨ ਤਹਿਤ ਅਨੀਤਾ ਦਰਸ਼ੀ ਅਤੇ ਰਾਜੇਸ਼ ਬਾਲੀ ਸਮੇਤ ਲਾਇਨਜ ਕਲੱਬ ਮੋਗਾ ਸੈਂਟਰਲ ਦੇ ਸਕੱਤਰ ਅਤੇ ਐਨ.ਜੀ.ਓ ਸਰਨ ਫਾਉਂਡੇਸਨ ਦੇ ਚੇਅਰਮੈਨ ਐਸ.ਕੇ.ਬਾਂਸਲ ਅਤੇ ਹੋਰਨਾਂ ਮੈਂਬਰਾਂ ਨੇ ਵੱਖ-ਵੱਖ ਦੇਸੀ ਨਸਲਾਂ ਦੇ 75 ਬੂਟੇ ਲਗਾਏ।

# ਮੌਜੋਮਜਾਰਾ ਠੱਕਰਵਾਲ ਵਿਖੇ ਸਰਬੱਤ ਦੇ ਭਲੇ ਲਈ ਗੁਰਮਤ ਸਮਾਗਮ ਕਰਵਾਏ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਮੌਜੋਮਜਾਰਾ ਠੱਕਰਵਾਲ ਵਿਖੇ ਡੇਰਾ ਸੰਤਪੁਰੀ ਬ੍ਰਹਮ ਗਿਆਨੀ 108 ਸੰਤ ਬਾਬਾ ਦੂਲਾ ਸਿੰਘ ਜੀ ਦੇ ਤਪ ਅਸਥਾਨ ਤੇ ਸਮੂਹ ਨਗਰ ਨਿਵਾਸੀਆਂ, ਪ੍ਰਵਾਸੀ ਭਾਰਤੀਆ ਅਤੇ ਇਲਾਕੇ ਦੇ ਸਹਿਯੋਗ ਨਾਲ ਡੇਰੇ ਵੱਲੋਂ ਸਰਬੱਤ ਦੇ ਭਲੇ ਲਈ ਮਹਾਨ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਹਰਕ੍ਰਿਸ਼ਨ ਸਿੰਘ ਸੋਢੀ ਠੱਕਰਵਾਲ ਪ੍ਰਧਾਨ ਨਿਰਮਲਾ ਸੰਤ ਮੰਡਲ ਪੰਜਾਬ ਦੀ ਅਗਵਾਈ ਹੇਠ ਕਰਵਾਏ ਗਏ। ਇਸ ਮੌਕੇ ਬਾਬਾ ਸਰਬਜੀਤ ਸਿੰਘ ਸਾਬੀ, ਬਾਬਾ ਗੁਰਪ੍ਰੀਤ ਸਿੰਘ ਗੋਪੀ ਨੇ ਦੱਸਿਆ ਕਿ 03 ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਸੰਤ ਹਰਕ੍ਰਿਸ਼ਨ ਸਿੰਘ ਸੋਢੀ ਠੱਕਰਵਾਲ ਪ੍ਰਧਾਨ ਨਿਰਮਲਾ ਸੰਤ ਮੰਡਲ ਪੰਜਾਬ, ਸੰਤ ਬਾਬਾ ਜਸਵੰਤ ਸਿੰਘ ਖੇੜਾ ਠੱਕਰਵਾਲ, ਭਾਈ ਰਣਵੀਰ ਸਿੰਘ, ਭਾਈ ਸਤਨਾਮ ਸਿੰਘ ਸਹਿਗਲ, ਭਾਈ ਮਨਬੀਰ ਸਿੰਘ ਪਹੂਵਿੰਡ ਇੰਟਰਨੈਸ਼ਨਲ ਢਾਡੀ ਜੱਥਾ ਆਦਿ ਗੁਰਬਾਣੀ ਗੁਰਇਤਿਹਾਸ ਕਥਾ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਦੌਰਾਨ ਬੀਬੀ ਬਲਵੀਰ ਕੌਰ, ਹਰਜੋਤ ਕੌਰ, ਸਤਵੀਰ ਕੌਰ, ਗੁਰਪ੍ਰੀਤ ਸਿੰਘ, ਸਰਬਜੀਤ ਸਿੰਘ, ਰਣਵੀਰ ਸਿੰਘ, ਦਰਸ਼ਨ ਸਿੰਘ ਰਾਜਾ, ਜਸਵਿੰਦਰ ਸਿੰਘ ਜੱਸੀ, ਮਨਪ੍ਰੀਤ ਸਿੰਘ ਮਨੀ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ। ਇਸ ਮੌਕੇ ਸਮਾਗਮ ਦੌਰਾਨ ਚਾਹ ਪੌਕੜੇ ਅਤੇ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਗਏ। ਫੋਟੋ ਕੈਪਸ਼ਨ - ਪਿੰਡ ਮੌਜੋਮਜਾਰਾ ਠੱਕਰਵਾਲ ਵਿਖੇ ਸਰਬੱਤ ਦੇ ਭਲੇ ਸਮਾਗਮ ਦੌਰਾਨ ਭਾਈ ਮਨਬੀਰ ਸਿੰਘ ਪਹੂਵਿੰਡ ਇੰਟਰਨੈਸ਼ਨਲ ਢਾਡੀ ਜੱਥਾ ਵਾਰਾਂ ਗਾਇਨ ਕਰਦਾ ਹੋਇਆ।

# ਬੱਦੋਵਾਲ ਸਕੂਲ ਹਾਦਸੇ ਦੀ ਜੀ ਟੀ ਯੂ ਵੱਲੋਂ ਨਿਰਪੱਖ ਜਾਂਚ ਕੀਤੀ ਜਾਵੇ : ਚਾਹਲ



**ਫਿਲੌਰ (ਨਿਰਮਲ)**- ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਨੇ ਬੱਦੋਵਾਲ ( ਲੁਧਿਆਣਾ) ਦੇ ਸਕੂਲ ਵਿਖੇ ਵਾਪਰੇ ਦਰਦਨਾਕ ਹਾਦਸੇ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ । ਜਥੇਬੰਦੀ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਸੂਬਾ ਜਨਰਲ ਸਕੱਤਰ ਗੁਰਬਿੰਦਰ ਸਿੰਘ ਦੇ ਬਿਆਨ ਨੂੰ ਜਾਰੀ ਕਰਦਿਆਂ ਸੂਬਾਈ ਪ੍ਰੈਸ ਸਕੱਤਰ ਸੁਰਜੀਤ ਸਿੰਘ ਮੋਹਾਲੀ ਅਤੇ ਕਰਨੈਲ ਫਿਲੌਰ ਨੇ ਦੱਸਿਆ ਕਿ ਬੱਦੋਵਾਲ ਸਕੂਲ ਵਿਖੇ ਵਾਪਰੇ ਹਾਦਸੇ ਨੂੰ ਜਿਸ ਵਿੱਚ ਨੌਜਵਾਨ ਮਹਿਲਾ ਅਧਿਆਪਕਾ ਦੀ ਦਰਦਨਾਕ ਮੌਤ ਹੋਈ ਹੈ, ਜਿਸ ਨੂੰ ਮਹਿਜ ਇੱਕ ਅਚਾਨਕ ਵਾਪਰੀ ਦੁਰਘਟਨਾ ਨਾ ਕਰਾਰ ਦੇ ਕੇ ਕਤਲ ਦੀ ਮੰਨ ਕਿ ਜਾਂਚ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਤੋਂ ਮੰਗ ਕੀਤੀ ਹੈ ਕਿ ਹਾਦਸੇ ਪਿਛਲੇ ਦੋਸ਼ੀਆਂ ਨੂੰ ਕਿਸੇ ਤਰ੍ਹਾਂ ਵੀ ਬਖਸ਼ਿਆ ਨਾ ਜਾਵੇ ਅਤੇ ਉਨ੍ਹਾਂ ਖਿਲਾਫ ਮਿਸਾਲੀ ਕਾਨੂੰਨੀ ਕਾਰਵਾਈ ਕੀਤੀ ਜਾਵੇ । ਉਨ੍ਹਾਂ ਇਹ ਵੀ ਮੰਗ ਕੀਤੀ ਡਿਊਟੀ ਉੱਤੇ ਹਾਜਰ ਅਧਿਆਪਕਾ ਦੀ ਹੋਈ ਮੌਤ ਦੇਖਦਿਆਂ ਮ੍ਰਿਤਕ ਅਧਿਆਪਕਾ ਦੇ ਪਰਵਾਰ ਨੂੰ ਸ਼ਹੀਦਾਂ ਦੀ ਤਰ੍ਹਾਂ ਇੱਕ ਕਰੋੜ ਰੁਪਏ ਮੁਆਵਜਾ ਦਿੱਤਾ ਜਾਵੇ ਅਤੇ ਪਰਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਜਖਮੀ ਅਧਿਆਪਕਾਂ ਦਾ ਇਲਾਜ ਸਰਕਾਰੀ ਪੱਧਰ 'ਤੇ ਕਰਾਇਆ ਜਾਵੇ। ਇਸ ਸਮੇਂ ਤੀਰਥ ਸਿੰਘ ਬਾਸੀ, ਕੁਲਦੀਪ ਸਿੰਘ ਦੌੜਕਾ, ਮੰਗਲ ਟਾਂਡਾ, ਮਨੋਹਰ ਲਾਲ ਸ਼ਰਮਾ, ਗੁਰਦੀਪ ਬਾਜਵਾ, ਬਲਵਿੰਦਰ ਸਿੰਘ ਭੁੱਟੋ, ਕੁਲਦੀਪ ਸਿੰਘ ਪੂਰੋਵਾਲ, ਗੁਰਪ੍ਰੀਤ ਅੰਮੀਵਾਲ, ਜੱਜਪਾਲ ਬਾਜੇਕੇ, ਹਰਿੰਦਰ ਬਰਨਾਲਾ, ਗੁਰਦਾਸ ਮਾਨਸਾ, ਸੁਭਾਸ਼ ਪਠਾਨਕੋਟ, ਸੁਖਚੈਨ ਕਪੂਰਥਲਾ, ਬੋਧ ਰਾਜ, ਪ੍ਰਭਜੀਤ ਸਿੰਘ ਰਸੂਲਪੁਰ, ਦੇਵੀ ਦਿਆਲ, ਸਤਵੰਤ ਸਿੰਘ, ਪੁਸ਼ਪਿੰਦਰ ਹਰਪਾਲਪੁਰ, ਜਗਜੀਤ ਸਿੰਘ ਮਾਨ, ਸੁੱਚਾ ਸਿੰਘ, ਪਰਮਜੀਤ ਸਿੰਘ ਸ਼ੋਰੇਵਾਲ, ਦਿਲਦਾਰ ਸਿੰਘ ਭੰਡਾਲ, ਮਨਜੀਤ ਬਰਾੜ, ਸਰਬਜੀਤ ਬਰਾੜ, ਰਵਿੰਦਰ ਸਿੰਘ ਪੱਪੀ, ਨਰਿੰਦਰ ਸਿੰਘ, ਦਿਲਬਾਗ ਸਿੰਘ ਆਦਿ ਹਾਜਰ ਸਨ।

# ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵਿਖੇ ਧੂਮਧਾਮ ਨਾਲ ਮਨਾਇਆ ਤੀਆਂ ਦਾ ਤਿਉਹਾਰ




**ਜਲੰਧਰ - (ਸ਼ੈਲੀ ਐਲਬਰਟ)**-: ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵੱਲੋਂ ਤੀਆਂ ਦਾ ਤਿਓਹਾਰ ਧੂਮ ਧਾਮ ਨਾਲ ਮਨਾਇਆ ਗਿਆ। ਕੈਂਪਸ ਵਿਖੇ ਰੰਗ-ਬਿਰੰਗੀ ਸਜਾਵਟ ਨਾਲ ਤੀਜ ਦੀ ਰੌਣਕ ਦੇਖਣ ਯੋਗ ਸੀ । ਵੱਖਰੇ-ਵੱਖਰੇ ਖਾਣੇ ਦੇ ਸਟਾਲ, ਚੂੜੀਆਂ ਅਤੇ ਥੀਮ-ਅਧਾਰਿਤ ਸਜਾਵਟ ਦੇਖਣ ਨੂੰ ਮਿਲੀ।। ਕਲਚਰਲ ਡਿਪਾਰਟਮੈਂਟ ਵੱਲੋਂ ਸੱਭਿਆਚਾਰਕ ਝਲਕ ਗਿੱਧੇ ਰਾਹੀਂ ਪੇਸ਼ ਕੀਤੀ ਗਈ। ਸੀਟੀ ਮਿਊਜ਼ੀਕਲ ਸੋਸਾਇਟੀ ਨੇ ਸੁਰੀਲੇ ਗੀਤਾਂ ਨਾਲ ਤਿਉਹਾਰ ਦੀ ਰੌਣਕ ਨੂੰ ਚਾਰ ਚੰਨ ਲਗਾਏ । ਇਸ ਤੋਂ ਇਲਾਵਾ, ਮਹਿਲਾ ਫੈਕਲਟੀ ਮੈਂਬਰਾਂ ਨੇ ਸ਼ਾਨਦਾਰ ਰੈਂਪ ਵਾਕ ਰਾਹੀਂ ਪੰਜਾਬ ਦੇ ਰੰਗਾਂ ਨੂੰ ਪੇਸ਼ ਕੀਤਾ। ਇਸ ਸਮਾਗਮ ਵਿੱਚ ਹਲਕਾ ਨਕੋਦਰ ਦੀ ਵਿਧਾਇਕ ਇੰਦਰਜੀਤ ਕੌਰ ਮਾਨ ਅਤੇ ਪੰਜਾਬ ਸਟੇਟ ਕੰਟੇਨਰ ਐਂਡ ਵੇਅਰ ਹਾਊਸ ਕਾਰਪੋਰੇਸ਼ਨ ਲਿਮਟਿਡ ਦੀ ਚੇਅਰਮੈਨ ਰਾਜਵਿੰਦਰ ਕੌਰ ਥਿਆੜਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। । ਸੀਟੀ ਗਰੁੱਪ ਦੀ ਕੋ-ਚੇਅਰਪਰਸਨ ਪਰਮਿੰਦਰ ਕੌਰ ਚੰਨੀ, ਰਿਸਰਚ ਐਂਡ ਇਨੋਵੇਸ਼ਨ ਦੇ ਨਿਰਦੇਸ਼ਕ ਡਾ. ਧਾਮੀ ਅਤੇ ਕੋਰ ਟੀਮ ਮੈਂਬਰ ਸ਼੍ਰੀਮਤੀ ਤਨਿਕਾ ਚੰਨੀ ਸਮੇਤ ਇਸ ਮੌਕੇ ਖਾਸ ਤੌਰ 'ਤੇ ਪਹੁੰਚੇ।

# ਬੇਲਾ ਕਾਲਜ ਵਿਖੇ ਕੰਪਿਊਟਰ ਵਿਭਾਗ ਨੇ ਲਗਾਇਆ ਓਰੀਐਂਟੇਸ਼ਨ ਪ੍ਰੋਗਰਾਮ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦੇ ਪੋਸਟ ਗ੍ਰੈਜੂਏਟ ਕੰਪਿਊਟਰ ਵਿਭਾਗ ਵੱਲੋਂ ਸਮੂਹ ਕਲਾਸਾਂ ਦੇ ਪਹਿਲੇ ਸਾਲ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਚਾਰ ਰੋਜ਼ਾ ਓਰੀਏਨਟੇਸ਼ਨ ਪ੍ਰੋਗਰਾਮ ਕਰਵਾਇਆ ਗਿਆ। ਕਾਲਜ ਦੇ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਕਿਹਾ ਕਿ ਕਾਲਜ ਦੇ ਹਰੇਕ ਵਿਭਾਗ ਵੱਲੋਂ ਨਵੇਂ ਵਿਦਿਆਰਥੀਆਂ ਨੂੰ ਵਿੱਦਿਆ ਦੇ ਨਵੇਂ ਪੜਾਅ ਵਿੱਚ ਦਾਖਲ ਹੋਣ 'ਤੇ ਸੰਸਥਾ ਦੇ ਨਿਯਮਾਂ, ਚੁਣੇ ਕੋਰਸਾਂ ਦੀ ਮਹੱਤਤਾ ਅਤੇ ਇਸ ਦੀਆਂ ਭਵਿੱਖੀ ਸੰਭਾਵਨਾਵਾਂ ਆਦਿ ਸਬੰਧੀ ਵਿਸਤ੍ਰਿਤ ਰੂਪ ਵਿੱਚ ਜਾਨਣ ਦੇ ਉਦੇਸ਼ ਨਾਲ ਕਰਵਾਇਆ ਜਾਂਦਾ ਹੈ। ਵਿਭਾਗ ਮੁਖੀ ਰਾਕੇਸ਼ ਜੋਸ਼ੀ ਨੇ ਦੱਸਿਆ ਕਿ ਇਹ ਓਰੀਏਨਟੇਸ਼ਨ ਪ੍ਰੋਗਰਾਮ ਚਾਰ ਦਿਨਾਂ ਤੱਕ ਵੱਖ-ਵੱਖ ਗਤੀਵਿਧੀਆਂ ਨੂੰ ਮੱਦੇਨਜ਼ਰ ਰੱਖਦਿਆਂ ਕਰਵਾਇਆ ਗਿਆ। ਪਹਿਲੇ ਦਿਨ ਵਿਦਿਆਰਥੀਆਂ ਨੂੰ ਕਾਲਜ ਦੇ ਲੋਗੋ, ਨਾਂਅ, ਵਿਜ਼ਨ ਆਦਿ ਸਬੰਧੀ ਜਾਣਕਾਰੀ ਦਿੱਤੀ ਗਈ ਅਤੇ ਕਾਲਜ ਦਾ ਵਿੱਦਿਅਕ ਦੌਰਾ ਕਰਵਾਇਆ ਗਿਆ। ਦੂਜੇ ਦਿਨ ਵਿਦਿਆਰਥੀਆਂ ਨੂੰ ਕੋਰਸ ਪਾਠਕ੍ਰਮ, ਗ੍ਰੇਡਿੰਗ ਸਿਸਟਮ, ਪ੍ਰੀਖਿਆ ਨਿਯਮ, ਕਾਲਜ ਨਿਯਮਾਂ ਸਬੰਧੀ ਹਦਾਇਤਾਂ ਅਤੇ ਵਿਭਾਗ ਦੇ ਅਕਾਦਮਿਕ ਤੇ ਸੱਭਿਅਕ ਗਤੀਵਿਧੀਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਵਜ਼ੀਫਾ ਸਕੀਮਾਂ, ਕਿੱਤਾ ਮੌਕਿਆਂ ਅਤੇ ਕਾਲਜ ਦੇ ਵੱਖੋ-ਵੱਖਰੇ ਸਥਾਪਿਤ ਸੈੱਲਾਂ ਆਦਿ ਸਬੰਧੀ ਵਰਕਸ਼ਾਪ ਕਰਵਾਈ ਗਈ। ਪ੍ਰੋਗਰਾਮ ਦੇ ਤੀਜੇ ਦਿਨ ਵਿਭਾਗ ਦੀ ਐਲੂਮਿਨੀ ਐਸੋਸੀਏਸ਼ਨ ਵੱਲੋਂ ਸੰਸਥਾ ਦੇ ਪੁਰਾਣੇ ਵਿਦਿਆਰਥੀਆਂ, ਜਿਹੜੇ ਕਿ ਆਪਣੇ ਕਾਰਜ ਖੇਤਰ ਵਿੱਚ ਬਿਹਤਰੀਨ ਸੇਵਾਵਾਂ ਨਿਭਾ ਰਹੇ ਹਨ, ਆਫ-ਲਾਈਨ ਤੇ ਆਨ-ਲਾਈਨ ਮੋਡ ਰਾਹੀਂ ਨਵੇਂ ਵਿਦਿਆਰਥੀਆਂ ਦੇ ਰੂ-ਬ-ਰੂ ਕਰਵਾਇਆ ਗਿਆ। ਇਹਨਾਂ ਵਿੱਚੋਂ ਮਨਿੰਦਰ ਸਿੰਘ ਸਹਾਇਕ ਮੈਨੇਜਰ, ਪੰਜਾਬ ਅਤੇ ਸਿੰਧ ਬੈਂਕ, ਕਰਮਜੀਤ ਸਿੰਘ, ਸਹਾਇਕ ਡੀ.ਸੀ. ਦਫਤਰ, ਰੋਪੜ, ਦਿਵਿਆ ਸੇਠੀ ਪੀ.ਜੀ.ਟੀ. ਅਧਿਆਪਕ ਨੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਸੰਸਥਾ ਦੀ ਉਹਨਾਂ ਦੇ ਜੀਵਨ ਵਿੱਚ ਸਕਾਰਾਤਮਕ ਦੇਣ ਨੂੰ ਸਿਜਦਾ ਕੀਤਾ। ਓਰੀਏਨਟੇਸ਼ਨ ਦੇ ਅਖੀਰਲੇ ਦਿਨ ਸੋਲੇਟਾਇਰ ਇਨਫੋਸਿਸ, ਮੋਹਾਲੀ ਵਿਖੇ ਸਾਰੇ ਵਿਦਿਆਰਥੀਆਂ ਨੂੰ ਉਦਯੋਗਿਕ ਵਿੱਦਿਅਕ ਟੂਰ ਲਈ ਲਿਜਾਇਆ ਗਿਆ। ਇਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਉਦਯੋਗ ਅਤੇ ਇਸ ਦੀ ਮਹੱਤਤਾ ਨੂੰ ਸਮਝਾਉਣਾ ਸੀ। ਪ੍ਰੋਗਰਾਮ ਦੇ ਅਖੀਰਲੇ ਦਿਨ ਕਾਲਜ ਪ੍ਰਿੰਸੀਪਲ ਵੱਲੋਂ ਵਿਦਿਆਰਥੀਆਂ ਨਾਲ ਵਿਸ਼ੇਸ਼ ਵਾਰਤਾਲਾਪ ਕੀਤਾ ਗਿਆ, ਜਿਸ ਵਿੱਚ ਉਹਨਾਂ ਨੇ ਵਿਦਿਆਰਥੀਆਂ ਨੂੰ ਆਪਣੇ ਵਿਦਿਆਰਥੀ ਜੀਵਨ ਵਿੱਚ ਸਹੀ ਰਾਹ ਤੇ ਤੁਰਨ ਦੀ ਨਸੀਹਤ ਦਿੱਤੀ। ਇਸ ਮੌਕੇ 'ਤੇ ਡਾ. ਮਮਤਾ ਅਰੋੜਾ ਤੇ ਸਹਾਇਕ ਪ੍ਰੋ. ਸੁਨੀਤਾ ਰਾਣੀ, ਕੰਪਿਊਟਰ ਵਿਭਾਗ ਦੇ ਅਧਿਆਪਕ ਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।




# ਲਾਇਲਪੁਰ ਖ਼ਾਲਸਾ ਕਾਲਜ ਦੇ ਵਿਦਿਆਰਥੀ ਮਨਰਾਜ ਨੇ 'ਜ਼ੀ ਪੰਜਾਬੀ' ਤੋਂ ਜਿੱਤਿਆ 5 ਲੱਖ ਦਾ ਇਨਾਮ




**ਜਲੰਧਰ - (ਸ਼ੈਲੀ ਐਲਬਰਟ)**-: ਉੱਤਰੀ ਭਾਰਤ ਦੀ ਸਿਰਮੌਰ ਵਿਦਿਅਕ ਸੰਸਥਾ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਜਿੱਥੇ ਵਿਦਿਆ ਅਤੇ ਖੇਡਾਂ ਦੇ ਖੇਤਰ ਵਿਚ ਵੱਡੀਆਂ ਪੁਲਾਘਾਂ ਪੁੱਟ ਰਿਹਾ ਹੈ, ਉਥੇ ਕਲਾ ਦੇ ਖੇਤਰ ਵਿਚ ਵੀ ਮਾਣਮੱਤੀਆਂ ਪ੍ਰਾਪਤੀਆਂ ਕਰ ਰਿਹਾ ਹੈ । ਥੀਏਟਰ ਦੇ ਖੇਤਰ ਵਿਚ ਇਸਨੇ ਵਿਸ਼ੇਸ਼ ਹਸਤਾਖ਼ਰ ਵਜੋਂ ਉਭਰਦਿਆਂ ਵੱਖ-ਵੱਖ ਪੱਧਰਾਂ 'ਤੇ ਵਿਸ਼ੇਸ਼ ਸਥਾਨ ਹਾਸਿਲ ਕੀਤੇ ਹਨ।। ਹਾਲ ਹੀ ਵਿਚ 'ਜ਼ੀ ਪੰਜਾਬੀ' ਵਲੋਂ ਇਕ ਵਿਸ਼ੇਸ਼ ਪ੍ਰੋਗਰਾਮ 'ਅੰਤਾਕਸ਼ਰੀ' ਵਿਚ ਮੁਕਾਬਲਾ ਕਰਵਾਇਆ ਗਿਆ । ਸਾਡੇ ਕਾਲਜ ਦੇ ਹੋਣਹਾਰ ਵਿਦਿਆਰਥੀ ਮਨਰਾਜ ਸਿੰਘ ਅਤੇ ਥੀਏਟਰ ਦੇ ਉਸਤਾਦ ਕਲਾਕਾਰ ਸੁਨੀਲ ਨੇ ਸਾਂਝੇ ਰੂਪ ਵਿਚ 6 ਮੈਂਬਰੀ ਟੀਮ ਬਣਾ ਕੇ ਹਿੱਸਾ ਲਿਆ ।

ਇਸ ਕਠਿਨ ਮੁਕਾਬਲੇ ਵਿਚ ਆਪਣੀ ਮਿਹਨਤ ਸਦਕਾ ਇਸ ਟੀਮ ਨੇ ਪਹਿਲਾ ਸਥਾਨ ਹਾਸਿਲ ਕੀਤਾ ਅਤੇ ਪੰਜ ਲੱਖ ਰੁਪਏ ਦਾ ਨਕਦ ਇਨਾਮ ਹਾਸਿਲ ਕਰਕੇ ਆਪਣੇ ਪਰਵਾਰ ਅਤੇ ਖ਼ਾਸਕਰ ਆਪਣੇ ਕਾਲਜ ਦਾ ਨਾਂਅ ਰੌਸ਼ਨ ਕੀਤਾ । ਇਸ ਸੰਬੰਧੀ ਕਾਲਜ ਦੇ ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ ਨੇ ਆਪਣੇ ਹੋਣਹਾਰ ਵਿਦਿਆਰਥੀ ਸਮੇਤ ਜੇਤੂ ਟੀਮ ਨੂੰ ਵਿਸ਼ੇਸ਼ ਸਨਮਾਨ ਦਿੱਤਾ ਅਤੇ ਡੀਨ ਕਲਚਰਲ ਅਫੇਅਰਜ਼ ਪ੍ਰੋ. ਪਲਵਿੰਦਰ ਸਿੰਘ ਬੋਲੀਨਾ ਅਤੇ ਥੀਏਟਰ ਇੰਚਾਰਜ ਡਾ. ਹਰਜਿੰਦਰ ਸਿੰਘ ਸੇਖੋਂ ਨੂੰ ਮੁਬਾਰਕਬਾਦ ਦਿੱਤੀ।

# ਪੰਜਾਬੀ ਸੱਭਿਆਚਾਰ ਮੰਚ ਨੇ ਅਜ਼ਾਦੀ ਦਿਵਸ ਮਨਾਇਆ



**ਬਰੈਂਪਟਨ**-ਪੰਜਾਬੀ ਸੱਭਿਆਚਾਰ ਮੰਚ ਨੇ ਭਾਰਤ ਦਾ ਅਜਾਦੀ ਦਿਵਸ ਬਰੈਂਪਟਨ ਦੇ ਕਲੀਵ ਵਿਊ ਪਾਰਕ ਵਿੱਚ ਮਨਾਇਆ। ਇਸ ਸਮਾਗਮ ਦੀ ਪਰਧਾਨਗੀ ਮੰਚ ਦੇ ਪ੍ਰਧਾਨ ਬਲਦੇਵ ਸਿੰਘ ਸਹਿਦੇਵ, ਡਾ:ਬਲਜਿੰਦਰ ਸਿੰਘ ਸੇਖੋਂ, ਬਿਕਰਮ ਸਿੰਘ ਗਿੱਲ,ਸੁਭਾਸ਼ ਚੰਦਰ ਖੁਰਮੀ ਰੀਟਾਇਡ ਚੀਫ ਇੰਜਨੀਅਰ ਈਸ਼ਰ ਸਿੰਘ ਅਤੇ ਬੀਬੀ ਬੇਅੰਤ ਕੌਰ ਹਰਿਆਨਾ ਨੇ ਕੀਤੀ। ਡਾ:ਬਲਜਿੰਦਰ ਸਿੰਘ ਸੇਖੋਂ ਅਤੇ ਬਲਦੇਵ ਸਿੰਘ ਸਹਿਦੇਵ ਨੇ ਵਿਸਥਾਰ ਵਿੱਚ, ਭਾਰਤ ਦੇ ਆਰਥਿਕ ,ਸਮਾਜਿਕ ਹਾਲਤਾਂ ਦੇ ਨਾਲ ਨਾਲ ਦੋਹਾਂ ਦੇ ਜੀਵਨ ਕਾਰਨਾਮਿਆਂ ਅਜ਼ਾਦੀ ਦੇ ਸੰਘਰਸ਼, ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਬਹੁਤ ਵਿਸਥਾਰ ਵਿੱਚ ਵਿਸਲੇਸ਼ਨ ਕੀਤਾ। ਭਾਰਤ ਦੀ ਮੌਜੂਦਾ ਨਾਜ਼ਕ ਸਥਿਤੀ 'ਤੇ ਗਹਿਰ ਗੰਭੀਰਤਾ ਨਾਲ ਵਿਚਾਰ ਹੀ ਨਹੀਂ ਸਗੋਂ ਤਤਪਰਤਾ ਨਾਲ ਕੰਮ ਕਰਨ ਦਾ ਸੰਦੇਸ਼ ਦਿੱਤਾ। ਇਸ ਦੇ ਨਾਲ ਹੀ ਮਹਾਨ ਸਖਸ਼ੀਅਤਾਂ ਕਾਮਰੇਡ ਗੁਰਬਖਸ਼ ਸਿੰਘ ਧੂੜਕੋਟ ਅਤੇ ਕਾਮਰੇਡ ਜੀਤ ਸਿੰਘ ਚੂਹੜ ਚੱਕ ਨੂੰ ਯਾਦ ਕੀਤਾ। ਦੋਹਾਂ ਸਖਸ਼ੀਅਤਾਂ ਦੇ ਪਰਵਾਰ ਬਰੈਂਪਟਨ ਵਿਖੇ ਸਥਾਪਤ ਹਨ । ਗੁਰਬਖਸ਼ ਸਿੰਘ ਦੇ ਬੇਟੇ ਕਾਮਰੇਡ ਸੁਖਦੇਵ ਸਿੰਘ ਧਾਲੀਵਾਲ ਅਤੇ ਜੀਤ ਸਿੰਘ ਦੇ ਪੋਤਰੇ ਸੁਰਿੰਦਰ ਸਿੰਘ ਗਿਲ ਪੰਜਾਬੀ ਸੱਭਿਆਚਾਰ ਦੇ ਮੰਚ ਦੇ ਸਹਿਯੋਗ ਨਾਲ ਹਰ ਸਾਲ ਬਰਸੀ ਮਨਾਉਂਦੇ ਹਨ। ਪ੍ਰਿੰਸੀਪਲ ਗਿਆਨ ਸਿੰਘ ਘਈ ਨੇ ਆਪਣੀਆਂ ਸ਼ਾਨਦਾਰ ਕਵਿਤਾਵਾਂ ਪੜ੍ਹੀਆਂ। ਗੁਰਨਾਮ ਸਿੰਘ ਐਤੀ ਆਣਾ,ਹਰੀ ਸਿੰਘ ਮਾਂਛੀਵਾੜਾ, ਕੁਲਦੀਪ ਸਿੰਘ ਗੋਲੀ ਨੇ ਵੀ ਆਪਣੇ ਵਿਚਾਰ ਰੱਖੇ । ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਗੁਰਸੇਵਕ ਸਿੰਘ,ਪ੍ਰੋ ਲਾਲ ਸਿੰਘ ਬਰਾੜ ਹਰਿੰਦਰ ਤੱਖਰ , ਲਾਲ ਸਿੰਘ ਚਾਹਲ, ਗੁਰਦਿਆਲ ਸਿੰਘ ਢਾਲਾ, ਗੁਲਜਾਰ ਸਿੰਘ ਸਮੇਤ ਲੋਕ ਹਾਜਰ ਸਨ। ਸੁਖਦੇਵ ਸਿੰਘ ਧਾਲੀਵਾਲ ਨੇ ਸਟੇਜ ਸਕੱਤਰ ਦੀ ਜਿੰਮੇਵਾਰੀ ਨਿਭਾਈ।

# ਚਾਰ ਦਿਨਾਂ ਸਾਲਾਨਾ ਗੁਰਮਤਿ ਸਮਾਗਮ ਸਮਾਪਤ



**ਚਮਕੌਰ ਸਾਹਿਬ, ਗੁਰਵਿੰਦਰਪਾਲ ਸਿੰਘ ਬੌਬੀ)** ਇੱਥੋਂ ਦੀ ਅਨਾਜ ਮੰਡੀ 'ਚ ਆੜ੍ਹਤੀ ਐਸੋਸੀਏਸ਼ਨ ਵੱਲੋਂ ਇਲਾਕੇ ਦੀ ਸੰਗਤ ਦੇ ਸਹਿਯੋਗ ਨਾਲ ਚਾਰ ਦਿਨਾਂ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੌਰਾਨ ਵੱਡੀ ਗਿਣਤੀ 'ਚ ਪੁੱਜੀਆਂ ਸੰਗਤਾਂ ਨੇ ਚਾਰੇ ਦਿਨ ਬਾਣੀ ਦਾ ਅਨੰਦ ਮਾਣਿਆ। ਸਮਾਗਮ ਦੇ ਪ੍ਰਬੰਧਕ ਆੜ੍ਹਤੀ ਮਨਜੀਤ ਸਿੰਘ ਕੰਗ ਨੇ ਦੱਸਿਆ ਕਿ ਸਮਾਗਮ ਦੌਰਾਨ ਸੰਤ ਬਾਬਾ ਲਖਵੀਰ ਸਿੰਘ ਰਤਵਾੜਾ ਸਾਹਿਬ ਵਾਲੇ, ਬਾਬਾ ਗੁਰਦੇਵ ਸਿੰਘ ਬਨੂੜ ਵਾਲੇ, ਭਾਈ ਜਸਵੰਤ ਸਿੰਘ ਬਲੌਂਗੀ ਵਾਲੇ, ਬਾਬਾ ਸਰਬਜੀਤ ਸਿੰਘ ਸੰਧੂਆਂ ਵਾਲੇ, ਭਾਈ ਨਰਿੰਦਰ ਸਿੰਘ ਹਜ਼ੂਰੀ ਰਾਗੀ ਚਮਕੌਰ ਸਾਹਿਬ ਅਤੇ ਘਨੌਰ ਵਾਲਿਆਂ ਦੇ ਕਵੀਸ਼ਰੀ ਜਥਿਆਂ ਵੱਲੋਂ ਸੰਗਤਾਂ ਨੂੰ ਕੀਰਤਨ ਅਤੇ ਗੁਰਮਤਿ ਵਿਚਾਰਾਂ ਨਾਲ ਜੋੜਿਆ। ਸੰਤ ਬਾਬਾ ਲਖਵੀਰ ਸਿੰਘ ਰਤਵਾੜਾ ਸਾਹਿਬ ਵਾਲਿਆਂ ਨੇ ਆੜ੍ਹਤੀ ਐਸੋਸੀਏਸ਼ਨ ਅਤੇ ਇੱਥੋਂ ਦੇ ਵਾਤਾਵਰਣ ਪ੍ਰੇਮੀਆਂ ਦੇ ਨਾਲ ਮਿਲ ਕੇ ਵੱਖ - ਵੱਖ ਤਰ੍ਹਾਂ ਦੇ ਪੌਦੇ ਲਗਾ ਕੇ ਚੌਗਿਰਦੇ ਨੂੰ ਹਰਾ ਭਰਾ ਕਰਨ ਦੀ ਮੁਹਿੰਮ ਦਾ ਅਨਾਜ ਕੀਤਾ। ਇਸ ਮੌਕੇ ਆੜ੍ਹਤੀ ਕੇਹਰ ਸਿੰਘ, ਜਥੇ ਪ੍ਰੀਤਮ ਸਿੰਘ, ਪ੍ਰਗਟ ਸਿੰਘ, ਐਡਵੋਕੇਟ ਜਸਪਾਲ ਸਿੰਘ, ਮੇਜਰ ਸਿੰਘ ਮਾਂਗਟ, ਗਿਆਨੀ ਮੋਹਣ ਸਿੰਘ, ਜੋਗਿੰਦਰ ਸਿੰਘ, ਜਸਵੰਤ ਸਿੰਘ, ਅਮਰਜੀਤ ਸਿੰਘ, ਨਰਿੰਦਰ ਸਿੰਘ, ਸ਼ਿੰਗਾਰਾ ਸਿੰਘ, ਪਿਆਰਾ ਸਿੰਘ , ਤੇਜਪਾਲ ਸਿੰਘ ਅਤੇ ਸੋਹਣ ਸਿੰਘ ਆਦਿ ਹਾਜ਼ਰ ਸਨ ।

# ਦੇਸ਼ ਤਰੱਕੀ ਨਹੀਂ ਕਰ ਸਕਦਾ ਜਦ ਤੱਕ ਨੌਜਵਾਨ ਪੀੜ੍ਹੀ ਗਿਆਨ ਤੇ ਵਿਗਿਆਨ ਤੋਂ ਜਾਣੂ ਨਹੀਂ ਹੁੰਦੀ : ਜੱਸਲ



**ਫਗਵਾੜਾ ( ਜਸਵਿੰਦਰ ਢੱਡਾ )** ਪ੍ਰਬੁੱਧ ਭਾਰਤ ਫਾਊਂਡੇਸ਼ਨ (ਪੰਜਾਬ) ਵੱਲੋਂ ਹਰ ਸਾਲ ਮਾਨਵਵਾਦੀ ਮਹਾਪੁਰਸ਼ਾਂ ਦੀ ਵਿਚਾਰਧਾਰਾ ਨੂੰ ਘਰ-ਘਰ ਪਹੁੰਚਾਉਣ ਲਈ ਇੱਕ ਪ੍ਰਤੀਯੋਗਤਾ ਕਰਵਾਈ ਜਾਂਦੀ ਹੈ। ਇਸੇ ਸੋਚ ਨੂੰ ਅੱਗੇ ਤੋਰਦਿਆਂ ਰੇਲ ਕੋਚ ਫੈਕਟਰੀ ਦੀ ਸਮਾਜ ਸੇਵੀ ਸੰਸਥਾ ਬਾਬਾ ਸਾਹਿਬ ਡਾ. ਆਰ. ਅੰਬੇਡਕਰ ਸੁਸਾਇਟੀ ਵੱਲੋਂ ਮੁਕਾਬਲੇ ਨੂੰ ਸਫਲ ਬਣਾਉਣ ਲਈ ਮੀਟਿੰਗ ਕੀਤੀ ਗਈ, ਜਿਸ ਦੀ ਪ੍ਰਧਾਨਗੀ ਸੁਸਾਇਟੀ ਦੇ ਪ੍ਰਧਾਨ ਕ੍ਰਿਸ਼ਨ ਲਾਲ ਜੱਸਲ ਨੇ ਕੀਤੀ। ਜਨਰਲ ਸਕੱਤਰ ਧਰਮਪਾਲ ਪੈਂਥਰ ਨੇ ਦੱਸਿਆ ਕਿ ਫਾਊਂਡੇਸਨ ਵੱਲੋਂ ਇਹ 14ਵਾਂ ਪ੍ਰਤੀਯੋਗਤਾ ਮੁਕਾਬਲਾ ਕਰਵਾਇਆ ਜਾ ਰਿਹਾ ਹੈ। ਪ੍ਰਤੀਯੋਗਤਾ ਦਾ ਉਦੇਸ਼ ਇਹ ਹੈ ਕਿ ਬੱਚੇ ਬਾਬਾ ਸਾਹਿਬ ਜੀ ਬਾਰੇ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਨ ਅਤੇ ਉਹ ਬੌਧਿਕ ਤੌਰ 'ਤੇ ਮਜਬੂਤ ਬਣਨ। ਦੇਸ਼ ਉਦੋਂ ਤੱਕ ਤਰੱਕੀ ਨਹੀਂ ਕਰ ਸਕਦਾ ਜਦੋਂ ਤੱਕ ਨੌਜਵਾਨ ਪੀੜ੍ਹੀ ਗਿਆਨ ਅਤੇ ਵਿਗਿਆਨ ਤੋਂ ਜਾਣੂ ਨਹੀਂ ਹੁੰਦੀ। ਫਾਊਂਡੇਸਨ ਵੱਲੋਂ 27 ਅਗਸਤ ਨੂੰ ਸਵੇਰੇ 10 ਵਜੇ ਵੱਖ-ਵੱਖ ਰਾਜਾਂ ਦੇ ਸ਼ਹਿਰਾਂ ਅਤੇ ਪਿੰਡਾਂ ਵਿੱਚ ਪੁਸਤਕ 'ਡਾ. ਅੰਬੇਡਕਰ ਦਾ ਸੰਦੇਸ' ਪ੍ਰਤੀਯੋਗਤਾ ਹੋ ਰਹੀ ਹੈ। ਇਸੇ ਲੜੀ ਤਹਿਤ ਸੁਲਤਾਨਪੁਰ ਰੋਡ 'ਤੇ ਰੇਲ ਕੋਚ ਫੈਕਟਰੀ ਵਿਖੇ ਸੈਂਟਰ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸੇਵਕ ਸਭਾ ਬਣਾਇਆ ਗਿਆ ਹੈ। ਜਿਸ ਵਿੱਚ ਦੋ ਵਰਗ ਬਣਾਏ ਗਏ ਹਨ। ਪਹਿਲਾ ਵਰਗ ਛੇਵੀਂ ਤੋਂ ਬਾਰ੍ਹਵੀਂ ਤੱਕ ਅਤੇ ਦੂਜਾ ਵਰਗ ਬਾਰ੍ਹਵੀਂ ਤੋਂ ਐਮ.ਏ. ਦੋਵਾਂ ਵਰਗਾਂ ਦੀ ਇਨਾਮੀ ਰਾਸ਼ੀ ਕ੍ਰਮਵਾਰ 50000, 20000 ਅਤੇ 10000 ਹੋਵੇਗੀ। ਇਸ ਤੋਂ ਇਲਾਵਾ ਮੈਰਿਟ ਵਿੱਚ ਆਉਣ ਵਾਲੇ ਪਹਿਲੇ 250 ਪ੍ਰਤੀਯੋਗੀਆਂ ਨੂੰ 1000-1000 ਦੀ ਇਨਾਮੀ ਰਾਸ਼ੀ ਦਿੱਤੀ ਜਾਵੇਗੀ। ਬੱਚਿਆਂ ਲਈ ਲੰਗਰ ਦਾ ਪ੍ਰਬੰਧ ਗੁਰਦੁਆਰਾ ਸ੍ਰੀ ਗੁਰ ਰਵਿਦਾਸ ਸੇਵਕ ਸਭਾ ਵੱਲੋਂ ਕੀਤਾ ਜਾਵੇਗਾ। ਮੀਟਿੰਗ ਵਿੱਚ ਸ੍ਰੀ ਗੁਰੂ ਰਵਿਦਾਸ ਸੇਵਕ ਸਭਾ ਦੇ ਜਨਰਲ ਸਕੱਤਰ ਝਲਮਣ ਸਿੰਘ,, ਸਾਬਕਾ ਪ੍ਰਧਾਨ ਅਮਰਜੀਤ ਸਿੰਘ ਮੱਲ, ਆਲ ਇੰਡੀਆ ਐਸ.ਸੀ./ਐਸ.ਟੀ ਰੇਲਵੇ ਇੰਪਲਾਈਜ ਐਸੋਸੀਏਸ਼ਨ ਦੇ ਜੋਨਲ ਸਕੱਤਰ ਸੋਹਨ ਬੈਠਾ, ਬਾਮਸੇਫ ਦੇ ਕਨਵੀਨਰ ਕਸਮੀਰ ਸਿੰਘ, ਪੂਰਨ ਚੰਦ ਬੋਧ, ਧਰਮਵੀਰ ਅੰਬੇਡਕਰੀ, ਸਮਾਜਸੇਵੀ ਦੇਸ ਰਾਜ, ਸਮਾਜਸੇਵੀ ਅਵਤਾਰ ਸਿੰਘ ਝੱਮਟ, ਆਜਾਦ ਸਿੰਘ ਅਤੇ ਐਸ. ਕੇ. ਭਾਰਤੀ ਆਦਿ ਨੇ ਸ਼ਮੂਲੀਅਤ ਕੀਤੀ।

# ਡੇਂਗੂ ਬੁਖਾਰ ਬਾਰੇ ਜਾਗਰੂਕਤਾ ਕੈਂਪ ਲਗਾਇਆ



ਅੱਡਾ ਸਰਾਂ (ਜਸਵੀਰ ਕਾਜਲ) ਪੰਜਾਬ ਸਿਹਤ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ , ਸਿਵਲ ਸਰਜਨ ਹੁਸ਼ਿਆਰਪੁਰ ਡਾ. ਬਲਵਿੰਦਰ ਅਤੇ ਐਸ.ਐਮ.ਓ. ਡਾ. ਹਰਜੀਤ ਸਿੰਘ ਦੀ ਅਗਵਾਈ ਹੇਠ ਡੇਂਗੂ ਅਵੇਅਰਨੈਸ ਪ੍ਰੋਗਰਾਮ ਅਧੀਨ ਰੋਡਵੇਜ ਵਰਕਸ਼ਾਪਾਂ , ਬੱਸ ਸਟੈਂਡਾਂ ਅਤੇ ਰੇਲਵੇ ਸਟੇਸ਼ਨਾਂ 'ਤੇ ਡੇਂਗੂ ਜਾਗਰੂਕਤਾ ਕੈਂਪ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ । ਐਮ . ਪੀ.ਐਚ ਡਬਲਯੂ . ਹਰਵਿੰਦਰ ਪਾਲ ਸਿੰਘ , ਰਵੀ ਕੁਮਾਰ, ਲਖਵੀਰ ਸਿੰਘ ,ਅਸ਼ਵਨੀ ਕੁਮਾਰ ,ਕਮਲਜੀਤ ਸਿੰਘ ,ਉਮੇਸ ਕੁਮਾਰ ਨੇ ਕੂਲਰਾਂ ,ਫੁੱਲਾਂ ਦੇ ਗਮਲਿਆਂ ,ਪੁਰਾਣੇ ਟਾਇਰਾਂ ਵਿੱਚ ਡੇਂਗੂ ਮੱਛਰ ਦੇ ਲਾਰਵੇ ਦੀ ਪਛਾਣ ਕਰਕੇ ਉਹਨਾਂ ਨੂੰ ਸਹੀ ਢੰਗ ਨਾਲ ਨਸ਼ਟ ਕਰਨ ਦੀ ਜਾਣਕਾਰੀ ਦਿੱਤੀ। ਉਮੇਸ਼ ਕੁਮਾਰ ਵੱਲੋਂ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਕਿ ਸਾਨੂੰ ਆਪਣੇ ਆਲੇ-ਦੁਆਲੇ ਸਾਫ ਅਤੇ ਗੰਦਾ ਪਾਣੀ ਇਕੱਠਾ ਨਹੀਂ ਹੋਣਾ ਦੇਣਾ ਚਾਹੀਦਾ ਹੈ। ਡੇਂਗੂ ਮੱਛਰ ਸਾਫ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ।

## ਜਨਮ ਦਿਨ ਮੁਬਾਰਕ



ਸਹਿਜਪ੍ਰੀਤ ਕੌਰ



ਦਿਲਸ਼ਾਨ ਸ਼ਰਮਾ (ਸੰਗਰੂਰ)



ਅਨਿਕਾ ਸ਼ਰਮਾ (ਫਰੀਦਕੋਟ)

# ਡੀ ਏ ਵੀ ਸਕੂਲ 'ਚ ਤੀਜ ਦਾ ਤਿਉਹਾਰ ਸ਼ਰਧਾ ਨਾਲ ਮਨਾਇਆ

**ਫਿਲੌਰ (ਬੀ ਐਸ ਕੈਨੇਡੀ)**- ਡੀ.ਆਰ.ਵੀ. ਡੀ.ਏ.ਵੀ. ਸੈਂਟੇਨਰੀ ਪਬਲਿਕ ਸਕੂਲ, ਫਿਲੌਰ ਸਕੂਲ ਦੇ ਵਿਦਿਆਰਥੀਆਂ ਨੇ ਹੈਰੀਟੇਜ ਐਂਡ ਯੰਗ ਐਂਟਰਪ੍ਰੀਨਿਓਰਜ ਕਲੱਬ ਦੇ ਅਧੀਨ ਸਕੂਲ ਕੈਂਪਸ ਵਿੱਚ ਤੀਜ ਦਾ ਤਿਉਹਾਰ ਬੜੀ ਹੀ ਖੁਸ਼ੀ ਅਤੇ ਧੂਮਧਾਮ ਨਾਲ ਮਨਾਇਆ। ਸਕੂਲ ਦੇ ਵਿਹੜੇ ਨੂੰ ਤਾਜੇ ਫੁੱਲਾਂ, ਝੂਲਿਆਂ ਅਤੇ ਰਿਬਨਾਂ ਨਾਲ ਸਜਾਇਆ ਗਿਆ ਸੀ। ਪੰਜਾਬੀ ਸੱਭਿਆਚਾਰਕ ਪਹਿਰਾਵੇ ਵਿੱਚ ਸਜੀਆਂ ਕੁੜੀਆਂ ਨੇ ਭੰਗੜੇ ਅਤੇ ਗਿੱਧੇ ਦੇ ਨਾਲ ਨਾਲ ਮਹਿੰਦੀ ਲਗਾਈ ਅਤੇ ਕੈਂਪਸ ਵਿੱਚ ਲੱਗੇ ਝੂਲਿਆਂ ਦਾ ਆਨੰਦ ਮਾਣਿਆ। ਇਸ ਰੰਗਾਰੰਗ ਸਮਾਗਮ ਦੀ ਸਮਾਪਤੀ ਕਰਦਿਆਂ ਪ੍ਰਿੰਸੀਪਲ ਡਾ: ਯੋਗੇਸ਼ ਗੰਭੀਰ ਨੇ ਪ੍ਰੋਗਰਾਮ ਵਿਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਤੀਜ ਦੀਆਂ ਵਧਾਈਆਂ ਦਿੱਤੀਆਂ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਪੰਜਾਬੀ ਸੱਭਿਆਚਾਰ ਨੂੰ ਹਮੇਸ਼ਾ ਕਾਇਮ ਰੱਖਣ ਲਈ ਪ੍ਰੇਰਿਤ ਕੀਤਾ।



# ਰੋਟਰੀ ਕਲੱਬ ਨੇ 36 ਲੋੜਵੰਦ ਪਰਵਾਰਾਂ ਨੂੰ ਮਹੀਨਾਵਾਰ ਰਾਸ਼ਨ ਵੰਡਿਆ




**ਆਦਮਪੁਰ ( ਪਰਮਜੀਤ ਸਿੰਘ)** ਰੋਟਰੀ ਕਲੱਬ ਦੇ ਚੇਅਰਮੈਨ ਗਗਨ ਪਸਰੀਚਾ ਦੇ ਆਦੇਸ਼ਾਂ 'ਤੇ ਰੋਟਰੀ ਕਲੱਬ ਆਦਮਪੁਰ ਵੱਲੋਂ ਸ੍ਰੀ ਹਨੂੰਮਾਨ ਮੰਦਰ ਮੇਨ ਬਾਜ਼ਾਰ ਆਦਮਪੁਰ ਵਿਖੇ ਕਲੱਬ ਪ੍ਰਧਾਨ ਡਾ: ਸੁਮਿਤ ਵਰਮਾ ਦੀ ਦੇਖ-ਰੇਖ ਹੇਠ ਲੋੜਵੰਦ ਪਰਵਾਰਾਂ ਨੂੰ ਮਹੀਨਾਵਾਰ ਰਾਸ਼ਨ ਵੰਡਣ ਲਈ ਸਮਾਰੋਹ ਕਰਵਾਇਆ ਗਿਆ। ਜਿਸ ਵਿੱਚ ਅਚੀਵਰ ਅਕੈਡਮੀ ਦੇ ਐਮ.ਡੀ ਰਾਹੁਲ ਗੁਪਤਾ ਅਤੇ ਨੀਨਾ ਗੁਪਤਾ ਨੇ ਸ਼ਿਰਕਤ ਕੀਤੀ। ਕਲੱਬ ਦੇ ਪ੍ਰਧਾਨ ਡਾ: ਸੁਮਿਤ ਵਰਮਾ ਨੇ ਦੱਸਿਆ ਕਿ ਸਵ.ਗੀਤਾ ਦੇਵੀ ਡੋਗਰਾ ਦੀ ਯਾਦ 'ਚ ਲੋੜਵੰਦ ਪਰਵਾਰਾਂ ਦੀ ਮਦਦ ਲਈ ਸ਼ੁਰੂ ਕੀਤੇ ਗਏ ਸਹਾਰਾ ਪ੍ਰੋਜੈਕਟ ਤਹਿਤ ਕਲੱਬ ਦੇ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ 66 ਲੋੜਵੰਦ ਪਰਵਾਰਾਂ ਨੂੰ ਮਹੀਨਾਵਾਰ ਰਾਸ਼ਨ ਵੰਡਿਆ ਗਿਆ। ਇਸ ਮੌਕੇ ਰਾਕੇਸ਼ ਅਗਰਵਾਲ, ਮਨਮੋਹਨ ਸਿੰਘ ਬਾਬਾ, ਵਿਕਰਮ ਵਿੱਕੀ ਬੱਗਾ, ਸੰਦੀਪ ਛਾਬੜਾ, ਮਨੋਜ ਡੋਗਰਾ, ਸਕੱਤਰ ਵਰੁਣ ਚੋਡਾ, ਖਜਾਨਚੀ ਹਰਦੀਪ ਧਾਮੀ, ਸਹਿ ਸਕੱਤਰ ਸੰਜੀਵ ਗਿਰੀ, ਰੋਹਿਤ ਕਲਿਆਣ ਪੀਆਰਓ ਅਤੇ ਹੋਰ ਮੈਂਬਰ ਹਾਜਰ ਸਨ।

# 'ਮਰਨ ਤੋਂ ਛੇ ਘੰਟੇ ਦੇ ਅੰਦਰ ਦਾਨ ਕੀਤੀਆਂ ਜਾ ਸਕਦੀਆਂ ਹਨ ਅੱਖਾਂ'



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**— ਨੇਤਰਦਾਨ ਪੰਦਰਵਾੜੇ ਦੌਰਾਨ ਡਾਕਟਰ ਪਰਵਿੰਦਰ ਸਿੰਘ ਅਪਥੈਲਮਿਕ ਅਫਸਰ ਵੱਲੋ ਮਰੀਜਾਂ ਨੂੰ ਜਾਗਰੂਕ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਮਰਨ ਤੋਂ ਪਹਿਲਾਂ ਸਾਨੂੰ ਸਾਰਿਆਂ ਨੂੰ ਅੱਖਾਂ ਦਾਨ ਕਰਨ ਦੇ ਫਾਰਮ ਭਰਨੇ ਚਾਹੀਦੇ ਹਨ, ਤਾਂ ਕਿ ਇਹ ਅੱਖਾਂ ਅੰਨ੍ਹੇਪਣ ਤੋਂ ਪੀੜਤ ਲੋਕਾਂ ਨੂੰ ਲੱਗ ਸਕਣ ਅਤੇ ਉਹ ਲੋਕ ਵੀ ਇਸ ਦੁਨੀਆ ਨੂੰ ਦੇਖ ਸਕਣ। ਇੱਕ ਵਿਅਕਤੀ ਦੀਆਂ ਅੱਖਾਂ ਦੋ ਮਰੀਜ਼ਾਂ ਨੂੰ ਦੁਨੀਆ ਦਿਖਾ ਸਕਦੀਆਂ ਹਨ। ਇਹ ਅੱਖਾਂ ਹਰ ਕੋਈ ਦਾਨ ਕਰ ਸਕਦਾ ਹੈ ਭਾਵੇਂ ਅੱਖਾਂ ਦਾ ਅਪਰੇਸ਼ਨ ਹੋਇਆ ਹੋਵੇ। ਛੋਟੀ ਉਮਰ ਤੋਂ ਲੈ ਕੇ ਵੱਡੀ ਉਮਰ ਤੱਕ ਇਹ ਅੱਖਾਂ ਦਾਨ ਕੀਤੀਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਜਿਹੜੇ ਬੰਦੇ ਦੀ ਮੌਤ ਹਲਕਾਅ, ਐਚਆਈਵੀ ਪੋਜੇਟਿਵ ਜਾਂ ਕੈਂਸਰ ਨਾਲ ਹੋਈ ਹੋਵੇ ਉਹ ਅੱਖਾਂ ਦਾਨ ਨਹੀਂ ਕਰ ਸਕਦਾ। ਸਾਨੂੰ ਸਾਰਿਆਂ ਨੂੰ ਅੱਖਾਂ ਦਾਨ ਕਰਨ ਦੀ ਪ੍ਰਿਤ ਪਾਉਣੀ ਚਾਹੀਦੀ ਹੈ ਉਨ੍ਹਾਂ ਦੱਸਿਆ ਕਿ ਇਨਸਾਨ ਦੇ ਮਰਨ ਤੋਂ ਬਾਅਦ ਉਸ ਦੀਆਂ ਅੱਖਾਂ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਜਾਂ ਫਿਰ ਪਾਣੀ ਨਾਲ ਭਿਓਂ ਕੇ ਕਪੜੇ ਦੇ ਪੀਸ ਅੱਖਾਂ ਉੱਤੇ ਰੱਖ ਦੇਣੇ ਚਾਹੀਦੇ ਹਨ ਤਾਂ ਕਿ ਕੋਰਨੀਆਂ ਸੁੱਕ ਨਾ ਜਾਣ। ਉਹਨਾਂ ਕਿਹਾ ਕਿ ਮਰਨ ਤੋਂ ਛੇ ਘੰਟੇ ਦੇ ਅੰਦਰ ਅੱਖਾਂ ਦਾਨ ਕੀਤੀਆਂ ਜਾ ਸਕਦੀਆਂ ਹਨ। ਇਸ ਮੌਕੇ ਡਾਕਟਰ ਜਸਵੰਤ ਸਿੰਘ ਥਿੰਦ ਐਸਐਮਓ,ਡਾਕਟਰ ਜਸਬੀਰ ਕੌਰ, ਡਾਕਟਰ ਮਨਜੀਤ ਕੌਰ, ਅਵਤਾਰ ਸਿੰਘ, ਡਾਕਟਰ ਬਲਜਿੰਦਰ ਸਿੰਘ, ਨੀਲਮ, ਕਮਲਜੀਤ, ਸਰਵਣ ਸਿੰਘ, ਤਰਨਦੀਪ ਕੌਰ, ਰੁਪਿੰਦਰ, ਜਸਜੀਤ ਕੌਰ ਅਵਤਾਰ ਸਿੰਘ ਰੇਡੀਓਗ੍ਰਾਫਰ ਸਮੇਤ ਹਸਪਤਾਲ ਦਾ ਸਟਾਫ ਹਾਜਰ ਸੀ ।

# ਖਾਲਸਾ ਕਾਲਜ ਦੀਆਂ ਦੋ ਵਿਦਿਆਰਥਣਾਂ 'ਵਰਸਿਟੀ ਦੀ ਮੈਰਿਟ ਸੂਚੀ 'ਚ



**ਮਾਹਿਲਪੁਰ, - (ਸਫਰੀ)**ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਨਤੀਜਿਆਂ ਵਿੱਚ ਖੇਤਰ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਐੱਮਐੱਸਸੀ ਕੈਮਿਸਟਰੀ ਕੋਰਸ ਦੇ ਸਮੈਸਟਰ ਦੂਜਾ ਦੀਆਂ ਦੋ ਵਿਦਿਆਰਥਣਾਂ ਨੇ ਪੰਜਾਬ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿੱਚ ਅੱਠਵਾਂ ਤੇ ਦਸਵਾਂ ਸਥਾਨ ਹਾਸਿਲ ਕਰਕੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ ਹੈ। ਕਾਲਜ ਦੇ ਪ੍ਰਿੰ. ਡਾ. ਜਸਪਾਲ ਸਿੰਘ ਅਤੇ ਕੈਮਿਸਟਰੀ ਵਿਭਾਗ ਦੇ ਮੁੱਖੀ ਪ੍ਰੋ. ਵਿਕਰਾਂਤ ਰਾਣਾ ਨੇ ਦੱਸਿਆ ਕਿ ਐੱਮਐੱਸਸੀ ਕੈਮਿਸਟਰੀ ਦੇ ਸਮੈਸਟਰ ਦੂਜਾ ਦੇ ਨਤੀਜੇ ਵਿੱਚ ਵਿਦਿਆਰਥਣ ਮਾਨਸੀ ਸ਼ਰਮਾ ਨੇ 86 ਫੀਸਦੀ ਅੰਕ ਹਾਸਿਲ ਕਰਕੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿੱਚੋਂ ਅੱਠਵੀਂ ਪੁਜੀਸ਼ਨ ਹਾਸਿਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਵਿਦਿਆਰਥਣ ਸ਼ੀਤਲ ਨੇ 84.8 ਫੀਸਦੀ ਅੰਕਾਂ ਨਾਲ ਯੂਨੀਵਰਸਿਟੀ ਮੈਰਿਟ ਵਿੱਚ ਦਸਵੀਂ ਪੁਜੀਸ਼ਨ ਪ੍ਰਾਪਤ ਕੀਤੀ ਹੈ ਅਤੇ ਨਰਿੰਦਰ ਕੌਰ ਨੇ 77 ਫੀਸਦੀ ਅੰਕਾਂ ਨਾਲ ਕਾਲਜ ਵਿੱਚੋਂ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਸ ਮੌਕੇ ਪ੍ਰਿੰ. ਡਾ. ਜਸਪਾਲ ਸਿੰਘ ਸਮੇਤ ਕੈਮਿਸਟਰੀ ਵਿਭਾਗ ਦੇ ਸਮੂਹ ਅਧਿਆਪਕਾਂ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਚੰਗੀ ਕਾਰਗੁਜ਼ਾਰੀ ਲਈ ਮੁਬਾਰਕਬਾਦ ਦਿੱਤੀ ਅਤੇ ਹੋਰ ਮਿਹਨਤ ਲਈ ਪ੍ਰੇਰਿਤ ਕੀਤਾ।

# ਪ੍ਰੀ-ਰਿਕਰੂਟਮੈਂਟ ਟ੍ਰੇਨਿੰਗ ਕੇਡਰ ਪਹਿਲੀ ਤੋਂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਕਮਾਂਡਰ ਬਲਜਿੰਦਰ ਸਿੰਘ ਵਿਰਕ (ਸੇਵਾਮੁਕਤ) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੇ ਉਲੀਕੇ ਗਏ ਪ੍ਰੋਗਰਾਮ ਤਹਿਤ ਰਾਜ ਦੇ ਹਰ ਵਰਗ ਦੇ ਨੌਜਵਾਨਾਂ ਲਈ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਹੁਸ਼ਿਆਰਪੁਰ ਵਿਖੇ ਇਕ ਪ੍ਰੀ-ਰਿਕਰੂਟਮੈਂਟ ਟ੍ਰੇਨਿੰਗ ਕੇਡਰ 1 ਸਤੰਬਰ 2023 ਤੋਂ ਸ਼ੁਰੂ ਹੋ ਰਿਹਾ ਹੈ, ਜਿਸ ਵਿਚ ਨੌਜਵਾਨਾਂ ਨੂੰ ਆਰਮੀ, ਨੇਵੀ, ਏਅਰ ਫੋਰਸ ਤੋਂ ਇਲਾਵਾ ਬੀ.ਐਸ.ਐਫ., ਸੀ.ਆਰ.ਪੀ.ਐਫ., ਆਈ.ਟੀ.ਬੀ.ਪੀ.,ਸੀ.ਆਈ.ਐਸ.ਐਫ. ਅਤੇ ਪੰਜਾਬ ਪੁਲਸ ਵਿਚ ਭਰਤੀ ਦੀ ਟ੍ਰੇਨਿੰਗ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਚਾਹਵਾਨ ਉਮੀਦਵਾਰ ਆਪਣੇ ਅਸਲ ਵਿਦਿਅਕ ਯੋਗਤਾ ਸਰਟੀਫਿਕੇਟ, ਉਮਰ ਦਾ ਸਬੂਤ, ਐਸ.ਸੀ./ਐਸ.ਟੀ. ਸਰਟੀਫਿਕੇਟ, ਰਿਹਾਇਸ਼ੀ ਸਰਟੀਫਿਕੇਟ ਅਤੇ ਸਾਬਕਾ ਸੈਨਿਕ ਦੇ ਆਸ਼ਰਿਤ ਹੋਣ ਦੀ ਸੂਰਤ ਵਿਚ ਡਿਸਚਾਰਜ ਬੁੱਕ ਜਾਂ ਰਿਲੇਸ਼ਨਸ਼ਿਪ ਸਰਟੀਫਿਕੇਟ ਦੀ ਕਾਪੀ ਨਾਲ ਲੈ ਕੇ ਆਉਣ ਅਤੇ ਆਪਣਾ ਨਾਂਅ ਰਜਿਸਟਰ ਕਰਵਾਉਣ।

# ਜੁਗਾੜੂ ਰੇਹੜੇ ਵਾਲਿਆਂ ਨੇ ਬਣਾਈ ਜ਼ਿਲ੍ਹਾ ਪੱਧਰੀ ਯੂਨੀਅਨ, ਹਿੱਤਾਂ ਦੀ ਕਰੇਗੀ ਪਹਿਰੇਦਾਰੀ



**ਨਵਾਂਸ਼ਹਿਰ ( ਮਨੋਜ ਲਾਡੀ )** ਜੁਗਾੜੂ ਰੇਹੜੇ ਵਾਲਿਆਂ ਨੇ ਨਵਾਂਸ਼ਹਿਰ ਵਿਖੇ ਜ਼ਿਲ੍ਹਾ ਪੱਧਰੀ ਇਕੱਠ ਕਰਕੇ ਜੁਗਾੜੂ ਰੇਹੜਾ ਯੂਨੀਅਨ (ਇਫਟੂ) ਸ਼ਹੀਦ ਭਗਤ ਸਿੰਘ ਨਗਰ ਨਾਂਅ ਦੀ ਜਥੇਬੰਦੀ ਦਾ ਗਠਨ ਕੀਤਾ ਹੈ। 23 ਮੈਂਬਰੀ ਜ਼ਿਲ੍ਹਾ ਕਾਰਜਕਾਰਨੀ ਬਣਾ ਕੇ ਜ਼ਿਲ੍ਹਾ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਹੈ ਜਿਸ ਵਿਚ ਜੇਮਸ ਮਸੀਹ ਨਿੱਕੂ ਨੂੰ ਪ੍ਰਧਾਨ, ਰਾਕੇਸ਼ ਨੂੰ ਮੀਤ ਪ੍ਰਧਾਨ, ਤਿਲਕ ਰਾਜ ਰਾਹੋਂ ਸਕੱਤਰ, ਜਸਪਾਲ ਨਵਾਂਸ਼ਹਿਰ ਸਹਾਇਕ ਸਕੱਤਰ, ਮੁਨੀਸ਼ ਕੁਮਾਰ ਨੂੰ ਪ੍ਰੈਸ ਸਕੱਤਰ ,ਦਲਜੀਤ ਕੁਮਾਰ, ਅੰਮ੍ਰਿਤ ਪਾਸਵਾਨ ਅਤੇ ਬੀਰ ਬਹਾਦਰ ਨਵਾਂਸ਼ਹਿਰ ਨੂੰ ਖਜਾਨਚੀ ਚੁਣਿਆ ਹੈ। ਕਾਰਜਕਾਰਨੀ ਕਮੇਟੀ ਵਿਚ ਸੋਨੂੰ, ਰਾਮੂੰ ,ਬਲਦੇਵ ਰਾਜ,ਬਿਕਰਮ ਬੰਗਾ, ਰਾਜੂ ਕਰਿਆਮ,ਅਲੀ ਕਬਾੜੀਆ,ਸੁਰੇਸ਼, ਗੁਲਸ਼ਨ,ਮੁਕੇਸ਼ ਬਰਨਾਲਾ, ਸਾਦਿਕ, ਬੰਟੀ, ਰਾਮਾ ਸ਼ੰਕਰ, ਹਰ ਪ੍ਰਸ਼ਾਦ, ਨਰੇਸ਼ ਕੁਮਾਰ, ਰਾਮ ਸ਼ਰਨ ਬਰਨਾਲਾ ਸ਼ਾਮਲ ਹਨ। ਜਥੇਬੰਦੀ ਜੁਗਾੜੂ ਰੇਹੜਾ ਚਾਲਕਾਂ ਦੇ ਹਿੱਤਾਂ ਦੀ ਪਹਿਰੇਦਾਰੀ ਕਰੇਗੀ ਅਤੇ ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨ (ਇਫਟੂ) ਨਾਲ ਮਿਲਕੇ ਚੱਲੇਗੀ। ਆਗੂਆਂ ਨੇ ਕਿਹਾ ਕਿ ਜੁਗਾੜੂ ਰੇਹੜਾ ਚਾਲਕ ਛੋਟੇ ਮੋਟੇ ਕੰਮ ਕਰਕੇ ਆਪਣੇ ਪਰਵਾਰ ਦਾ ਪੇਟ ਪਾਲਦੇ ਹਨ। ਕੋਈ ਕਵਾੜ ਦਾ ਕੰਮ ਕਰਦਾ ਹੈ,ਕੋਈ ਸਬਜੀ ਵੇਚਦਾ ਹੈ,ਕੋਈ ਕੱਪੜਾ ਵੇਚਣ ਅਤੇ ਮੁਨਿਆਰੀ ਦਾ ਕੰਮ ਕਰਦਾ ਹੈ। ਰਸੋਈ ਗੈਸ ਏਜੰਸੀਆਂ ਵੀ ਜੁਗਾੜੂ ਰੇਹੜਿਆਂ ਰਾਹੀਂ ਘਰਾਂ ਵਿਚ ਗੈਸ ਸਿਲੰਡਰ ਸਪਲਾਈ ਕਰਦੀਆਂ ਹਨ। ਇਹ ਛੋਟੀ ਮੋਟੀ ਢੋਆ-ਢੁਆਈ ਕਰਦੇ ਹਨ। ਇਹਨਾਂ ਦਾ ਸਰਕਾਰ ਉੱਤੇ ਕੋਈ ਬੋਝ ਨਹੀਂ ਹੈ।



ਪੰਜਾਬ ਐਗਰੋ ਦੇ ਚੇਅਰਮੈਨ ਅਤੇ ਲੋਕ ਸਭਾ ਇੰਚਾਰਜ ਜਲੰਧਰ ਦੇ ਮੰਗਲ ਸਿੰਘ ਬਾਸੀ ਨੇ ਰਾਜ ਸਭਾ ਮੈਂਬਰ ਅਤੇ ਆਪ ਦੇ ਸੰਗਠਨ ਦੇ ਮਹਾਂਮੰਤਰੀ ਸੰਦੀਪ ਪਾਠਕ ਨਾਲ ਦਿੱਲੀ 'ਚ ਮੁਲਾਕਾਤ ਕੀਤੀ। ਉਨ੍ਹਾ ਜਲੰਧਰ ਦੇ ਮੁੱਦਿਆਂ 'ਤੇ ਅਹਿਮ ਗੱਲਬਾਤ ਕੀਤੀ।